# ਅਰਦਾਸ

ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੋੁਲਾਨ ॥
ਸਾਧ ਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ ॥ (੧੨੦੩)

ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ ॥ ਤੁਧੁਨੋ ਸਭ ਧਿਆਇਦੀ ਸਭ ਲਗੈ ਤੇਰੀ ਪਾਈ ॥
ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲੰਘਾਈ ॥
ਗੁਰਮੁਖਾ ਨੋ ਫਲੁ ਪਾਇਦਾ ਸਚਿ ਨਾਮਿ ਸਮਾਈ ॥
ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ ॥ (੩੦੧)

## ਅੰਗ ੧੩੯੬ = ਸਵਈਏ ਮਹਲੇ ਚਉਥੇ ਕੇ ੪ ੧ੴ ਸਤਿਗੁਰ ਪ੍ਰਸਾਦਿ ॥

ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥ ਗੁਰ ਪ੍ਰਸਾਦਿ, ਹਰਿ ਗੁਣ ਸਦ ਗਾਵਉ ॥ (ਮੈਂ) ਇਕਾਗਰ ਮਨ ਕਰਕੇ ਮਾਇਆ ਤੋਂ ਰਹਿਤ ਪੂਰਨ ਪੁਰਖ ਕਰਤਾਰ ਨੂੰ ਧਿਆਵਾਂ। ਗੁਰੂ ਦੀ ਕਿਰਪਾ ਨਾਲ ਸਦਾ ਹੀ ਹਰੀ ਦੇ ਗੁਣ ਗਾਉਂਦਾ ਰਹਾਂ।

ਗੁਨ ਗਾਵਤ ਮਨਿ ਹੋਇ ਬਿਗਾਸਾ ॥ ਸਤਿਗੁਰ ਪੂਰਿ ਜਨਹ ਕੀ ਆਸਾ ॥ ਗੁਣ ਗਾਉਂਦਿਆਂ ਮਨ ਵਿਚ ਅਨੰਦ ਹੋਵੇ। ਹੇ ਸੱਤਗੁਰੂ! ਦਾਸਾਂ ਦੀਆ (ਇਹ) ਆਸਾਂ ਪੂਰੀਆਂ ਕਰ (ਤਾਂ ਕਿ ਅਸੀਂ ਗੁਣ ਗਾਉਂਦੇ ਰਹੀਏ)।

ਸਤਿਗੁਰੁ ਸੇਵਿ ਪਰਮ ਪਦੁ ਪਾਯਉ ॥ ਅਬਿਨਾਸੀ ਅਬਿਗਤ ਧਿਆਯਉ ॥ (ਜਿਸ ਗੁਰੂ ਰਾਮਦਾਸ ਜੀ ਨੇ) ਸੱਤਗੁਰੂ ਅਮਰਦਾਸ ਜੀ ਨੂੰ ਸੇਵ (ਪੂਜ) ਕੇ ਪਰਮ ਪਦ (ਉਚੀ ਆਤਮਕ ਪਦਵੀ) ਪ੍ਰਾਪਤ ਕੀਤੀ ਹੈ। (ਅਤੇ ਆਪ ਜੀ ਨੇ) ਨਾਸ਼ ਰਹਿਤ ਅਵਿਅਕਤ (ਅਦ੍ਰਿਸਟ) ਵਾਹਿਗੁਰੂ ਨੂੰ ਧਿਆਇਆ ਹੈ।

ਤਿਸੁ ਭੇਟੇ ਦਾਰਿਦ੍ਰੁ ਨ ਚੰਪੈ ॥ ਕਲ੍ਯ੍ਯ ਸਹਾਰੁ ਤਾਸੁ ਗੁਣ ਜੰਪੈ ॥ ਉਸ (ਗੁਰੂ ਰਾਮਦਾਸ ਜੀ ਨੂੰ) ਮਿਲਿਆਂ ਗਰੀਬੀ ਨਹੀ ਚਿੰਬੜਦੀ। ਕਲ੍ਯ ਸਹਾਰ ਉਸ (ਗੁਰੂ ਰਾਮ ਦਾਸ ਜੀ ਦੇ) ਗੁਣ ਜਪਦਾ (ਗਾਉਂਦਾ) ਹੈ।

ਜੰਪਉ ਗੁਣ ਬਿਮਲ ਸੁਜਨ ਜਨ ਕੇਰੇ, ਅਮਿਅ ਨਾਮ ਜਾਕਉ ਫੁਰਿਆ ॥ ਇਨਿ ਸਤਿਗੁਰੁ ਸੇਵਿ ਸਬਦ ਰਸੁ ਪਾਯਾ, ਨਾਮੁ ਨਿਰੰਜਨ ਉਰਿ ਧਰਿਆ ॥ (ਹੇ ਭਾਈ!) ਮੈਂ ਦਾਸਾਂ ਦੇ ਹਿਤਕਾਰੀ ਗੁਰੂ ਰਾਮ ਦਾਸ ਜੀ ਦੇ ਨਿਰਮਲ ਗੁਣ ਜਪਦਾ (ਗਾਉਂਦਾ) ਹਾਂ, ਜਿਨ੍ਹਾਂ ਨੂੰ ਅਮ੍ਰਿਤ ਨਾਮ ਪ੍ਰਗਟ ਹੋਇਆ। ਇਸ (ਗੁਰੂ ਰਾਮਦਾਸ ਜੀ) ਨੇ ਸੱਤਗੁਰੂ (ਅਮਰਦਾਸ ਜੀ) ਨੂੰ ਸੇਵ ਕੇ ਸ਼ਬਦ ਦਾ ਅਨੰਦ ਪ੍ਰਾਪਤ ਕੀਤਾ ਹੈ ਅਤੇ ਵਾਹਿਗੁਰੂ ਦੇ ਨਾਮ ਨੂੰ ਹਿਰਦੇ ਵਿਚ ਟਿਕਾਇਆ ਹੈ।

ਹਰਿ ਨਾਮ ਰਸਿਕੁ, ਗੋਬਿੰਦ ਗੁਣ ਗਾਹਕੁ, ਚਾਹਕੁ ਤਤ ਸਮਤ ਸਰੇ ॥ ਕਵਿ ਕਲ੍ਯ ਠਕੁਰ ਹਰਦਾਸ ਤਨੇ, ਗੁਰ ਰਾਮ ਦਾਸ ਸਰ ਅਭਰ ਭਰੇ ॥੧॥ (ਗੁਰੂ ਰਾਮ ਦਾਸ ਜੀ) ਹਰੀ ਨਾਮ ਦੇ ਰਸੀਏ, ਗੋਬਿੰਦ ਦੇ ਗੁਣਾਂ ਦੇ ਗਾਹਕ (ਖ੍ਰੀਦਣ ਜਾਂ ਗ੍ਰਹਿਣ ਕਰਨ ਵਾਲੇ) ਹਨ, ਤੱਤ ਸਰੂਪ ਹਰੀ ਨੂੰ ਸਾਰਿਆਂ ਵਿਚ ਇਕ ਸਮਾਨ ਦੇਖਣ ਵਾਲੇ ਹਨ (ਟਕਸਾਲ; ਸੰ. ਸ.) ਹਰੀ ਦਾ ਚਾਹੁਣ ਵਾਲਾ ਅਤੇ ਸਮਤਾ ਦਾ ਚਸ਼ਮਾ ਹੈ (ਸ਼ਬਦਾਰਥ; ਦਰਪਣ)। ਕੱਲ ਕਵੀ ਜੀ ਆਖਦੇ ਹਨ ਕਿ ਠਾਕਰ ਹਰਦਾਸ ਜੀ ਦੇ ਪੁਤ੍ਰ ਗੁਰੂ ਰਾਮਦਾਸ ਜੀ, (ਨਾਮ ਤੋਂ) ਖਾਲੀ ਹਿਰਦੇ ਰੂਪ ਸਰੋਵਰਾਂ ਨੂੰ ਨਾਮ ਜਲ ਨਾਲ ਭਰਨ ਵਾਲੇ ਹਨ; ਗੁਣਾਂ ਤੋਂ ਖਾਲੀ ਹਿਰਦੇ ਸਰੋਵਰਾਂ ਨੂੰ ਗੁਣਾਂ ਨਾਲ ਭਰਨ ਵਾਲੇ ਹਨ)।੧।

ਪਦਾਰਥ = ਇਕ ਮਨਿ-ਇਕਾਗਰ ਮਨ ਨਾਲ। ਨਿਰੰਜਨ-ਮਾਇਆ ਤੋਂ ਰਹਿਤ ਪ੍ਰਭੂ। ਧਿਆਵਉ-ਮੈਂ ਧਿਆਵਾਂ। ਗੁਰ ਪ੍ਰਸਾਦਿ-ਗੁਰੂ ਦੀ ਕ੍ਰਿਪਾ ਨਾਲ। ਸਦ-ਸਦਾ। ਗਾਵਉ-ਮੈਂ ਗਾਉਂਦਾ ਰਹਾਂ। ਗਾਵਤ-ਗਾਉਂਦਿਆਂ। ਮਨਿ-ਮਨ ਵਿਚ। ਬਿਗਾਸਾ-ਅਨੰਦ; ਖਿੜਾਉ। ਸਤਿਗੁਰ -ਹੇ ਸਤਿਗੁਰੂ ਰਾਮਦਾਸ ਜੀ!। ਪੂਰਿ-ਪੂਰੀ ਕਰ। ਜਨਹ-ਦਾਸਾਂ ਦੀ। ਸੇਵਿ-ਸੇਵ (ਪੂਜ) ਕੇ। ਪਰਮ ਪਦ-ਸਭ ਤੋਂ ਉਚੀ ਪਦਵੀ; ਉਚੀ ਆਤਮ ਅਵਸਥਾ। ਅਬਿਨਾਸੀ-ਨਾਸ਼ ਰਹਿਤ ਹਰੀ। ਅਬਿਗਤ-ਅਦ੍ਰਿਸਟ (ਅਵਿਅਕਤ) ਹਰੀ। ਭੇਟੇ-ਮਿਲਣ (ਦਰਸ਼ਨ ਕਰਨ) ਨਾਲ। ਦਾਰਿਦ੍ਰ-ਗਰੀਬੀ। ਨ ਚੰਪੈ-ਨਹੀਂ ਚਿੰਬੜਦੀ; ਦਬਾਉਂਦੀ ਨਹੀ। ਕਲ੍ਯ ਸਹਾਰੁ-ਭੱਟ ਦਾ ਨਾਮ। ਤਾਸੁ-ਉਸ। ਜੰਪੈ-ਜਪਦਾ (ਗਾਉਂਦਾ) ਹੈ। ਬਿਮਲ-ਨਿਰਮਲ; ਪਵਿਤ੍ਰ। ਸੁਜਨ-ਸ੍ਰਜਨ-ਪਿਆਰਾ; ਹਿਤਕਾਰੀ। ਕੇਰੇ-ਦੇ। ਅਮਿਅ-(ਅਮਿਆ ਪੜ੍ਹਨਾ ਅਸ਼ੁੱਧ ਹੈ) ਅੰਮ੍ਰਿਤ। ਜਾ ਕਉ-ਜਿਸ ਨੂੰ। ਫੁਰਿਆ-ਪ੍ਰਗਟ ਜਾਂ ਅਨੁਭਵ ਹੋਇਆ (ਸਹਿਜ ਸੁਭਾਵ ਨਾਮ ਦਾ ਪ੍ਰਵਾਹ ਚੱਲਣ ਲਗ ਪਿਆ)। ਇਨਿ-ਇਸ ਨੇ। ਸਬਦ ਰਸੁ-ਸ਼ਬਦ ਦਾ ਅਨੰਦ। ਉਰਿ-ਰਿਦੇ ਵਿਚ। ਧਰਿਆ-ਟਿਕਾਇਆ। ਰਸਿਕੁ-ਰਸੀਆ; ਪ੍ਰੇਮੀ। ਗਾਹਕੁ -ਖ੍ਰੀਦਣ ਵਾਲਾ; ਗ੍ਰਹਿਣ ਕਰਨ ਵਾਲਾ। ਚਾਹਕੁ-ਚਾਹੁਣ ਵਾਲਾ; ਦੇਖਣ ਵਾਲਾ। ਤਤ-ਹਰੀ। ਸਮਤ-(ਸਮੱਤ ਨਾ ਬੋਲੋ) ਸਮ ਦ੍ਰਿਸਟੀ;

ਇਕੋ ਜਿਹਾ ਦੇਖਣਾ।ਸਰੇ-ਸਾਰੇ; ਸਰੋਵਰ।ਕਵਿ ਕਲੵ-ਕਵੀ ਕਲੵ ਭੱਟ ਦਾ ਨਾਮ।ਠਕੁਰ-ਆਦਰ ਦਾ ਪਦ ਹੈ; ਖਾਨਦਾਨੀ ਅੱਲ।ਹਰਦਾਸ-ਗੁਰੂ ਰਾਮਦਾਸ ਜੀ ਦੇ ਪਿਤਾ ਜੀ ਦਾ ਨਾਮ।ਤਨੇ-ਪੁਤ੍ਰ।ਸਰ-ਸਰੋਵਰ।ਅਭਰ-(ਅ-ਭਰ ਬੋਲੋ) ਨਾ ਭਰੇ ਹੋਏ (ਖਾਲੀ)।ਭਰੇ-ਭਰਨ ਵਾਲੇ।੧।ਪੁਰਾਤਨ ਗੁਰ ਬਾਣੀ ਟਕਸਾਲਾਂ ਨੇ ਕਲੵ ਅਤੇ ਕਲ ਸਹਾਰ ਦੋ ਜੁਦੇ ਜੁਦੇ ਭੱਟ ਮੰਨੇ ਹਨ।ਪ੍ਰੋ: ਸਾਹਿਬ ਸਿੰਘ ਅਤੇ ਉਨ੍ਹਾਂ ਦੀ ਸ਼੍ਰੇਣੀ ਦੇ ਹੁਣ ਦੇ ਟੀਕਾਕਾਰ ਇਕ ਭੱਟ ਦੇ ਹੀ ਦੋ ਨਾਮ ਮੰਨਦੇ ਹਨ।ਮਹਾਨ ਕੋਸ਼ ਨੇ ਵੀ ਕਲੵ ਅਤੇ ਕਲ ਸਹਾਰ ਦੋ ਵਖਰੇ ਨਾਮ ਦੇ ਭੱਟ ਮੰਨੇ ਹਨ।

ਵਿਆਖਿਆ = ਕਰਤਾਰ ਨੂੰ ਮਨ ਇਕਾਗਰ ਕਰਕੇ ਸਿਮਰਨ ਨਾਲ ਅਨੰਦ ਪ੍ਰਾਪਤ ਹੁੰਦਾ ਹੈ।ਇਹ ਅਵਸਥਾ ਗੁਰੂ ਜੀ ਦੀ ਮੇਹਰ ਨਾਲ ਮਿਲਦੀ ਹੈ, ਅਤੇ ਸਾਰੀ ਗਰੀਬੀ ਦੂਰ ਹੋ ਜਾਂਦੀ ਹੈ।ਜਿਸਦਾ ਮਾਲਕ ਗੁਰੂ ਰਾਮਦਾਸ ਇੰਨੀਆਂ ਬਰਕਤਾਂ ਵਾਲਾ ਹੋਵੇ, ਉਸ ਦਾ ਸੇਵਕ ਨੰਗਾ ਭੁੱਖਾ ਨਹੀ ਰਹਿ ਸਕਦਾ ਹੈ।ਗੁਰੂ ਅਮਰਦਾਸ ਜੀ ਦੀ ਸੇਵਾ ਕਰਕੇ ਉਚੀ ਪਦਵੀ ਤੇ ਸਸ਼ੋਭਤ ਹੋਏ ਹਨ।ਗੁਰੂ ਰਾਮਦਾਸ ਜੀ ਖਾਲੀ ਦਿਲਾਂ ਨੂੰ ਭਰ ਦੇਂਦੇ ਹਨ।੧।

ਛੁਟਤ ਪਰਵਾਹ ਅਮਿਅ ਅਮਰਾਪਦ, ਅੰਮ੍ਰਿਤ ਸਰੋਵਰ ਸਦ ਭਰਿਆ ॥ ਤੇ ਪੀਵਹਿ ਸੰਤ ਕਰਹਿ ਮਨਿ ਮਜਨੁ, ਪੁਬ ਜਿਨਹੁ ਸੇਵਾ ਕਰੀਆ ॥ (ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ) ਅਮਰ ਪਦਵੀ ਦੇਣ ਵਾਲੇ (ਕਥਾ ਕੀਰਤਨ ਤੇ ਨਾਮ) ਅੰਮ੍ਰਿਤ ਦਾ ਪ੍ਰਵਾਹ ਛੁੱਟ (ਚਲ) ਰਿਹਾ ਹੈ ਅਤੇ (ਹਿਰਦਾ ਜਾਂ ਸੱਤ ਸੰਗਤ ਜਾਂ ਪ੍ਰਤੱਖ) ਸਰੋਵਰ ਅੰਮ੍ਰਿਤ ਨਾਲ ਸਦਾ ਭਰਿਆ ਰਹਿੰਦਾ ਹੈ।ਉਹ ਸੰਤ ਜਨ (ਨਾਮ ਅੰਮ੍ਰਿਤ) ਪੀਂਦੇ ਹਨ ਅਤੇ ਮਨ ਕਰਕੇ ਇਸ਼ਨਾਨ ਕਰਦੇ ਹਨ, ਜਿਨ੍ਹਾਂ ਨੇ ਪਿਛਲੇ ਜਨਮ ਵਿਚ ਕੁਛ ਸੇਵਾ ਕੀਤੀ ਹੈ।

ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ, ਸਬਦ ਮਾਤ੍ਰ ਤੇ ਉਧਰ ਧਰੇ ॥ ਉਨ੍ਹਾਂ (ਸੰਤਾਂ ਦਾ ਗੁਰੂ ਰਾਮਦਾਸ ਜੀ ਨੇ ਜਨਮ ਮਰਨ ਦਾ) ਭੈ ਦੂਰ ਕਰਕੇ ਨਿਰਭੈ ਪਦਵੀ ਬਖਸ਼ ਦਿਤੀ, ਕੇਵਲ ਸਬਦ ਮਾਤ੍ਰ ਨਾਲ ਹੀ ਧਰਤੀ ਤੋਂ ਉਧਾਰ ਕਰ ਦਿਤਾ (ਸੰ.ਸ.; ਟਕਸਾਲ); ਕੇਵਲ ਨਾਮ ਬਾਣੀ ਦੇ ਆਸਰੇ ਹੀ ਉਧਾਰ ਦਿਤਾ।

ਕਵਿ ਕਲੵ ਠਕੁਰ ਹਰਦਾਸ ਤਨੇ, ਗੁਰ ਰਾਮਦਾਸ ਸਰ ਅਭਰ ਭਰੇ ॥੨॥ (ਅਰਥ ਉਪਰ ਹੋ ਚੁੱਕੇ ਹਨ)।

ਪਦਾਰਥ = ਛੁਟਤ-ਛੁਟਦਾ; ਚਲਦਾ ਹੈ।ਅਮਿਅ-ਅੰਮ੍ਰਿਤ (ਨਾਮ) ਦਾ।ਅਮਰਾ ਪਦ-ਅਟੱਲ (ਮੁਕਤ) ਪਦਵੀ।ਸਦ-ਸਦਾ।ਤੇ-ਉਹ ।ਪੀਵਹਿ-ਪੀਂਦੇ ਹਨ।ਮਜਨੁ-ਸ਼ਨਾਨ।ਪੁਬ-ਪਹਿਲੇ ਜਨਮ ਵਿਚ।ਜਿਨਹੁ-ਜਿਨ੍ਹਾਂ ਨੇ।ਕਰੀਆ-ਕੀਤੀ ਹੈ।ਤਿਨ-ਉਨ੍ਹਾਂ ਦਾ।ਭਉ-ਡਰ।ਨਿਵਾਰਿ-ਦੂਰ ਕਰਕੇ।ਅਨਭੈ ਪਦ ਦੀਨਾ-ਨਿਰਭੈ ਪਦਵੀ ਬਖਸ਼ ਦਿਤੀ।ਸਬਦ ਮਾਤ੍ਰ-ਕੇਵਲ ਸ਼ਬਦ ਨਾਲ, ਉਪਦੇਸ਼ ਮਾਤ੍ਰ ਨਾਲ ।ਉਧਰ ਧਰੇ-ਉਧਾਰ ਦਿਤਾ; ਧਰਤੀ ਤੋਂ ਉਧਾਰ ਦਿਤਾ; (ਨਾਮ ਦੇ) ਆਸਰੇ ਨਾਲ ਉਧਾਰ ਦਿਤਾ।੨।

ਵਿਆਖਿਆ = ਗੁਰੂ ਰਾਮਦਾਸ ਜੀ ਅੰਮ੍ਰਿਤ ਦਾ ਸਰੋਵਰ ਹਨ, ਉਨ੍ਹਾਂ ਤੋਂ ਨਾਮ ਬਾਣੀ ਦੇ ਅੰਮ੍ਰਿਤ ਦਾ ਪ੍ਰਵਾਹ ਚਲਦਾ ਰਹਿੰਦਾ ਹੈ।ਉਹ ਅਪਣੀ ਅੰਮ੍ਰਿਤ ਮਈ ਨਜਰ ਨਾਲ ਜਿਸ ਵਲ ਦੇਖਦੇ ਹਨ, ਉਹ ਅਮਰ ਪਦਵੀ ਪਾ ਲੈਂਦਾ ਹੈ।ਗੁਰੂ ਜੀ ਦਾ ਤਿਆਰ ਕੀਤਾ ਸਰੋਵਰ ਅਮ੍ਰਿਤ ਦਾ ਕੁੰਡ ਹੈ, ਇਸ ਵਿਚੋਂ ਉਹ ਅੰਮ੍ਰਿਤ ਪੀਂਦੇ ਹਨ ਅਤੇ ਮਨ ਕਰਕੇ ਇਸ਼ਨਾਨ ਕਰਦੇ ਹਨ ਜਿਨ੍ਹਾਂ ਨੇ ਪੂਰਬਲੇ ਜਨਮ ਵਿਚ ਕੋਈ ਸੇਵਾ ਕੀਤੀ ਹੋਈ ਹੈ ਭਾਵ ਜਿਨ੍ਹਾਂ ਨੇ ਪਹਿਲੇ ਜਨਮ ਵਿਚ ਕੁਝ ਸੇਵਾ ਕੀਤੀ, ਉਹ ਹੁਣ ਨਾਮ ਅੰਮ੍ਰਿਤ ਪੀਣ ਅਤੇ ਸਰੋਵਰ ਵਿਚ ਇਸ਼ਨਾਨ ਕਰਨ ਦੇ ਯੋਗ ਹੋ ਗਏ।ਗੁਰੂ ਜੀ ਨੇ ਉਨ੍ਹਾਂ ਦਾ ਭੈ ਦੂਰ ਕਰਕੇ ਨਿਰਭੈ ਕਰ ਦਿਤਾ।ਹੋਰ ਸਾਧਨ ਕਰਨ ਦੀ ਹੁਣ ਲੋੜ ਨਹੀ ਕੇਵਲ ਸਬਦ ਮਾਤ੍ਰ ਨਾਲ ਹੀ ਸੰਸਾਰ ਸਾਗਰ ਤੋਂ ਤਰ ਗਏ।੨।

ਸਤਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ, ਆਤਮੁ ਰੰਗਿ ਚਲੂਲੁ ਭਯਾ ॥ (ਗੁਰੂ ਰਾਮਦਾਸ ਜੀ ਦੀ) ਸਮਝ ਡੂੰਘੀ ਹੈ ਅਤੇ ਆਪ ਜੀ ਦੀ ਸੱਤ ਸੰਗਤ ਵੀ ਪਵਿਤ੍ਰ ਹੈ, (ਗੁਰੂ ਜੀ ਦੀ) ਆਤਮਾ ਹਰੀ ਦੇ ਪ੍ਰੇਮ ਵਿਚ ਗੂੜ੍ਹੀ ਲਾਲ ਹੋ ਗਈ ਹੈ (ਸ਼ਬਦਾਰਥ; ਦਰਪਣ); ਗੂੜੀ ਮੱਤ ਵਾਲੇ ਸੱਤਗੁਰੂ (ਅਮਰਦਾਸ ਦੀ) ਨਿਰਮਲ ਸੱਤ ਸੰਗਤ ਤੋਂ (ਗੁਰੂ ਰਾਮਦਾਸ ਜੀ ਦੀ) ਆਤਮਾ ਨੂੰ ਗੂੜ੍ਹਾ ਲਾਲ ਰੰਗ ਚੜ੍ਹ ਗਿਆ ਹੈ (ਆਤਮਾ ਨਾਮ ਦੇ ਗੂੜ੍ਹੇ ਲਾਲ ਰੰਗ ਵਿਚ ਰੰਗੀ ਹੋਈ ਹੈ ਭਾਵ ਆਤਮਾ ਬਹੁਤ ਨਿਰਮਲ ਸੁੰਦਰ ਹੋ ਗਈ ਹੈ)।

ਜਾਗ੍ਯ੍ਯਾ ਮਨੁ ਕਵਲੁ ਸਹਜਿ ਪਰਕਾਸ੍ਯ੍ਯਾ, ਅਭੈ ਨਿਰੰਜਨੁ ਘਰਹਿ ਲਹਾ ॥ (ਗੁਰੂ ਰਾਮਦਾਸ ਜੀ ਦਾ) ਮਨ ਜਾਗਿਆ ਹੋਇਆ ਹੈ, ਹਿਰਦਾ ਕੰਵਲ ਸੁਤੇ ਹੀ ਖਿੜ ਗਿਆ ਹੈ, (ਗੁਰੂ ਅਮਰਦਾਸ ਜੀ ਨੂੰ ਸੇਵਾ ਨਾਲ ਖੁਸ਼ ਕਰਕੇ) ਮਾਇਆ ਰਹਿਤ ਨਿਰਭਉ ਹਰੀ ਨੂੰ ਹਿਰਦੇ ਘਰ ਵਿਚੋਂ ਹੀ ਲੱਭ ਲਿਆ; (ਮਾਇਆ ਦੇ ਮੋਹ ਦੀ ਨੀਂਦ ਵਿਚੋਂ ਗੁਰੂ ਦੇ ਸਿੱਖਾਂ ਦਾ) ਮਨ ਜਾਗ ਪਿਆ ਹੈ, ਹਿਰਦਾ ਸਹਿਜ ਸੁਭਾ ਹੀ ਖਿੜ ਗਿਆ, (ਅਤੇ ਗੁਰੂ ਦੀ ਕ੍ਰਿਪਾ ਨਾਲ ਸਿੱਖਾਂ ਨੇ) ਨਿਰਭੈ ਹਰੀ ਨੂੰ ਘਰ (ਗ੍ਰਹਿਸਥ) ਵਿਚ ਰਹਿ ਕੇ ਹੀ ਲੱਭ ਲਿਆ ਹੈ (ਪਰ ਪਹਿਲੇ ਅਰਥ ਠੀਕ ਹਨ)।

ਅੰਗ ੧੩੯੭ = ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜ੍ਹਾਯਾ, ਤਿਸੁ ਪ੍ਰਸਾਦਿ ਵਸਿ ਪੰਚ ਕਰੇ ॥ ਕਵਿ ਕਲੵ ਠਕੁਰ ਹਰਦਾਸ ਤਨੇ, ਗੁਰ ਰਾਮਦਾਸ ਸਰ ਅਭਰ ਭਰੇ ॥੩॥ ਸੱਤਗੁਰੂ (ਅਮਰਦਾਸ ਜੀ ਨੇ) ਦਿਆਲ ਹੋ ਕੇ (ਗੁਰੂ ਰਾਮਦਾਸ ਜੀ ਨੂੰ) ਹਰੀ ਦਾ ਨਾਮ ਦ੍ਰਿੜ ਕਰਾ

ਦਿਤਾ ਹੈ, ਉਸ (ਗੁਰੂ ਅਮਰਦਾਸ) ਦੀ ਕਿਰਪਾ ਨਾਲ ਪੰਜ ਕਾਮਾਦਿਕ ਕਾਬੂ ਕਰ ਲਏ। (ਬਾਕੀ ਅਰਥ ਪਿਛੇ ਹੋ ਚੁਕੇ ਹਨ)।੩।

ਪਦਾਰਥ = ਮਤਿ ਗੁੜ-ਡੂਘੀ ਮੱਤ ਵਾਲਾ। ਬਿਮਲ-ਮਲ ਰਹਿਤ (ਪਵਿਤ੍ਰ)। ਰੰਗਿ-ਪ੍ਰੇਮ ਵਿਚ; ਰੰਗੀ ਹੋਈ ਹੈ। ਚਲੂਲੁ-ਗੂੜ੍ਹਾ ਲਾਲ ਰੰਗ (ਨਾਮ ਦਾ ਰੰਗ); ਮਨ ਦੀ ਕਾਲਖ ਦੂਰ ਹੋ ਕੇ ਨਿਰਮਲ (ਪਵਿਤ੍ਰ) ਹੋਣਾ। ਭਯਾ-(ਭਇਆ ਬੋਲੋ) ਹੋ ਗਿਆ। ਜਾਗ੍ਯਾ-(ਜਾਗਿਆ ਪੜ੍ਹੋ) ਜਾਗਿਆ ਹੋਇਆ ਹੈ। ਕਵਲੁ-ਹਿਰਦਾ। ਪਰਕਾਸ੍ਯਾ-(ਪਰਕਾਸਿਆ ਬੋਲੋ) ਖਿੜ ਗਿਆ। ਅਭੈ-ਭੈ ਰਹਿਤ; ਨਿਰਭਉ। ਨਿਰੰਜਨੁ-ਮਾਇਆ ਰਹਿਤ ਪ੍ਰਭੂ। ਘਰਹਿ-ਹਿਰਦੇ ਘਰ; ਗ੍ਰਹਿਸਥ ਵਿਚੋਂ। ਲਹਾ-ਲੱਭ ਲਿਆ। ਦਯਾਲਿ ਸਤਿਗੁਰਿ-ਸਤਿਗੁਰੂ ਅਮਰ ਦਾਸ ਜੀ ਨੇ ਦਿਆਲ ਹੋ ਕੇ; ਦਇਆ ਕਰਨ ਵਾਲੇ ਸਤਿਗੁਰੂ ਨੇ। ਦ੍ਰਿੜਾਯਾ-(ਦ੍ਰਿੜਾਇਆ ਬੋਲੋ) ਮਨ ਵਿਚ ਪੱਕੀ ਤਰ੍ਹਾਂ ਬਿਠਾ ਦਿਤਾ। ਤਿਸੁ ਪ੍ਰਸਾਦਿ -ਉਸ ਦੀ ਕ੍ਰਿਪਾ ਨਾਲ। ਵਸਿ-ਕਾਬੂ ਵਿਚ। ਪੰਚ-ਕਾਮਾਦਿਕ। ਕਰੇ-ਕਰ ਲਏ ਹਨ।੩।

ਵਿਆਖਿਆ = ਕਵੀ ਕਲ੍ਯ ਜੀ ਅਪਣਾ ਨਿਜੀ ਤਜਰਬਾ ਦਸਦੇ ਹਨ, ਕਿ ਅਸੀਂ ਜੋ ਵੇਦ ਸ਼ਾਸਤ੍ਰ ਪੜ੍ਹੇ ਜਾਂ ਜਪੀ ਤਪੀ ਸਾਧੂਆਂ ਤੋਂ ਜੋ ਸਿਖਿਆ ਹੈ, ਉਸ ਨਾਲੋਂ ਗੁਰੂ ਜੀ ਦਾ ਸਿਧਾਂਤ ਬਹੁਤ ਡੂੰਘਾ ਭਾਵ ਧੁਰ ਤੋਂ ਆਇਆ ਹੈ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਦੀ ਆਤਮਾ ਨੂੰ ਪ੍ਰੇਮ ਦਾ ਗੂੜ੍ਹਾ ਰੰਗ ਚੜ੍ਹਾ ਦਿਤਾ ਹੈ। ਗੁਰੂ ਦੀ ਕਿਰਪਾ ਨਾਲ ਮਨ ਮਾਯਾ ਦੀ ਨੀਂਦ ਵਿਚੋਂ ਜਾਗ ਪਿਆ ਤੇ ਹਿਰਦਾ ਕਮਲ ਖਿੜ ਗਿਆ ਹੈ।੩।

ਅਨਭਉ ਉਨਮਾਨਿ ਅਕਲ ਲਿਵ ਲਾਗੀ, ਪਾਰਸੁ ਭੇਟਿਆ ਸਹਜ ਘਰੇ ॥ (ਗੁਰੂ ਰਾਮਦਾਸ ਨੂੰ) ਸੁਤੇ ਹੀ ਘਰ ਵਿਚ ਪਾਰਸ (ਗੁਰੂ ਅਮਰ ਦਾਸ ਜੀ) ਮਿਲਿਆ ਤਾਂ ਕਰਤਾਰ ਵਿਚ ਬ੍ਰਿਤੀ ਜੁੜ ਗਈ ਹੈ ਅਤੇ ਉਨਮਨ ਅਵਸਥਾ ਦਾ ਗਿਆਨ ਪ੍ਰਾਪਤ ਹੋਇਆ (ਭਾ: ਵੀਰ ਸਿੰਘ); ਅਨੁਭਵ ਸਰੂਪ (ਜਾਂ ਯਥਾਰਥ ਗਿਆਨ) ਦਾ ਵਿਚਾਰ ਕਰਨ ਨਾਲ (ਗੁਰੂ ਰਾਮਦਾਸ ਜੀ ਦੀ) ਕਰਤਾਰ ਨਾਲ ਲਿਵ ਲਗੀ ਹੈ, ਅਤੇ ਪਾਰਸ ਰੂਪ ਗੁਰੂ ਅਮਰ ਦਾਸ ਜੀ ਸੁਤੇ ਹੀ ਘਰ ਵਿਚ ਮਿਲੇ ਹਨ (ਫ. ਸ.)।

ਸਤਗੁਰ ਪਰਸਾਦਿ ਪਰਮ ਪਦੁ ਪਾਯਾ, ਭਗਤਿ ਭਾਇ ਭੰਡਾਰ ਭਰੇ ॥ ਸੱਤਗੁਰੂ (ਅਮਰਦਾਸ ਜੀ ਦੀ) ਕਿਰਪਾ ਨਾਲ (ਆਪ ਜੀ ਨੇ) ਪਰਮ ਪਦ ਪ੍ਰਾਪਤ ਕਰ ਲਿਆ ਹੈ, ਅਤੇ ਅੰਤਹਕਰਣ ਰੂਪ ਭੰਡਾਰੇ ਪ੍ਰੇਮਾ ਭਗਤੀ ਨਾਲ ਭਰੇ ਪਏ ਹਨ।

ਮੇਟਿਆ ਜਨਮਾਂਤ ਮਰਣ ਭਉ ਭਾਗਾ, ਚਿਤੁ ਲਾਗਾ ਸੰਤੋਖ ਸਰੇ ॥ ਆਪ ਜੀ ਨੇ ਜਨਮ ਮਰਣ ਮੇਟ ਲਿਆ ਅਤੇ ਮੌਤ ਦਾ ਡਰ ਵੀ ਭੱਜ ਗਿਆ ਹੈ ਅਤੇ ਸੰਤੋਖ ਦੇ ਸਰੋਵਰ ਹਰੀ ਵਿਚ ਚਿਤ ਲਗ ਗਿਆ ਹੈ; ਉਨ੍ਹਾਂ ਸਿੱਖਾਂ ਨੇ ਆਪਣਾ ਜਨਮ ਮਰਣ ਮੇਟ ਲਿਆ ਅਤੇ ਮੌਤ ਦਾ ਡਰ ਵੀ ਭੱਜ ਗਿਆ ਜਿਨ੍ਹਾਂ ਦਾ ਚਿਤ ਸੰਤੋਖ ਦੇ ਸਰੋਵਰ ਗੁਰੂ ਰਾਮਦਾਸ ਨਾਲ ਜੁੜਿਆ ਹੋਇਆ ਹੈ।

ਕਵਿ ਕਲ੍ਯ ਠਕੁਰ ਹਰਦਾਸ ਤਨੇ, ਗੁਰ ਰਾਮਦਾਸ ਸਰ ਅਭਰ ਭਰੇ ॥੪॥ ਕਵੀ ਕਲ੍ਯ ਜੀ ਆਖਦੇ ਹਨ ਕਿ ਠਾਕਰ ਹਰਦਾਸ ਜੀ ਦੇ ਪੁਤ੍ਰ ਗੁਰੂ ਰਾਮਦਾਸ ਜੀ ਨੇ (ਨਾਮ ਤੋਂ) ਖਾਲੀ ਦਿਲ ਰੂਪ ਸਰੋਵਰ ਨਾਮ ਜਲ ਨਾਲ ਭਰ ਦਿਤੇ ਹਨ।੪।

ਪਦਾਰਥ = ਅਨਭਉ-ਆਤਮ ਗਿਆਨ; ਭੈ ਰਹਿਤ; ਦੂਜਾ ਭਾਉ; ਅਨੁਭਵੀ (ਸੁਤੇ ਹੋਇਆ) ਗਿਆਨ; ਕਰਤਾਰ। ਉਨਮਾਨਿ-ਵਿਚਾਰ ਕਰਕੇ; ਉਨਤ ਮਨ ਦੁਆਰਾ। ਅਕਲ-ਕਲਾ ਰਹਿਤ ਨਿਰਗੁਣ ਹਰੀ। ਪਾਰਸੁ-ਪਾਰਸ ਰੂਪ ਗੁਰੂ ਅਮਰਦਾਸ ਜੀ। ਭੇਟਿਆ-ਮਿਲਿਆ। ਸਹਜ ਘਰੇ-ਸੁਤੇ ਹੀ ਘਰ ਵਿਚ; ਸਹਿਜ ਅਵਸਥਾ ਵਿਚ। ਸਤਗੁਰ ਪਰਸਾਦਿ-ਸਤਿਗੁਰੂ ਦੀ ਕ੍ਰਿਪਾ ਨਾਲ। ਪਰਮ ਪਦੁ-ਉਚੀ ਆਤਮਕ ਅਵਸਥਾ; ਤੁਰੀਆ ਪਦ। ਭਗਤਿ ਭਾਇ-ਪ੍ਰੇਮਾ ਭਗਤੀ। ਜਨਮਾਂਤ-ਜਨਮ ਅਤੇ ਇਸਦਾ ਅੰਤ ਭਾਵ ਮੌਤ। ਭਉ-ਡਰ। ਭਾਗਾ-ਦੌੜ ਗਿਆ। ਸੰਤੋਖ ਸਰੇ-ਸੰਤੋਖ (ਸ਼ਾਂਤੀ) ਦਾ ਸਰੋਵਰ। ਕਵਿ ਕਲ੍ਯ-ਕਲ੍ਯ ਕਵੀ। ਹਰਦਾਸ ਤਨੇ-ਹਰਦਾਸ ਜੀ ਦੇ ਪੁਤਰ ਗੁਰੂ ਰਾਮਦਾਸ ਜੀ। ਸਰ-ਸਰੋਵਰ। ਅਭਰ-ਨਾ ਭਰੇ ਹੋਏ ਭਾਵ ਖਾਲੀ। ਭਰੇ-ਭਰ ਦਿਤੇ।੪।

ਵਿਆਖਿਆ = ਗੁਰੂ ਰਾਮਦਾਸ ਜੀ ਨੂੰ ਸੁਤੇ ਘਰ ਵਿਚ ਹੀ ਗੁਰੂ ਅਮਰਦਾਸ ਜੀ ਪ੍ਰਾਪਤ ਹੋ ਗਏ, ਜਦੋਂ ਬੀਬੀ ਭਾਨੀ ਜੀ ਨਾਲ ਵਿਆਹ ਹੋਇਆ। ਆਪ ਜੀ ਨੇ ਸਾਕਾਦਾਰੀ ਤੋਂ ਉਪਰ ਉਠ ਕੇ ਇਕ ਨਿਮਾਣੇ ਸਿੱਖ ਵਜੋਂ ਸੇਵਾ ਕੀਤੀ, ਜਿਸ ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਆਪ ਜੀ ਨੂੰ ਗੁਰਿਆਈ ਗੱਦੀ ਦੇ ਦਿਤੀ। ਜਿਨ੍ਹਾਂ ਦੀ ਕਿਰਪਾ ਨਾਲ ਆਪ ਜੀ ਦੀ ਬ੍ਰਿਤੀ ਇਕ ਰਸ ਵਾਹਿਗੁਰੂ ਵਿਚ ਜੁੜ ਗਈ। ਭਗਤੀ, ਪ੍ਰੇਮ ਅਤੇ ਦੈਵੀ ਗੁਣਾਂ ਦੇ ਆਪ ਖਜਾਨੇ ਹਨ, ਜਿਸ ਵਿਚੋਂ ਸਿਖ ਸੰਗਤਾਂ ਨੂੰ ਖੁਲ੍ਹੇ ਗੱਫੇ ਵਰਤਾਉਂਦੇ ਰਹਿੰਦੇ ਹਨ। ਗਰੀਬਾਂ ਨੂੰ ਸ਼ਾਹ ਬਣਾ ਦਿਤਾ। ਜਨਮ ਮਰਣ ਦਾ ਡਰ ਆਪ ਪਾਸੋਂ ਭੱਜ ਗਿਆ।੪।

ਅਭਰ ਭਰੇ ਪਾਯਉ ਅਪਾਰੁ, ਰਿਦ ਅੰਤਰਿ ਧਾਰਿਓ ॥ (ਗੁਰੂ ਰਾਮਦਾਸ ਜੀ ਨੇ) ਖਾਲੀ ਹਿਰਦੇ (ਦੈਵੀ ਗੁਣਾਂ ਨਾਲ) ਭਰ ਦਿਤੇ, (ਆਪ ਜੀ ਨੇ) ਬੇਅੰਤ ਹਰੀ ਨੂੰ ਪਾ ਲਿਆ ਹੈ ਅਤੇ ਅਪਣੇ ਹਿਰਦੇ ਅੰਦਰ ਬੇਅੰਤ ਹਰੀ ਨੂੰ ਧਾਰਣ ਕੀਤਾ ਹੈ; ਖਾਲੀ ਹਿਰਦਿਆਂ ਨੂੰ ਭਰਨ ਵਾਲੇ ਬੇਅੰਤ ਹਰੀ ਨੂੰ (ਗੁਰੂ ਰਾਮਦਾਸ ਜੀ ਨੇ) ਪਾ ਲਿਆ ਹੈ ਅਤੇ (ਹਰੀ ਨੂੰ) ਅਪਣੇ ਹਿਰਦੇ ਅੰਦਰ ਟਿਕਾਇਆ ਹੋਇਆ ਹੈ (ਸੰ. ਸ.; ਦਰਪਣ)।

ਦੁਖ ਭੰਜਨੁ ਆਤਮ ਪ੍ਰਬੋਧੁ, ਮਨਿ ਤਤੁ ਬੀਚਾਰਿਓ ॥ ਸਦਾ ਚਾਇ ਹਰਿ ਭਾਇ, ਪ੍ਰੇਮ ਰਸੁ ਆਪੇ ਜਾਣਇ ॥ ਦੁਖਾਂ ਨੂੰ ਨਾਸ ਕਰਨ ਵਾਲਾ ਆਤਮਕ ਗਿਆਨ ਆਪ ਜੀ ਨੂੰ ਪ੍ਰਾਪਤ ਹੋਇਆ ਹੈ, ਮਨ ਵਿਚ ਤੱਤ ਸਰੂਪ ਹਰੀ ਨੂੰ ਵਿਚਾਰਿਆ ਹੈ। (ਗੁਰੂ ਰਾਮਦਾਸ ਨੂੰ)

ਹਰੀ ਦੇ ਪ੍ਰੇਮ ਦਾ ਸਦਾ ਹੀ ਚਾਉ ਚੜ੍ਹਿਆ ਰਹਿੰਦਾ ਹੈ (ਉਸ) ਪ੍ਰੇਮ ਦੇ ਰਸ ਨੂੰ ਆਪ ਹੀ ਜਾਣਦੇ ਹਨ।

ਸਤਗੁਰ ਕੈ ਪਰਸਾਦਿ, ਸਹਜ ਸੇਤੀ ਰੰਗੁ ਮਾਣਇ ॥ ਨਾਨਕ ਪਰਸਾਦਿ ਅੰਗਦ ਸੁਮਤਿ, ਗੁਰਿ ਅਮਰਿ ਅਮਰੁ ਵਰਤਾਇਓ ॥ ਸੱਤਗੁਰੂ (ਅਮਰਦਾਸ) ਦੀ ਕਿਰਪਾ ਦੁਆਰਾ (ਗੁਰੂ ਰਾਮਦਾਸ ਜੀ) ਸਹਿਜ (ਸ਼ਾਂਤੀ) ਨਾਲ ਅਨੰਦ ਮਾਣ ਰਹੇ ਹਨ।ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਅਤੇ ਗੁਰੂ ਅੰਗਦ ਦੇਵ ਜੀ ਦੀ (ਬਖਸ਼ੀ) ਸ੍ਰੇਸਟ ਸਿਖਿਆ ਨਾਲ ਗੁਰੂ ਅਮਰਦਾਸ ਜੀ ਨੇ (ਅਕਾਲ ਪੁਰਖ ਦਾ) ਹੁਕਮ ਵਰਤੋਂ ਵਿਚ ਲਿਆਂਦਾ; ਅਮਰ (ਕਰ ਦੇਣ ਵਾਲਾ ਨਾਮ ਸੰਸਾਰ ਵਿਚ) ਵਰਤਾਇਆ (ਟਕਸਾਲ)।

ਗੁਰ ਰਾਮਦਾਸ ਕਲੁਚਰੈ, ਤੈਂ ਅਟਲ ਅਮਰ ਪਦੁ ਪਾਇਓ ॥੫॥ ਕਲ੍ਹ ਕਵੀ ਜੀ ਉਚਾਰਦੇ ਹਨ ਕਿ ਹੇ ਗੁਰੂ ਰਾਮਦਾਸ ਜੀ! ਤੁਸੀਂ (ਗੁਰੂ ਅਮਰਦਾਸ ਜੀ ਨੂੰ ਖੁਸ਼ ਕਰ ਕੇ) ਸਦਾ ਥਿਰ ਅਬਿਨਾਸ਼ੀ ਪਦਵੀ ਨੂੰ ਪਾਇਆ ਹੈ।੫।

ਪਦਾਰਥ = ਅਭਰ-ਜੋ ਭਰੇ ਹੋਏ ਨਹੀ ਭਾਵ ਖਾਲੀ।ਭਰੇ-ਭਰ ਦਿਤੇ।ਪਾਯਉ-(ਪਾਇਅਉ ਪੜ੍ਹੋ) ਪਾ ਲਿਆ।ਅਪਾਰੁ-ਬੇਅੰਤ ਹਰੀ।ਰਿਦ ਅੰਤਰਿ-ਹਿਰਦੇ ਅੰਦਰ।ਧਾਰਿਓ-ਟਿਕਾਇਆ।ਭੰਜਨੁ-ਨਾਸ਼ ਕਰਨ ਵਾਲਾ।ਆਤਮ ਪ੍ਰਬੋਧੁ-ਕਰਤਾਰ ਦਾ ਗਿਆਨ। ਮਨਿ-ਮਨ ਵਿਚ।ਤਤੁ-(ਜਗਤ ਦਾ ਮੂਲ) ਤੱਤ ਰੂਪ ਹਰੀ।ਚਾਇ-ਚਾਓ।ਭਾਇ-ਪ੍ਰੇਮ।ਰਸੁ-ਅਨੰਦ (ਸੁਆਦ)।ਜਾਣਇ-(ਜਾਣੈ) ਜਾਣਦਾ ਹੈ।ਪਰਸਾਦਿ-ਕ੍ਰਿਪਾ ਨਾਲ।ਸਹਜ ਸੇਤੀ-ਸਹਜ ਨਾਲ।ਰੰਗੁ-ਅਨੰਦ।ਮਾਣਇ-(ਮਾਣੈ) ਮਾਣਦੇ ਹਨ।ਅੰਗਦਿ ਸੁਮਤਿ-ਗੁਰੂ ਅੰਗਦ ਦੇਵ ਜੀ ਦੀ ਉਤਮ ਸਿਖਿਆ ਨਾਲ।ਗੁਰਿ ਅਮਰਿ-ਗੁਰੂ ਅਮਰ ਦਾਸ ਜੀ ਨੇ।ਅਮਰੁ-ਹੁਕਮ; ਅਮਰ ਕਰਨ ਵਾਲਾ ਨਾਮ ।ਵਰਤਾਇਓ-ਵਰਤਾਇਆ; ਕਮਾਇਆ; ਪ੍ਰਚਲਤ ਕੀਤਾ।ਕਲੁਚਰੈ-ਕਲ੍ਹ ਉਚਾਰਨ ਕਰਦਾ ਹੈ (ਕਲ੍ਹ ਭੱਟ ਦਾ ਨਾਮ ਹੈ) ਤੈਂ-ਤੁਸੀਂ ।ਅਟਲ-ਸਦਾ ਕਾਇਮ ਰਹਿਣ ਵਾਲਾ।ਅਮਰ ਪਦੁ-ਅਬਿਨਾਸੀ (ਮੌਤ ਤੋਂ ਰਹਿਤ) ਪਦਵੀ।੫।

ਸੰਤੋਖ ਸਰੋਵਰਿ ਬਸੈ, ਅਮਿਅ ਰਸੁ ਰਸਨ ਪ੍ਰਕਾਸੈ ॥ ਮਿਲਤ ਸਾਂਤਿ ਉਪਜੈ, ਦੁਰਤ ਦੂਰੰਤਰਿ ਨਾਸੈ ॥ (ਹੇ ਗੁਰੂ ਰਾਮਦਾਸ ਜੀ! ਤੁਸੀਂ) ਸੰਤੋਖ ਦੇ ਸਰੋਵਰ ਵਿਚ ਵਸਦੇ ਹੋ ਅਤੇ ਰਸਨਾ ਤੋਂ ਅੰਮ੍ਰਿਤ ਰਸ ਪ੍ਰਗਟ ਕਰ ਰਹੇ ਹੋ (ਰਸ ਮਈ ਨਾਮ ਬਾਣੀ ਉਚਾਰਦੇ ਹਨ)।ਆਪ ਜੀ ਨੂੰ ਮਿਲਿਆਂ (ਦਰਸ਼ਨ ਕਰਨ ਨਾਲ) ਸ਼ਾਂਤੀ ਪੈਦਾ ਹੁੰਦੀ ਹੈ ਅਤੇ ਪਾਪ ਬਹੁਤ ਦੂਰੋਂ ਹੀ ਨੱਸ ਜਾਂਦੇ ਹਨ।

ਸੁਖ ਸਾਗਰੁ ਪਾਇਅਉ ਦਿੰਤੁ, ਹਰਿ ਮਗਿ ਨ ਹੁਟੈ ॥ ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥ (ਗੁਰੂ ਅਮਰਦਾਸ ਜੀ ਦਾ) ਦਿਤਾ ਹੋਇਆ ਸੁੱਖਾਂ ਦਾ ਸਾਗਰ ਹਰੀ ਆਪ ਜੀ ਨੇ ਪਾਇਆ ਹੈ, (ਇਸੇ ਕਰਕੇ) ਹਰੀ ਦੇ (ਨਾਮ) ਮਾਰਗ ਤੇ ਚਲਦੇ ਹੋਏ ਆਪ ਥਕਦੇ ਨਹੀਂ।ਸੰਜਮ, ਸਤ, ਸੰਤੋਖ ਤੇ ਸ਼ਾਂਤ ਸੁਭਾਵ (ਆਦਿ ਗੁਣਾਂ) ਦੀ ਸੰਜੋਅ (ਆਪ ਨੇ ਪਹਿਨੀ ਹੈ ਜੋ ਕਾਮਾਦਿਕ ਵੈਰੀਆਂ ਤੋਂ) ਟੁੱਟਦੀ ਨਹੀ।

ਸਤਿਗੁਰੁ ਪ੍ਰਮਾਣੁ ਬਿਧਨੈ ਸਿਰਿਉ, ਜਗਿ ਜਸ ਤੂਰੁ ਬਜਾਇਅਉ ॥ ਕਰਤਾਰ ਨੇ (ਗੁਰੂ ਰਾਮਦਾਸ ਜੀ ਨੂੰ) ਪ੍ਰਮਾਣੀਕ ਗੁਰੂ ਬਣਾਇਆ ਹੈ ਤੇ ਜਗਤ ਨੇ (ਉਸ ਦੇ) ਜਸ ਦਾ ਵਾਜਾ ਬਜਾਇਆ ਹੈ (ਸ਼ਬਦਾਰਥ); ਬਿਧਾਤੇ ਨੇ ਸੱਤਗੁਰੂ (ਅਮਰਦਾਸ ਜੀ ਦੇ) ਬਰਾਬਰ ਹੀ (ਗੁਰੂ ਰਾਮਦਾਸ ਜੀ ਨੂੰ) ਪੈਦਾ ਕੀਤਾ ਹੈ (ਭਾਵ ਗੁਰੂ ਰਾਮਦਾਸ ਜੀ, ਗੁਰੂ ਅਮਰਦਾਸ ਜੀ ਦਾ ਹੀ ਰੂਪ ਹਨ) ਅਤੇ ਆਪ ਜੀ ਦੇ ਜਸ ਦਾ ਵਾਜਾ ਜਗਤ ਵਿਚ ਬਜਾਇਆ ਹੈ।

ਗੁਰ ਰਾਮਦਾਸ ਕਲੁਚਰੈ, ਤੈ ਅਭੈ ਅਮਰ ਪਦੁ ਪਾਇਅਉ ॥੬॥ ਕਲ੍ਹ ਭੱਟ ਜੀ ਉਚਾਰਦੇ ਹਨ ਕਿ ਹੇ ਸਤਿਗੁਰੂ ਰਾਮਦਾਸ ਜੀ! ਤੁਸੀਂ ਭੈ ਤੋਂ ਰਹਿਤ ਅਬਿਨਾਸੀ ਪਦ ਪ੍ਰਾਪਤ ਕੀਤਾ ਹੈ।੬।

ਪਦਾਰਥ = ਸੰਤੋਖ ਸਰੋਵਰਿ-ਸੰਤੋਖ ਦੇ ਸਰੋਵਰ ਵਿਚ।ਬਸੈ-ਵਸਦਾ ਹੈ।ਅਮਿਅ-ਅੰਮ੍ਰਿਤ।ਪ੍ਰਕਾਸੈ-ਪ੍ਰਗਟ ਕਰਦੇ (ਉਚਾਰਦੇ) ਹਨ। ਮਿਲਤ-ਮਿਲਦਿਆਂ।ਦੁਰਤ-ਪਾਪ।ਦੂਰੰਤਰਿ-ਦੂਰ ਤੋਂ ਦੂਰ (ਬਹੁਤ ਦੂਰ)।ਨਾਸੈ-ਭੱਜ ਜਾਂਦੇ ਹਨ।ਦਿੰਤੁ-ਦਿਤਾ ਹੋਇਆ।ਮਗਿ-ਰਸਤਾ।ਨ ਹੁਟੈ-ਥੱਕਦੇ ਨਹੀ; ਹਟਦੇ ਨਹੀ।ਸੰਜਮੁ-ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਰੋਕ ਰਖਣਾ; ਪ੍ਰਹੇਜ਼।ਸਤੁ-ਨੇਕੀ।ਸੀਲ-ਸ਼ਾਂਤ ਸੁਭਾਵ।ਸੰਨਾਹੁ-ਸੰਜੋਅ।ਮਫੁਟੈ-ਅਟੁੱਟ (ਟੁੱਟਦੀ ਨਹੀ)।ਪ੍ਰਮਾਣੁ-ਪ੍ਰਮਾਣੀਕ; ਬਰਾਬਰ।ਬਿਧਨੈ-ਕਰਤਾਰ ਨੇ।ਸਿਰਿਉ-ਪੈਦਾ ਕੀਤਾ ।ਜਗਿ-ਜਗਤ ਨੇ; ਜਗਤ ਵਿਚ।ਜਸ ਤੂਰੁ-ਸੋਭਾ ਦਾ ਵਾਜਾ।ਤੈ-ਤੂੰ।ਅਭੈ-ਨਿਰਭਉ।ਅਮਰ ਪਦ-ਨਾਸ਼ ਰਹਿਤ ਪਦਵੀ।੬।

ਵਿਆਖਿਆ = ਸੰਤੋਖ ਦਾ ਸਰੋਵਰ ਵਾਹਿਗੁਰੂ ਹੈ, ਜਿਸ ਵਿਚ ਕਲ ਜੀ ਨੇ ਗੁਰੂ ਰਾਮ ਦਾਸ ਜੀ ਵਸਦੇ ਦੱਸੇ ਹਨ।ਮਹਾਂ ਪੁਰਖਾਂ ਵਿਚ ਸਤ ਸੰਤੋਖ ਆਦਿ ਦੈਵੀ ਗੁਣਾਂ ਦਾ ਹੋਣਾ ਵਡੱਪਣ ਦੀ ਜਾਂ ਕਰਤਾਰ ਨਾਲ ਮੇਲ ਹੋਣ ਦੀ ਨਿਸ਼ਾਨੀ ਹੈ।ਆਪ ਜੀ ਮੂਹੋਂ ਅੰਮ੍ਰਿਤ ਬਾਣੀ ਉਚਾਰਦੇ ਹਨ, ਜਿਸ ਨੂੰ ਸੁਣ ਕੇ ਠੰਢ ਪੈਂਦੀ ਹੈ।ਹਰੀ ਨੇ ਐਸਾ ਮੰਨਿਆ ਪ੍ਰਮੰਨਿਆ ਗੁਰੂ ਸਾਜਿਆ ਹੈ, ਜਿਸ ਦੀ ਸੋਭਾ ਦਾ ਬਾਜਾ ਸਾਰਾ ਜਗਤ ਬਜਾ ਰਿਹਾ ਹੈ।੬।

ਜਗੁ ਜਿਤਉ ਸਤਿਗੁਰ ਪ੍ਰਮਾਣਿ, ਮਨਿ ਏਕੁ ਧਿਆਇਯਉ ॥ ਪ੍ਰਮਾਣੀਕ ਸੱਤਗੁਰੂ (ਰਾਮਦਾਸ ਜੀ ਨੇ) ਜਗਤ ਨੂੰ ਜਿਤਿਆ ਹੈ ਅਤੇ ਮਨ ਵਿਚ ਇਕ ਹਰੀ ਨੂੰ ਧਿਆਇਆ ਹੈ (ਸ਼ਬਦਾਰਥ); ਸੱਤਗੁਰੂ (ਅਮਰਦਾਸ ਜੀ) ਵਾਂਗ ਹੀ ਆਪ ਜੀ ਨੇ ਜਗਤ ਜਿਤਿਆ ਹੈ ਅਤੇ ਮਨ ਵਿਚ ਇਕ ਹਰੀ ਨੂੰ ਸਿਮਰਿਆ ਹੈ।

ਧਨਿ ਧਨਿ ਸਤਿਗੁਰ ਅਮਰਦਾਸੁ, ਜਿਨਿ ਨਾਮੁ ਦ੍ਰਿੜਾਯਉ ॥ ਨਵ ਨਿਧਿ ਨਾਮੁ ਨਿਧਾਨੁ, ਰਿਧਿ ਸਿਧਿ ਤਾ ਕੀ ਦਾਸੀ ॥ ਸੱਤਗੁਰੂ ਅਮਰਦਾਸ ਜੀ ਧੰਨ ਧੰਨ ਹਨ, ਜਿਨ੍ਹਾਂ ਨੇ ਆਪ ਜੀ ਨੂੰ ਨਾਮ ਦ੍ਰਿੜ ਕਰਾਇਆ ਹੈ।(ਗੁਰੂ ਰਾਮ ਦਾਸ ਨੂੰ ਪ੍ਰਾਪਤ ਹੋਇਆ ਹਰੀ ਦਾ) ਨਾਮ ਨੌਂ ਨਿਧੀਆਂ ਦਾ ਖਜਾਨਾ ਹੈ ਅਤੇ ਰਿਧੀਆਂ ਸਿਧੀਆਂ ਉਸ (ਗੁਰੂ ਜੀ ਜਾਂ ਨਾਮ) ਦੀਆਂ ਦਾਸੀਆਂ ਹਨ।

ਸਹਜ ਸਰੋਵਰੁ ਮਿਲਿਓ, ਪੁਰਖੁ ਭੇਟਿਓ ਅਬਿਨਾਸੀ ॥ ਆਦਿਲੇ ਭਗਤ ਜਿਤੁ ਲਗਿ ਤਰੇ, ਸੋ ਗੁਰਿ ਨਾਮੁ ਦ੍ਰਿੜਾਇਅਉ ॥ ਸਹਿਜ ਅਵਸਥਾ ਦੇ ਸਰੋਵਰ (ਗੁਰੂ ਅਮਰਦਾਸ ਜੀ ਆਪ ਜੀ ਨੂੰ ਮਿਲੇ ਹਨ, ਜਿਨ੍ਹਾਂ ਦੁਆਰਾ) ਨਾਸ਼ ਰਹਿਤ ਅਕਾਲ ਪੁਰਖ ਆਪ ਜੀ ਨੂੰ ਮਿਲ ਪਏ ਹਨ।ਜਿਸ (ਨਾਮ) ਵਿਚ ਲਗ ਕੇ ਮੁਢਲੇ ਸਮੇਂ ਤੋਂ (ਹੁਣ ਤਕ ਸੰਸਾਰ ਸਾਗਰ ਤੋਂ) ਭਗਤ ਤਰਦੇ ਆਏ ਹਨ, ਉਹ ਨਾਮ ਗੁਰੂ (ਅਮਰਦਾਸ ਜੀ) ਨੇ ਆਪ ਜੀ ਨੂੰ ਦ੍ਰਿੜ ਕਰਾਇਆ ਹੈ।

ਗੁਰ ਰਾਮਦਾਸ ਕਲੁਚਰੈ, ਤੈ ਹਰਿ ਪ੍ਰੇਮ ਪਦਾਰਥੁ ਪਾਇਅਉ ॥੭॥ ਕਲ੍ਯ ਕਵੀ ਜੀ ਆਖਦੇ ਹਨ ਕਿ ਹੇ ਗੁਰੂ ਰਾਮ ਦਾਸ ਜੀ! ਤੁਸੀਂ ਵਾਹਿਗੁਰੂ ਦਾ ਪ੍ਰੇਮ ਪਦਾਰਥ ਪਾ ਲਿਆ ਹੈ।੭।

ਪਦਾਰਥ = ਜਿਤਉ-ਜਿੱਤ ਲਿਆ।ਪ੍ਰਮਾਣਿ-ਪ੍ਰਮਾਣੀਕ; ਬਰਾਬਰ (ਵਾਂਙ)।ਮਨਿ-ਮਨ ਵਿਚ।ਦ੍ਰਿੜਾਯਉ-(ਦ੍ਰਿੜਾਇਅਉ ਬੋਲੋ) ਪੱਕੀ ਤਰ੍ਹਾਂ ਬਿਠਾ ਦਿਤਾ।ਜਿਨਿ-ਜਿਸ ਨੇ।ਨਵ ਨਿਧਿ-ਨੌਂ ਨਿਧੀਆਂ (ਤਰ੍ਹਾਂ ਤਰ੍ਹਾਂ ਦੇ ਸੁੱਖਾਂ ਦੇ ਸਮਾਨ ਜੋ ੯ ਗਿਣੇ ਹਨ ঃ- ੧. ਪਦਮ-ਸੋਨਾ ਚਾਂਦੀ, ੨. ਮਹਾਂ ਪਦਮ-ਜਵਾਹਰਾਤ ਹੀਰੇ ਆਦਿ, ੩. ਸੰਖ-ਸੋਹਣੇ ਸੋਹਣੇ ਖਾਣੇ ਤੇ ਕਪੜੇ, ੪. ਮਕਰ-ਸ਼ਸਤ੍ਰ ਵਿਦਿਆ ਦੀ ਪ੍ਰਾਪਤੀ ਅਤੇ ਰਾਜ ਦਰਬਾਰ ਵਿਚ ਸਨਮਾਨ, ੫. ਕੱਛਪ-ਕਪੜੇ ਦਾਣੇ ਦਾ ਵਪਾਰ, ੬. ਮੁਕੰਦ-ਸੋਨੇ ਚਾਂਦੀ ਦਾ ਵਪਾਰ, ੭. ਨੀਲ-ਮੋਤੀ ਮੂੰਗੇ ਦਾ ਵਪਾਰ, ੮. ਮੁਕੰਦ-ਰਾਗ ਆਦਿ ਕੋਮਲ ਹੁੱਨਰਾਂ ਦੀ ਪ੍ਰਾਪਤੀ, ੯. ਖਰਬ (ਸ਼ਬਦਾਰਥ ਵਿਚੋਂ)।ਰਿਧਿ-ਸੰਪਦਾ; ਉਨਤੀ।ਸਿਧਿ- ਕਰਾਮਾਤੀ ਸ਼ਕਤੀ।ਦਾਸੀ-ਸੇਵਾ ਕਰਨ ਵਾਲੀ (ਫ. ਸ.) ਨੇ ਰਿਧਿ ਸਿਧਿ ਨੂੰ ਨਾਮ ਦੀ ਦਾਸੀ ਲਿਖਿਆ ਹੈ, ਜਦ ਨਾਮ ਬੀ ਗੁਰੂ ਜੀ ਕੋਲ ਹੈ ਤਾਂ ਗੁਰੂ ਜੀ ਦੀ ਦਾਸੀ ਹੀ ਹੋ ਗਈ।ਸਹਜ ਸਰੋਵਰੁ-ਸ਼ਾਂਤੀ (ਜਾਂ ਸਹਿਜ ਅਵਸਥਾ) ਦੇ ਸਰੋਵਰ ਗੁਰੂ ਅਮਰਦਾਸ ਜੀ।ਪੁਰਖੁ -ਅਕਾਲ ਪੁਰਖ।ਅਬਿਨਾਸੀ-ਨਾਸ਼ ਰਹਿਤ।ਭੇਟਿਓ-ਮਿਲ ਪਏ ਹਨ।ਆਦਿਲੇ-ਮੁੱਢਲੇ; ਪਹਿਲਾਂ ਤੋਂ ਲੈ ਕੇ (ਆਦਿਲੇ ਇਕੱਠਾ ਪੜ੍ਹੋ) ।ਜਿਤੁ ਲਗਿ-ਜਿਸ ਨਾਮ ਵਿਚ ਲਗ ਕੇ।ਸੋ-ਉਹ (ਨਾਮ)।ਗੁਰਿ-ਗੁਰੂ ਨੇ।੭।

ਪ੍ਰੇਮ ਭਗਤਿ ਪ੍ਰਵਾਹ, ਪ੍ਰੀਤਿ ਪੁਬਲੀ ਨ ਹੁਟਇ ॥ (ਗੁਰੂ ਰਾਮਦਾਸ ਜੀ ਦੇ ਹਿਰਦੇ ਵਿਚ ਹਰੀ ਦੇ) ਪ੍ਰੇਮ ਅਤੇ ਭਗਤੀ ਦਾ ਪ੍ਰਵਾਹ ਚਲ ਰਿਹਾ ਹੈ ਅਤੇ (ਹਰੀ ਨਾਲ ਜੋ) ਪਹਿਲਾਂ ਵਾਲੀ (ਧੁਰ ਤੋਂ) ਪ੍ਰੀਤ ਹੈ, ਉਹ ਹਟਦੀ (ਰੁਕਦੀ) ਨਹੀ (ਜਾਂ ਗੁਰੂ ਬਣਨ ਤੋਂ ਪਹਿਲਾਂ ਜੋ ਹਰੀ ਨਾਲ ਪ੍ਰੀਤ ਸੀ, ਉਹ ਜਿਹੀ ਹੀ ਪ੍ਰੀਤ ਹੁਣ ਗੁਰੂ ਬਣ ਕੇ ਵੀ ਨਿਭਾ ਰਹੇ ਹਨ, ਪ੍ਰੀਤ ਰੁਕੀ ਜਾਂ ਘਟੀ ਨਹੀ)।

ਸਤਿਗੁਰ ਸਬਦੁ ਅਥਾਹੁ, ਅਮਿਅ ਧਾਰਾ ਰਸੁ ਗੁਟਇ ॥ ਮਤਿ ਮਾਤਾ ਸੰਤੋਖੁ ਪਿਤਾ, ਸਰਿ ਸਹਜ ਸਮਾਯਉ ॥ ਸੱਤਗੁਰੂ (ਅਮਰਦਾਸ ਜੀ) ਦਾ ਜੋ ਅਥਾਹ ਸ਼ਬਦ ਹੈ, (ਉਸ ਸ਼ਬਦ ਦੀ) ਅੰਮ੍ਰਿਤ ਧਾਰਾ ਦਾ ਰਸ (ਗੁਰੂ ਰਾਮਦਾਸ ਜੀ) ਗਟ ਗਟ ਕਰਕੇ (ਅਨੰਦ ਲੈ ਲੈ ਕੇ) ਪੀਂਦੇ ਹਨ।(ਨਿਰੰਕਾਰ ਨੂੰ ਜਪਣ ਵਾਲੀ) ਬੁੱਧੀ (ਗੁਰੂ ਰਾਮਦਾਸ ਜੀ ਦੀ) ਮਾਤਾ ਹੈ (ਚੰਗੀ ਬੁੱਧੀ ਮਾਂ ਕੋਲੋਂ ਹੀ ਸਿੱਖੀ ਜਾਂਦੀ ਹੈ), ਸੰਤੋਖ ਪਿਤਾ ਹੈ {ਮਾਤਾ ਮਤਿ ਪਿਤਾ ਸੰਤੋਖੁ ੧੫੧}, ਸ਼ਾਂਤੀ ਦੇ ਸਰੋਵਰ ਹਰੀ ਵਿਚ ਲੀਨ ਰਹਿੰਦੇ ਹਨ।

ਆਜੋਨੀ ਸੰਭਵਿਅਉ, ਜਗਤੁ ਗੁਰ ਬਚਨਿ ਤਰਾਯਉ ॥ ਅਬਿਗਤ ਅਗੋਚਰੁ ਅਪਰਪਰੁ, ਮਨਿ ਗੁਰ ਸਬਦੁ ਵਸਾਇਅਉ ॥ (ਗੁਰੂ ਰਾਮਦਾਸ ਜੀ) ਜੂਨੀਆਂ ਤੋਂ ਰਹਿਤ ਤੇ ਸੁਤੇ ਪ੍ਰਕਾਸ਼ ਕਰਤਾਰ ਦਾ ਰੂਪ ਹਨ, (ਆਪ ਜੀ ਨੇ) ਜਗਤ ਨੂੰ ਗੁਰੂ (ਅਮਰਦਾਸ ਜੀ ਦੇ) ਬਚਨਾਂ ਦੁਆਰਾ ਤਾਰ ਦਿਤਾ ਹੈ।ਅਵਿਅਕਤ (ਅਦ੍ਰਿਸਟ), ਇੰਦ੍ਰੀਆਂ ਦੀ ਪਹੁੰਚ ਤੋਂ ਪਰੇ, ਸੰਸਾਰ ਤੋਂ ਪਰੇ (ਬੇਅੰਤ) ਨਿਰੰਕਾਰ ਦੀ ਪ੍ਰਾਪਤੀ ਕਰਾਉਣ ਵਾਲੇ ਗੁਰੂ ਦੇ ਸ਼ਬਦ ਨੂੰ (ਗੁਰੂ ਰਾਮਦਾਸ ਜੀ ਨੇ) ਮਨ ਵਿਚ ਵਸਾਇਆ ਹੈ।

ਗੁਰ ਰਾਮਦਾਸ ਕਲੁਚਰੈ, ਤੈ ਜਗਤ ਉਧਾਰਣੁ ਪਾਇਅਉ ॥੮॥ ਕਲ੍ਯ ਭੱਟ ਜੀ ਆਖਦੇ ਹਨ ਕਿ ਹੇ ਗੁਰੂ ਰਾਮਦਾਸ ਜੀ! ਆਪ ਜੀ ਨੇ ਜਗਤ ਦੇ ਤਾਰਨ ਵਾਲੇ ਹਰੀ ਨੂੰ ਪਾਇਆ ਹੈ।੮।

ਪਦਾਰਥ = ਪ੍ਰਵਾਹ-ਵਹਾਓ।ਪੁਬਲੀ-ਪੂਰਬਲੀ (ਪਹਿਲਾਂ ਵਾਲੀ) ਧੁਰ ਤੋਂ।ਨ ਹੁਟਇ-ਹਟਦੀ ਜਾਂ ਰੁਕਦੀ ਨਹੀ।ਅਥਾਹ-ਡੂੰਘਾ; ਬੇਅੰਤ; ਨਾ ਰੁਕਣ ਵਾਲਾ।ਅਮਿਅ-ਅੰਮ੍ਰਿਤ।ਗੁਟਇ-ਗਟ ਗਟ ਦੀ ਆਵਾਜ ਕਰਕੇ ਅਨੰਦ ਨਾਲ ਪੀਂਦੇ ਹਨ।ਮਤਿ-ਬੁੱਧੀ।ਸਰਿ ਸਹਜ-ਸ਼ਾਂਤੀ ਦਾ ਸਰੋਵਰ ਹਰੀ ਵਿਚ।ਸਮਾਯਉ-(ਸਮਾਇਅਉ ਬੋਲੋ) ਲੀਨ ਰਹਿੰਦੇ ਹਨ।ਆਜੋਨੀ-ਜੋਨੀਆਂ ਤੋਂ ਰਹਿਤ ਪ੍ਰਭੂ। ਸੰਭਵਿਅਉ-ਸੈਭੰ-ਆਪਣੇ ਆਪ ਤੋਂ ਪ੍ਰਕਾਸ਼; ਅਪਣੇ ਆਪ ਤੋਂ ਪੈਦਾ ਹੋਇਆ ਹਰੀ।ਅਬਿਗਤ-ਸ਼ਰੀਰ ਤੋਂ ਰਹਿਤ ਅਵਿਅਕਤ ਹਰੀ; ਅਦ੍ਰਿਸਟ।ਅਗੋਚਰ-ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।ਅਪਰਪਰੁ-ਪਰੇ ਤੋਂ ਪਰੇ ਭਾਵ ਬੇਅੰਤ ਵਾਹਿਗੁਰੂ।ਮਨਿ-ਮਨ ਵਿਚ।ਕਲੁਚਰੈ-(ਕੱਲੁ ਉਚਰੈ ਪੜ੍ਹੋ) ਕਲੁ ਭੱਟ ਉਚਾਰਨ ਕਰਦਾ ਹੈ।ਤੈ-ਤੈਂ।ਜਗਤ ਉਧਾਰਨ-ਜਗਤ ਦੇ ਤਾਰਨ ਵਾਲੇ ਹਰੀ ਨੂੰ।੮।

ਵਿਆਖਿਆ = ਗੁਰੂ ਰਾਮ ਦਾਸ ਜੀ ਦੇ ਅੰਦਰ ਪ੍ਰੇਮ ਦਾ ਅਟੁੱਟ ਵਹਾ ਚਲ ਰਿਹਾ ਹੈ, ਇਸ ਪ੍ਰੇਮ ਦਾ ਸੋਮਾ ਗੁਰ ਸ਼ਬਦ ਹੈ ਜੋ ਅਥਾਹ ਹੈ ਭਾਵ ਜੋ ਅਮੁੱਕ ਅਤੇ ਕਦੇ ਨਾ ਰੁਕਣ ਵਾਲਾ ਚਸ਼ਮਾ ਹੈ।ਜਿਸ ਨਾਲ ਆਪ ਜੀ ਦਾ ਪ੍ਰੇਮ ਪੂਰਬਲੇ ਜਨਮ ਤੋਂ ਹੀ ਹੈ, ਹੁਣ ਵੀ

ਘਟਿਆ ਨਹੀ। ਉਤਮ ਬੁੱਧੀ ਅਤੇ ਸੰਤੋਖ ਆਦਿ ਦੈਵੀ ਗੁਣ ਆਪ ਨੇ ਬਚਪਨ ਤੋਂ ਹੀ ਮਾਪਿਆਂ ਤੋਂ ਸਿਖੇ ਹਨ ਜਾਂ ਆਪ ਜੀ ਦੀ ਮਾਤਾ ਜੀ ਨੇ ਆਪ ਨੂੰ ਸ੍ਰੇਸਟ ਬੁੱਧੀ ਬਖਸ਼ੀ ਅਤੇ ਸੰਤੋਖ ਦਾ ਗੁਣ ਪਿਤਾ ਜੀ ਤੋਂ ਲਿਆ ਹੈ। ਜਿਸ ਦੀ ਮਦਦ ਨਾਲ ਆਪ ਜੀ ਦਾ ਮਨ ਬਚਪਨ ਤੋਂ ਹੀ ਪ੍ਰੇਮਾ ਭਗਤੀ ਵਿਚ ਲਗ ਗਿਆ। ਅੰਮ੍ਰਿਤ ਸ਼ਬਦ ਦੀ ਧਾਰਾ ਨੂੰ ਪੀ ਕੇ ਆਪ ਮਸਤ ਰਹਿੰਦੇ ਹਨ। ਨਿਰੰਕਾਰ ਨੂੰ ਮਿਲਾ ਦੇਣ ਵਾਲੇ ਸ਼ਬਦ ਨੂੰ ਆਪ ਨੇ ਮਨ ਵਿਚ ਵਸਾਇਆ ਹੋਇਆ ਹੈ।੮।

ਜਗਤ ਉਧਾਰਣੁ ਨਵ ਨਿਧਾਨੁ, ਭਗਤਹ ਭਵ ਤਾਰਣੁ ॥ ਜਗਤ ਨੂੰ ਤਾਰਨ ਵਾਲਾ ਨੌਂ ਨਿਧੀਆਂ ਦਾ ਖਜਾਨਾ (ਵਾਹਿਗੁਰੂ ਨਾਮ ਗੁਰੂ ਰਾਮਦਾਸ ਜੀ ਕੋਲ ਹੈ), ਜੋ ਭਗਤਾਂ ਨੂੰ ਸੰਸਾਰ ਸਾਗਰ ਤੋਂ ਤਾਰਨ ਵਾਲਾ ਹੈ।

ਅੰਮ੍ਰਿਤ ਬੂੰਦ ਹਰਿ ਨਾਮੁ, ਬਿਸੁ ਕੀ ਬਿਖੈ ਨਿਵਾਰਣੁ = ਹਰੀ ਦਾ ਨਾਮ ਅੰਮ੍ਰਿਤ ਦੀ ਬੂੰਦ ਹੈ, ਜੋ ਵਿਸ਼ਿਆਂ ਦੀ ਵਿਹੁ ਨੂੰ ਦੂਰ ਕਰਨ ਵਾਲਾ ਹੈ {ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਅਟਲੁ ਅਮਰੁ ਨ ਮੁਆ ੬੧੨}; ਮਾਇਆ ਦੀ ਵਿਹੁ ਨੂੰ ਨਾਸ਼ ਕਰਨ ਵਾਲਾ ਹੈ।

ਸਹਜ ਤਰੋਵਰ ਫਲਿਓ, ਗਿਆਨ ਅੰਮ੍ਰਿਤ ਫਲ ਲਾਗੇ ॥ ਗੁਰ ਪ੍ਰਸਾਦਿ ਪਾਈਅਹਿ, ਧੰਨਿ ਤੇ ਜਨ ਬਡ ਭਾਗੇ ॥ (ਗੁਰੂ ਜੀ) ਸ਼ਾਂਤੀ ਦਾ ਦਰੱਖਤ ਹੈ, ਜੋ ਫਲਿਆ ਹੋਇਆ ਹੈ, (ਜਿਸ ਨੂੰ) ਗਿਆਨ ਆਦਿ ਗੁਣਾਂ ਦੇ ਅੰਮ੍ਰਿਤ ਫਲ ਲੱਗੇ ਹੋਏ ਹਨ। ਗੁਰੂ (ਰਾਮਦਾਸ ਜੀ ਦੀ) ਕਿਰਪਾ ਨਾਲ (ਇਹ ਫਲ) ਪ੍ਰਾਪਤ ਹੁੰਦੇ ਹਨ, (ਜਿਨ੍ਹਾਂ ਨੂੰ ਇਹ ਫਲ ਮਿਲੇ ਹਨ) ਉਹ ਮਨੁੱਖ ਵੱਡੇ ਭਾਗਾਂ ਵਾਲੇ ਅਤੇ ਧੰਨ ਹਨ।

ਤੇ ਮੁਕਤੇ ਭਏ ਸਤਿਗੁਰ ਸਬਦਿ, ਮਨਿ ਗੁਰ ਪਰਚਾ ਪਾਇਅਉ ॥ ਉਹ ਮਨੁੱਖ ਸੱਤਗੁਰੂ (ਰਾਮਦਾਸ ਜੀ ਦੇ) ਸ਼ਬਦ ਵਿਚ ਜੁੜ ਕੇ ਮੁਕਤ ਹੋ ਗਏ ਹਨ, ਜਿਨ੍ਹਾਂ ਨੇ ਮਨ ਵਿਚ ਗੁਰੂ ਦਾ ਗਿਆਨ ਪ੍ਰਾਪਤ ਕੀਤਾ ਹੈ; ਜਿਨ੍ਹਾਂ ਨੇ ਅਪਣੇ ਮਨ ਵਿਚ ਗੁਰੂ (ਰਾਮ ਦਾਸ ਜੀ) ਨਾਲ ਪਿਆਰ ਪਾਇਆ ਹੈ।

**ਅੰਗ ੧੩੯੮** = ਗੁਰ ਰਾਮਦਾਸ ਕਲੁਚਰੈ, ਤੈ ਸਬਦ ਨੀਸਾਨੁ ਬਜਾਇਅਉ ॥੯॥ ਕਲ੍ਯ ਜੀ ਆਖਦੇ ਹਨ ਕਿ ਹੇ ਗੁਰੂ ਰਾਮਦਾਸ ਜੀ! ਤੁਸੀਂ (ਜੀਵਾਂ ਨੂੰ ਤਾਰਨ ਲਈ ਸਾਰੇ ਸੰਸਾਰ ਵਿਚ) ਸ਼ਬਦ ਦਾ ਨਗਾਰਾ ਬਜਾ ਦਿਤਾ ਹੈ (ਸਾਰਾ ਜਗਤ ਨਿਰੰਕਾਰ ਦਾ ਜਸ ਕਰਨ ਲਾ ਦਿਤਾ)।੯।

ਪਦਾਰਥ = ਜਗਤ ਉਧਾਰਣੁ–ਜਗਤ ਨੂੰ ਤਾਰਨ ਵਾਲਾ। ਨਵ ਨਿਧਾਨੁ–ਨੌਂ ਨਿਧੀਆਂ ਦਾ ਖਜਾਨਾ। ਭਗਤਹ–ਭਗਤਾਂ ਨੂੰ। ਭਵ ਤਾਰਣੁ–ਸੰਸਾਰ ਸਾਗਰ ਤੋਂ ਤਾਰਨ ਵਾਲਾ। ਬਿਸੁ ਕੀ–ਵਿਹੁ ਦੀ; ਵਿਸ਼ਵ (ਸੰਸਾਰ) ਦੀ। ਬਿਖੈ–ਵਿਸ਼ਿਆਂ ਦੀ। ਨਿਵਾਰਣੁ–ਦੂਰ ਕਰਨ ਵਾਲੀ। ਸਹਜ ਤਰੋਵਰ–ਸ਼ਾਂਤੀ ਦਾ ਬ੍ਰਿਛ। ਫਲਿਓ–ਫਲਿਆ ਹੋਇਆ ਹੈ। ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਪਾਈਅਹਿ–ਪਾਏ ਜਾਂਦੇ ਹਨ; ਪ੍ਰਾਪਤ ਹੁੰਦੇ ਹਨ। ਤੇ ਜਨ–ਉਹ ਮਨੁੱਖ। ਭਏ–ਹੋ ਗਏ ਹਨ। ਸਬਦਿ–ਸ਼ਬਦ ਵਿਚ ਜੁੜ ਕੇ। ਮਨਿ–ਮਨ ਵਿਚ। ਪਰਚਾ–ਪਰੀਚਯ–ਜਾਣਕਾਰੀ; ਗਿਆਨ; ਪ੍ਰੇਮ। ਤੈ–ਤੈਂ। ਸਬਦ ਨੀਸਾਨੁ–ਸ਼ਬਦ ਦਾ ਨਗਾਰਾ।੯।

ਵਿਆਖਿਆ = ਕੋਈ ਮਹਾਂ ਪੁਰਖ ਇਕ ਕੌਮ ਜਾਂ ਕਿਸੇ ਇਕ ਦੇਸ਼ ਜਾਂ ਖਿੱਤੇ ਦੇ ਲੋਕਾਂ ਨੂੰ ਤਾਰਨ ਆਉਂਦਾ ਹੈ, ਪਰ ਗੁਰੂ ਜੀ ਤਾਂ ਸਾਰੇ ਜਗਤ ਦੇ ਲੋਕਾਂ ਦਾ ਉਧਾਰ ਕਰਨ ਆਏ ਹਨ। ਆਪ ਕੋਲ ਅੰਮ੍ਰਿਤ ਨਾਮ ਹੈ ਜੋ ਮਾਇਆ ਅਤੇ ਵਿਕਾਰਾਂ ਦੀ ਜਹਿਰ ਨੂੰ ਦੂਰ ਕਰਦਾ ਹੈ । ਆਪ ਜੀ ਨੇ ਗੁਰਬਾਣੀ ਦੇ ਕੀਰਤਨ ਦਾ ਨਗਾਰਾ ਸਾਰੇ ਸੰਸਾਰ ਵਿਚ ਬਜਾ ਦਿਤਾ, ਜਿਸ ਨੂੰ ਸੁਣ ਕੇ ਲੋਕ ਭਵਜਲ ਤੋਂ ਤਰ ਗਏ।

ਸੇਜ ਸਧਾ ਸਹਜੁ ਛਾਵਾਣੁ, ਸੰਤੋਖੁ ਸਰਾਇਚਉ, ਸਦਾ ਸੀਲ ਸੰਨਾਹੁ ਸੋਹੈ ॥ (ਹੇ ਗੁਰੂ ਰਾਮਦਾਸ ਜੀ! ਆਪ) ਸ਼ਰਧਾ ਦੀ ਸਿਹਜਾ (ਤੇ ਬਿਰਾਜਵਾਨ ਹੋ), ਸਹਿਜ (ਗਿਆਨ; ਸ਼ਾਂਤੀ) ਰੂਪ ਚੰਦੋਆ ਆਪ ਉਤੇ ਤਣਿਆ ਹੋਇਆ ਹੈ, ਸੰਤੋਖ ਰੂਪ ਕਨਾਤ (ਆਲੇ ਦੁਆਲੇ) ਲੱਗੀ ਹੋਈ ਹੈ (ਅਤੇ ਵਿਕਾਰਾਂ ਦੇ ਸਸਤ੍ਰਾਂ ਦੇ ਵਾਰ ਤੋਂ ਬਚਾਓ ਲਈ ਆਪ ਦੇ ਸਰੀਰ ਉਤੇ) ਸਦਾ ਉਤਮ ਸੁਭਾਓ ਦੀ ਸੰਜੋ ਸੋਭ ਰਹੀ ਹੈ। ਸਤਹੁ ਖੇਤੁ ਜਮਾਇਓ, ਸਤਹੁ ਛਾਵਾਣੁ। (੯੬੮)। ਹਰਿ ਹਰਿ ਸਰਧਾ ਸੇਜ ਵਿਛਾਈ। (੮੩੬)

ਗੁਰ ਸਬਦਿ ਸਮਾਚਰਿਓ, ਨਾਮੁ ਟੇਕ ਸੰਗਾਦਿ ਬੋਹੈ ॥ (ਆਪ ਜੀ ਨੇ) ਗੁਰੂ (ਅਮਰਦਾਸ ਜੀ ਦੇ) ਸ਼ਬਦ ਦੁਆਰਾ ਨਾਮ ਸਿਮਰਨ ਦਾ ਅਭਿਆਸ ਕੀਤਾ ਹੈ, ਨਾਮ ਰੂਪ ਟੇਕ ਨਾਲ ਸੰਗੀ ਆਦਿਕਾਂ (ਸਿੱਖ ਸੰਗਤਾਂ) ਨੂੰ ਸੁਗੰਧਤ ਕੀਤਾ ਹੈ।

ਅਜੋਨੀਉ ਭਲ੍ਯ ਅਮਲੁ, ਸਤਿਗੁਰ ਸੰਗਿ ਨਿਵਾਸੁ ॥ ਜੋਨੀਆਂ ਤੋਂ ਰਹਿਤ, ਮਲ ਰਹਿਤ (ਸ਼ੁੱਧ ਸਰੂਪ) ਭੱਲੇ ਵੰਸ਼ ਦੇ ਸੱਤਗੁਰੂ (ਅਮਰ ਦਾਸ) ਜੀ ਨਾਲ (ਆਪ ਜੀ ਦਾ) ਨਿਵਾਸ ਹੈ (ਮ. ਕੋ.; ਟਕਸਾਲ; ਸੰ. ਸ.); (ਗੁਰੂ ਰਾਮਦਾਸ ਜੀ) ਅਜਨਮਾ ਅਤੇ ਭਲਾ ਕਰਮ ਕਰਨ ਵਾਲੇ ਹਨ, ਸਤੱਗੁਰੂ (ਅਮਰਦਾਸ) ਨਾਲ ਵਾਸਾ ਹੈ।

ਗੁਰ ਰਾਮਦਾਸ ਕਲੁਚਰੈ, ਤੁਅ ਸਹਜ ਸਰੋਵਰਿ ਬਾਸੁ ॥੧੦॥ ਕਲ੍ਯ ਜੀ ਉਚਾਰਦੇ ਹਨ (ਹੇ ਗੁਰੂ ਰਾਮਦਾਸ ਜੀ!) ਆਪ ਜੀ ਦਾ ਸਹਜ ਅਵਸਥਾ ਦੇ ਸਰੋਵਰ ਵਿਚ ਵਾਸਾ ਹੈ।੧੦।

ਪਦਾਰਥ = ਸੇਜ–ਸਿਹਜਾ (ਪਲੰਘ)। ਸਧਾ–ਸ਼ਰਧਾ। ਸਹਜੁ–ਸ਼ਾਂਤੀ। ਛਾਵਾਣੁ–ਚੰਦੋਆ। ਸਰਾਇਚਉ–ਕਨਾਤ। ਸੀਲ–ਨਰਮ (ਸਭ ਨਾਲ ਮੇਲ ਜੋਲ ਵਾਲਾ) ਸੁਭਾਵ। ਸੰਨਾਹੁ–ਸੰਜੋਅ (ਲੋਹੇ ਦਾ ਕੁੜਤਾ)। ਸੋਹੈ–ਸੋਭਦਾ ਹੈ। ਸਮਾਚਰਿਓ–ਅਭਿਆਸ ਕੀਤਾ; ਗ੍ਰਹਿਣ ਜਾਂ

ਇਕੱਠਾ ਕੀਤਾ; ਕਮਾਇਆ। ਸੰਗਾਦਿ–ਸੰਗੀ ਆਦਿਕਾਂ ਨੂੰ। ਬੋਹੈ–ਸੁਗੰਧਤ ਕੀਤਾ ਹੈ। ਅਜੋਨੀਉ–ਅਜਨਮਾ; ਜੂਨੀਆਂ ਤੋਂ ਰਹਿਤ। ਭਲੁ–ਉਤਮ (ਭਲਾ); ਭੱਲੇ ਵੰਸ਼ ਦੇ। ਅਮਲੁ–(ਅ–ਮਲੁ ਬੋਲੋ) ਮੈਲ ਤੋਂ ਰਹਿਤ; ਸ਼ੁੱਧ ਸਰੂਪ; ਕਰਮ। ਸੰਗਿ–ਨਾਲ। ਤੁਅ–ਤੇਰਾ। ਸਹਜ ਸਰੋਵਰਿ– ਸਹਿਜ ਅਵਸਥਾ ਦੇ ਸਰੋਵਰ ਵਿਚ; ਗਿਆਨ ਦੇ ਸਮੁੰਦਰ ਵਿਚ। ਬਾਸੁ–ਵਾਸਾ।੧੦।

ਵਿਆਖਿਆ = ਜਿਵੇਂ ਜਗਤ ਵਿਚ ਰਾਜਿਆਂ ਮਹਾਂ ਰਾਜਿਆਂ ਦੇ ਸ਼ਾਹੀ ਠਾਠ ਬਾਠ ਲਈ ਸੁਖ ਦੇਣ ਵਾਲੇ ਸਮਾਨ ਹੁੰਦੇ ਹਨ, ਤਿਵੇਂ ਮਹਾਂ ਪੁਰਖਾਂ ਕੋਲ ਦੈਵੀ ਗੁਣਾਂ ਦੇ ਸਜਾਵਟ ਵਾਲਾ ਸਮਾਨ ਹੁੰਦਾ ਹੈ, ਜੋ ਦੁਨਿਆਵੀ ਬਾਦਸ਼ਾਹਾਂ ਦੇ ਠਾਠ ਬਾਠ ਨਾਲੋਂ ਜਿਆਦਾ ਕੀਮਤੀ ਹੁੰਦਾ ਹੈ। ਇਹ ਦੈਵੀ ਗੁਣ ਸੰਸਾਰੀ ਦੁਕਾਨਾਂ ਤੇ ਨਹੀਂ ਬਿਕਦੇ, ਗੁਰੂ ਦੇ ਬਚਨਾਂ ਤੇ ਅਮਲ ਕਰਕੇ, ਨਾਮ ਜਪ ਕੇ ਮਿਲਦੇ ਹਨ। ਸੰਸਿਆਂ ਵਹਿਮਾਂ ਭਰਮਾਂ ਅਲੋਚਨਾ ਨੂੰ ਸ਼ਰਧਾ ਦਬਾ ਦੇਂਦੀ ਹੈ। ਜਿਵੇਂ ਧੁੱਪ ਤੋਂ ਬਚਾ ਲਈ ਸ਼ਮਿਆਨਾ ਹੁੰਦਾ ਹੈ ਤਿਵੇਂ ਵਿਕਾਰਾਂ ਦੀ ਤਪਸ਼ ਦੇ ਬਚਾਓ ਤੋਂ ਗੁਰੂ ਜੀ ਦੇ ਉਤੇ ਸਹਿਜ ਦਾ ਚੰਦੋਆ ਤਣਿਆ ਹੈ। ਤ੍ਰਿਸ਼ਨਾ ਦੀਆਂ ਤਰੰਗਾਂ ਤੋਂ ਪਰਦਾ ਕਰਨ ਲਈ ਸੰਤੋਖ ਦੀ ਕਨਾਤ ਲਾਈ ਹੋਈ ਹੈ। ਸਿਖ ਸੰਗਤਾਂ ਦੀ ਫੌਜ ਨੂੰ ਨਾਮ ਦੀ ਟੇਕ ਦੇਂਦੇ ਹਨ ਅਤੇ ਵਿਕਾਰਾਂ ਦੇ ਵੈਰੀਆਂ ਦੇ ਵਾਰ ਤੋਂ ਬਚਾਓ ਲਈ ਆਪ ਨੇ ਸਦੀਵੀ ਸ਼ਾਂਤ ਸੁਭਾਵ ਦਾ ਕਵੱਚ ਪਹਿਨ ਰਖਿਆ ਹੈ। ਗੁਰੂ ਅਮਰਦਾਸ ਜੀ ਨਾਲ ਆਪ ਦਾ ਆਤਮਕ ਮੇਲ ਹੈ। ਇਸ ਤਰ੍ਹਾਂ ਆਪ ਬਾਦਸ਼ਾਹਾਂ ਦੇ ਬਾਦਸ਼ਾਹ ਹਨ।੧੦।

ਗੁਰੁ ਜਿਨ੍ ਕਉ ਸੁਪ੍ਰਸੰਨੁ, ਨਾਮੁ ਹਰਿ ਰਿਦੈ ਨਿਵਾਸੈ ॥ ਜਿਨ੍ ਕਉ ਗੁਰੁ ਸੁਪ੍ਰਸੰਨੁ, ਦੁਰਤੁ ਦੂਰੰਤਰਿ ਨਾਸੈ ॥ ਜਿਨ੍ਹਾਂ ਮਨੁੱਖਾਂ ਉਪਰ ਗੁਰੂ (ਰਾਮਦਾਸ ਜੀ) ਚੰਗੀ ਤਰ੍ਹਾਂ ਪ੍ਰਸੰਨ ਹੁੰਦੇ ਹਨ, ਉਨ੍ਹਾਂ ਦੇ ਹਿਰਦੇ ਵਿਚ ਹਰੀ ਦਾ ਨਾਮ ਵਸ ਜਾਂਦਾ ਹੈ; ਵਸਾ ਦੇਂਦੇ ਹਨ। ਜਿਨ੍ਹਾਂ ਮਨੁੱਖਾਂ ਉਪਰ ਗੁਰੂ (ਰਾਮਦਾਸ) ਜੀ ਚੰਗੀ ਤਰ੍ਹਾਂ ਪ੍ਰਸੰਨ ਹੁੰਦੇ ਹਨ, ਉਨ੍ਹਾਂ ਤੋਂ ਪਾਪ ਦੂਰੋਂ ਹੀ ਭੱਜ ਜਾਂਦਾ ਹੈ।

ਗੁਰੁ ਜਿਨ੍ ਕਉ ਸੁਪ੍ਰਸੰਨੁ, ਮਾਨੁ ਅਭਿਮਾਨੁ ਨਿਵਾਰੈ ॥ ਗੁਰੂ ਜੀ ਜਿਨ੍ਹਾਂ ਮਨੁੱਖਾਂ ਉਪਰ ਭਲੀ ਪ੍ਰਕਾਰ ਪ੍ਰਸੰਨ ਹੁੰਦੇ ਹਨ, (ਉਨ੍ਹਾਂ ਦੇ ਅੰਦਰੋਂ) ਹੰਕਾਰ ਨੂੰ ਦੂਰ ਕਰ ਦੇਂਦੇ ਹਨ; ਉਨ੍ਹਾਂ ਨੂੰ ਅਪਣਾ ਸਨਮਾਨ ਕਰਾਉਣ ਦੀ ਇੱਛਾ ਨਹੀ ਰਹਿੰਦੀ ਅਤੇ (ਗੁਰੂ ਜੀ ਉਨ੍ਹਾਂ ਦਾ) ਹੰਕਾਰ ਦੂਰ ਕਰ ਦੇਂਦੇ ਹਨ; ਆਦਰ ਨਿਰਾਦਰ ਦਾ ਖਿਆਲ ਛਡ ਦਿੰਦੇ ਹਨ (ਸ਼ਬਦਾਰਥ)।

ਜਿਨ੍ ਕਉ ਗੁਰੁ ਸਪ੍ਰਸੰਨੁ, ਸਬਦਿ ਲਗਿ ਭਵਜਲੁ ਤਾਰੈ ॥ ਪਰਚਉ ਪ੍ਰਮਾਣੁ ਗੁਰ ਪਾਇਅਉ, ਤਿਨ ਸਕਯਥਉ ਜਨਮੁ ਜਗਿ ॥ ਜਿਨ੍ਹਾਂ ਉਪਰ ਗੁਰੂ ਜੀ ਚੰਗੀ ਤਰ੍ਹਾਂ ਖੁਸ਼ ਹੁੰਦੇ ਹਨ, ਉਨ੍ਹਾਂ ਨੂੰ ਸਬਦ ਵਿਚ ਲਗਾ ਕੇ ਸੰਸਾਰ ਸਾਗਰ ਤੋਂ ਤਾਰ ਦੇਂਦੇ ਹਨ। ਜਿਨ੍ਹਾਂ ਮਨੁਖਾਂ ਨੇ ਗੁਰੂ ਦਾ ਪ੍ਰਮਾਣੀਕ ਉਪਦੇਸ ਪ੍ਰਾਪਤ ਕੀਤਾ ਹੈ, ਉਨ੍ਹਾਂ ਦਾ ਜਗਤ ਵਿਚ ਲਿਆ ਮਨੁੱਖਾ ਜਨਮ ਸਫਲ ਹੁੰਦਾ ਹੈ।

ਸ੍ਰੀ ਗੁਰੂ ਸਰਣਿ ਭਜੁ ਕਲ੍ ਕਬਿ, ਭੁਗਤਿ ਮੁਕਤਿ ਸਭ ਗੁਰੂ ਲਗਿ ॥੧੧॥ ਹੇ ਕਲ੍ਹ ਕਵੀ! ਐਸੇ ਗੁਰੂ ਦੀ ਸ਼ਰਣ ਵਿਚ ਭਜ ਪਉ, ਕਿਉਂਕਿ ਗੁਰੂ ਦੀ ਚਰਨੀਂ ਲੱਗਿਆਂ ਭੋਗ ਮੋਖ (ਆਦਿ ਪਦਾਰਥ) ਪ੍ਰਾਪਤ ਹੁੰਦੇ ਹਨ।੧੧।

ਪਦਾਰਥ = ਜਿਨ੍ ਕਉ–ਜਿਨ੍ਹਾਂ (ਮਨੁੱਖਾਂ) ਉਤੇ। ਸੁਪ੍ਰਸੰਨ–ਚੰਗੀ ਤਰ੍ਹਾਂ ਖੁਸ਼ ਹੁੰਦੇ ਹਨ। ਰਿਦੈ–ਹਿਰਦੇ ਵਿਚ। ਨਿਵਾਸੈ–ਵਸਾ ਦਿੰਦੇ ਹਨ; ਵਸ ਜਾਂਦਾ ਹੈ। ਦੁਰਤੁ–ਪਾਪ। ਦੂਰੰਤਰਿ–ਦੂਰ ਤੋਂ ਹੀ। ਨਾਸੈ–ਨੱਸ ਜਾਂਦੇ ਹਨ। ਮਾਨੁ ਅਭਿਮਾਨ–ਸਨਮਾਨ ਅਤੇ ਹੰਕਾਰ; ਮਾਨ ਤੇ ਅਪਮਾਨ (ਆਦਰ ਨਿਰਾਦਰ)। ਨਿਵਾਰੈ–ਦੂਰ ਕਰ ਦੇਂਦੇ ਹਨ। ਸਬਦਿ ਲਗਿ–ਸ਼ਬਦ ਵਿਚ ਜੋੜ ਕੇ। ਭਵਜਲੁ–ਸੰਸਾਰ ਸਮੁੰਦਰ। ਪਰਚਉ–ਉਪਦੇਸ਼; ਗਿਆਨ; ਪ੍ਰੇਮ। ਪ੍ਰਮਾਣੁ–ਮੰਨਿਆ ਪ੍ਰਮੰਨਿਆ; ਪ੍ਰਮਾਣੀਕ। ਤਿਨ–ਉਨ੍ਹਾਂ ਦਾ। ਸਕਯਥਉ–(ਸਕਇਅਥਉ ਬੋਲੋ) ਸਕਾਰਥ (ਸਫਲ)। ਜਗਿ–ਜਗਤ ਵਿਚ। ਕਲ੍ ਕਬਿ–ਕਲ੍ਹ ਕਵੀ। ਭਜੁ–ਚਲਾ ਜਾ; ਭੱਜ ਪੈ। ਭੁਗਤਿ–ਭੋਗ; ਰੋਜੀ; ਖਾਣ ਦੇ ਪਦਾਰਥ। ਗੁਰੂ ਲਗਿ–ਗੁਰੂ ਦੇ ਚਰਨੀਂ ਲਗ (ਜੁੜ) ਕੇ।੧੧।

ਸਤਿਗੁਰਿ ਖੇਮਾ ਤਾਣਿਆ, ਜੁਗ ਜੂਥ ਸਮਾਣੇ ॥ ਸੱਤਗੁਰੂ (ਰਾਮਦਾਸ ਜੀ) ਨੇ ਕਰਤਾਰ ਦੀ ਸਿਫਤ ਸਲਾਹ ਦਾ ਚੰਦੋਆ ਤਾਣਿਆ ਹੈ (ਜਿਸ ਚੰਦੋਏ ਦੇ ਹੇਠ) ਜਗਤ ਦੇ ਸਾਰੇ ਜੀਵ ਸਮਾ ਰਹੇ ਹਨ (ਹਰੀ ਜਸ ਵਿਚ ਲੀਨ ਹੋ ਗਏ ਹਨ); ਸਿਖ ਧਰਮ ਰੂਪ ਤੰਬੂ ਤਾਣਿਆ ਹੈ, ਉਸ ਤੰਬੂ ਹੇਠ ਸਾਰੇ ਜੁਗ (ਲੋਕ) ਸਮਾ ਗਏ ਹਨ (ਸ਼ਬਦਾਰਥ)।

ਅਨਭਉ ਨੇਜਾ ਨਾਮੁ ਟੇਕ, ਜਿਤੁ ਭਗਤ ਅਘਾਣੇ ॥ (ਆਪ ਜੀ ਦੇ ਹੱਥ ਵਿਚ) ਆਤਮ ਗਿਆਨ ਦਾ ਨੇਜਾ ਹੈ, ਹਰੀ ਦਾ ਨਾਮ (ਆਪ ਦਾ) ਆਸਰਾ ਹੈ, ਜਿਸ ਨਾਮ (ਦਾ ਜਾਪ ਕਰਕੇ ਪਦਾਰਥਾਂ ਵਲੋਂ) ਭਗਤ ਲੋਕ ਰੱਜ ਗਏ ਹਨ।

ਗੁਰੁ ਨਾਨਕੁ ਅੰਗਦੁ ਅਮਰੁ, ਭਗਤ ਹਰਿ ਸੰਗਿ ਸਮਾਣੇ ॥ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਜੀ ਅਤੇ (ਗੁਰੂਆਂ ਦੇ ਹੋਰ) ਭਗਤ ਹਰੀ ਨਾਲ ਲੀਨ ਹੋ ਗਏ ਹਨ; ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਤੇ ਗੁਰੂ ਅਮਰਦਾਸ (ਕਰਤਾਰ ਦੇ) ਭਗਤ ਹਨ, ਕਰਤਾਰ ਨਾਲ ਲੀਨ ਹੋ ਗਏ ਹਨ (ਮੇਰਾ ਖਿਆਲ); ਗੁਰੂ ਨਾਨਕ ਦੇਵ (ਦੇ ਭਗਤ) ਗੁਰੂ ਅੰਗਦ ਦੇਵ ਅਤੇ ਗੁਰੂ ਅੰਗਦ ਦੇਵ (ਦੇ ਭਗਤ) ਗੁਰੂ ਅਮਰ ਦਾਸ ਜੀ (ਇਹ ਸਾਰੇ ਗੁਰੂ) ਭਗਤ ਹਰੀ ਨਾਲ ਲੀਨ ਹੋ ਗਏ ਹਨ (ਮੇਰਾ ਖਿਆਲ)।

ਇਹੁ ਰਾਜ ਜੋਗ ਗੁਰ ਰਾਮਦਾਸ, ਤੁਮ ਹੂ ਰਸੁ ਜਾਣੇ ॥੧੨॥ ਹੇ ਗੁਰੂ ਰਾਮਦਾਸ ਜੀ! ਐਸੇ ਰਾਜ ਜੋਗ ਦੇ ਅਨੰਦ ਨੂੰ ਤੁਸੀਂ ਭੀ ਜਾਣਿਆ ਹੈ।੧੨।

ਪਦਾਰਥ = ਸਤਿਗੁਰਿ–ਸਤਿਗੁਰੂ ਰਾਮਦਾਸ ਜੀ ਨੇ। ਖੇਮਾ–ਚੰਦੋਆ; ਤੰਬੂ। ਜੁਗ ਜੂਥ–ਸਮੂਹ ਜੁਗ; ਜਗਤ ਦੇ ਸਮੂਹ ਜੀਵ। ਸਮਾਣੇ–ਸਮਾ (ਮਿਲ) ਗਏ। ਅਨਭਉ–ਆਤਮ ਗਿਆਨ ਦਾ; ਕਰਤਾਰ ਦਾ ਗਿਆਨ। ਜਿਤੁ–ਜਿਸ ਦਾ। ਅਘਾਣੇ–ਰੱਜ ਗਏ। ਹਰਿ ਸੰਗਿ–ਹਰੀ ਦੇ ਨਾਲ। ਸਮਾਣੇ–ਲੀਨ (ਇਕ ਮਿਕ) ਹੋ ਗਏ। ਰਾਜ ਜੋਗ–ਸੰਸਾਰ ਦੇ ਕਾਰ ਵਿਹਾਰ ਕਰਦਿਆਂ ਹਰੀ ਨਾਲ ਮਨ ਜੋੜਨਾ; ਰਾਜ ਭੋਗਦਿਆਂ ਵੀ ਮਨ ਨੂੰ ਹਰੀ ਨਾਲ ਜੋੜਨਾ। ਤੁਮ ਹੁ–ਤੁਸੀਂ ਭੀ। ਰਸੁ–ਅਨੰਦ। ਜਾਣੇ–ਜਾਣਿਆ (ਮਾਣਿਆ) ਹੈ।੧੨।

ਵਿਆਖਿਆ = ਗੁਰੂ ਰਾਮਦਾਸ ਜੀ ਨੇ ਮਸੰਦਾਂ ਦੀ ਪ੍ਰਥਾ ਚਲਾ ਕੇ ਵਾਹਿਗੁਰੂ ਦਾ ਜਸ ਸਾਰੇ ਸੰਸਾਰ ਵਿਚ ਫੈਲਾ ਦਿਤਾ। ਇਹ ਜਸ ਫੈਲਾਉਣਾ ਇਕ ਵਿਸ਼ਾਲ ਤੰਬੂ ਹੈ, ਜਿਸ ਵੀ ਕਿਸੇ ਜੀਵ ਨੇ ਇਸ ਤੰਬੂ ਦੇ ਹੇਠ ਆਸਰਾ ਲਿਆ ਹੈ, ਉਹ ਹਰੀ ਵਿਚ ਸਮਾ ਗਿਆ। ਫਿਰ ਉਹ ਤ੍ਰਿਪਤ ਹੋ ਗਿਆ। ਇਸ ਤਰ੍ਹਾਂ ਬਿਨਾ ਭਿੰਨ ਭੇਦ ਦੇ ਚੌਹਾਂ ਵਰਣਾਂ ਦੇ ਲੋਕ ਗੁਰੂ ਜੀ ਦੇ ਭਗਤ ਬਣੇ ਅਤੇ ਗ੍ਰਿਸਤ ਵਿਚ ਰਹਿ ਕੇ ਮਨ ਨੂੰ ਵਾਹਿਗੁਰੂ ਨਾਲ ਜੋੜਿਆ।੧੨।

ਜਨਕੁ ਸੋਇ ਜਿਨਿ ਜਾਣਿਆ, ਉਨਮਨਿ ਰਥੁ ਧਰਿਆ ॥ ਜਨਕ (ਗਿਆਨਵਾਨ) ਉਹ ਹੈ, ਜਿਸ ਨੇ (ਕਰਤਾਰ ਨੂੰ) ਜਾਣਿਆ ਹੈ ਅਤੇ ਤੁਰੀਆ ਪਦ ਵਿਚ ਮਨ ਦੀ ਬ੍ਰਿਤੀ ਦੇ ਪ੍ਰਵਾਹ ਰੂਪ ਰਥ ਨੂੰ ਟਿਕਾਇਆ ਹੈ।

ਸਤੁ ਸੰਤੋਖੁ ਸਮਾਚਰੇ, ਅਭਰਾ ਸਰੁ ਭਰਿਆ ॥ (ਜਿਸ ਮਨੁੱਖ ਨੇ) ਸਤ ਸੰਤੋਖ ਆਦਿ ਗੁਣਾਂ ਨੂੰ ਭਲੀ ਪ੍ਰਕਾਰ ਗ੍ਰਹਿਣ ਕੀਤਾ ਹੈ ਅਤੇ ਖਾਲੀ (ਹਿਰਦੇ ਰੂਪ) ਸਰੋਵਰ ਨੂੰ (ਨਾਮ ਜਲ ਨਾਲ) ਭਰ ਦਿਤਾ ਹੈ; ਨਾ ਭਰੇ ਜਾਣ (ਨਾ ਰੱਜਣ) ਵਾਲੇ ਮਨ ਰੂਪ ਸਰੋਵਰ ਨੂੰ ਭਰ (ਤ੍ਰਿਪਤ ਕਰ) ਦਿਤਾ (ਸ਼ਬਦਾਰਥ)।

ਅਕਥ ਕਥਾ ਅਮਰਾ ਪੁਰੀ, ਜਿਸੁ ਦੇਇ ਸੁ ਪਾਵੈ ॥ ਸਦਾ ਥਿਰ ਰਹਿਣ ਵਾਲੇ ਟਿਕਾਣੇ ਦੀ ਨਾ ਕਹੀ ਜਾਣ ਵਾਲੀ ਕਥਾ, ਜਿਸ (ਮਨੁੱਖ ਨੂੰ ਨਿਰੰਕਾਰ) ਬਖਸ਼ਦਾ ਹੈ, ਉਹ ਪ੍ਰਾਪਤ ਕਰਦਾ ਹੈ (ਜਨਕ ਵਾਲੀ ਪਦਵੀ ਹਰੇਕ ਮਨੁੱਖ ਨੂੰ ਨਹੀਂ ਮਿਲ ਸਕਦੀ); ਅਮਰ ਪਦਵੀ (ਪੂਰਨ ਅਡੋਲਤਾ ਵਾਲੀ ਅਵਸਥਾ) ਦੀ ਗੱਲ ਅਕਹਿ ਹੈ, ਇਹ ਪਦਵੀ ਉਸੇ ਨੂੰ ਮਿਲਦੀ ਹੈ ਜਿਸ ਨੂੰ ਹਰੀ ਦਿੰਦਾ ਹੈ (ਸ਼ਬਦਾਰਥ)।

ਇਹੁ ਜਨਕ ਰਾਜੁ ਗੁਰ ਰਾਮਦਾਸ, ਤੁਝ ਹੀ ਬਨਿ ਆਵੈ ॥੧੩॥ ਇਹ ਜਨਕ ਵਾਲਾ ਰਾਜ (ਜਿਵੇਂ ਰਾਜੇ ਜਨਕ ਨੇ ਮਾਇਆ ਵਿਚ ਅਲੇਪ ਰਹਿ ਕੇ ਰਾਜ ਕੀਤਾ ਸੀ) ਹੇ ਗੁਰੂ ਰਾਮਦਾਸ ਜੀ! ਆਪ ਜੀ ਨੂੰ ਹੀ ਬਣ ਆਉਂਦਾ (ਸੋਭਦਾ) ਹੈ।੧੩।

ਪਦਾਰਥ = ਜਨਕੁ–ਗਿਆਨਵਾਨ (ਰਾਜਾ ਜਨਕ ਨੇ ਮਾਇਆ ਵਿਚ ਨਿਰਲੇਪ ਰਹਿ ਕੇ ਰਿਖੀ ਅਸ਼ਟਾਵਕਰ ਤੋਂ ਉਪਦੇਸ਼ ਲੈ ਕੇ ਧਰਮ ਦਾ ਰਾਜ ਕੀਤਾ, ਇਸ ਕਰਕੇ ਜਨਕ, ਗਿਆਨੀ ਦੇ ਅਰਥਾਂ ਵਿਚ ਵਰਤਿਆ ਜਾਣ ਲੱਗ ਪਿਆ)। ਸੋਇ–ਉਹ। ਉਨਮਨਿ–ਉਨਤ (ਉਚੀ ਅਵਸਥਾ ਵਾਲਾ) ਮਨ; ਫੁਰਨਿਆਂ ਤੋਂ ਰਹਿਤ ਮਨ। ਰਥੁ–ਮਨ ਦੀ ਬ੍ਰਿਤੀ ਦਾ ਪ੍ਰਵਾਹ। ਧਰਿਆ–ਠਹਿਰਾਇਆ; ਟਿਕਾਇਆ। ਸਮਾਚਰੇ–ਚੰਗੀ ਤਰ੍ਹਾਂ ਗ੍ਰਹਿਣ (ਜਾਂ ਇਕੱਠਾ) ਕੀਤਾ। ਅਭਰਾ (ਅ–ਭਰਾ ਬੋਲੋ)–ਜੋ ਭਰੇ ਹੋਏ ਨਹੀ; ਖਾਲੀ। ਸਰੁ–ਸਰੋਵਰ। ਭਰਿਆ–ਭਰ (ਤ੍ਰਿਪਤ ਕਰ) ਦਿਤਾ। ਅਕਥ ਕਥਾ–ਉਹ ਕਥਾ ਜੋ ਕਥਨ ਨਾ ਕੀਤੀ ਜਾ ਸਕੇ; ਨਿਰੰਕਾਰ ਦੀ ਕਥਾ। ਅਮਰਾ ਪੁਰੀ–ਅਟੱਲ ਠਿਕਾਣਾ; ਗੁਰੂ ਅਮਰਦਾਸ ਜੀ ਦਾ ਦਰਬਾਰ; ਗੋਇੰਦਵਾਲ; ਅੰਮ੍ਰਿਤਸਰ; ਸਹਿਜ ਅਵਸਥਾ। ਜਿਸੁ–ਜਿਸ ਨੂੰ। ਦੇਇ–ਦਿੰਦਾ ਹੈ। ਸੁ–ਉਹ। ਜਨਕ ਰਾਜੁ–ਰਾਜਾ ਜਨਕ ਵਰਗਾ ਰਾਜ; ਗਿਆਨ ਦਾ ਪ੍ਰਕਾਸ਼। ਤੁਝ ਹੀ–ਤੈਨੂੰ ਹੀ। ਬਨਿ ਆਵੈ–ਸੋਭਦਾ ਹੈ।੧੩।

ਵਿਆਖਿਆ = ਸੱਤਗੁਰੂ ਰਾਮ ਦਾਸ ਜੀ ਨੇ ਗ੍ਰਿਸਤ ਵਿਚ ਮਾਇਆ ਤੋਂ ਨਿਰਲੇਪ ਰਹਿ ਕੇ ਰਾਜਾ ਜਨਕ ਵਾਂਗ ਰਾਜ ਕਰ ਦਿਖਾਇਆ ਹੈ। ਮਨ ਨੂੰ ਨਿਰੰਕਾਰ ਵਿਚ ਸਦਾ ਟਿਕਾਇਆ ਹੋਇਆ ਹੈ ਅਤੇ ਜੀਵਨ ਮੁਕਤੀ ਦਾ ਅਨੰਦ ਲੈ ਰਹੇ ਹਨ। ਸਤ ਸੰਤੋਖ ਆਦਿ ਗੁਣਾਂ ਦੇ ਧਾਰਨੀ ਹੋਣ ਕਰਕੇ ਬਾਹਰਲੇ ਦੁਸ਼ਮਣਾਂ ਦਾ ਅਸਰ ਨਹੀ ਹੁੰਦਾ। ਐਸੀ ਸਹਿਜ ਵਾਲੀ ਅਵਸਥਾ ਵਿਚ ਰਹਿ ਕੇ ਆਪ ਜੀ ਨੇ ਪ੍ਰੇਮ, ਗੁਣਾਂ ਜਾਂ ਨਾਮ ਤੋਂ ਖਾਲੀ ਹੋਰ ਲੋਕਾਂ ਦੇ ਮਨਾਂ ਨੂੰ ਵੀ ਭਰ ਦਿਤਾ। ਅਮਰ ਕਰ ਦੇਣ ਵਾਲੀ ਅਡੋਲ ਆਤਮਕ ਅਵਸਥਾ ਦੀ ਕਥਾ ਅਕਹਿ ਹੈ, ਇਹ ਅਟੱਲ ਸਦਾ ਕਾਇਮ ਰਹਿਣ ਵਾਲਾ ਥਾਂ ਹੈ। ਇਥੇ ਪੁਜੀਆਂ ਰੂਹਾਂ ਨੂੰ ਜਨਮ ਤੇ ਮੌਤ, ਦੁਖ ਤੇ ਗਮ ਆਦਿ ਨਹੀ ਪੋਂਹਦੇ। ਗੁਰੂ ਅਰਜਨ ਦੇਵ ਜੀ ਨੇ ਐਸੇ ਟਿਕਾਣੇ ਨੂੰ ਇਸ ਤਰ੍ਹਾਂ ਵਰਨਣ ਕੀਤਾ ਹੈ ਃ– ਅਗਮ ਰੂਪ ਕਾ ਮਨ ਮਹਿ ਥਾਨਾ। ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ। ਸਹਜ ਕਥਾ ਕੇ ਅੰਮ੍ਰਿਤ ਕੁੰਟਾ। ਜਿਸਹਿ ਪਰਾਪਤਿ ਤਿਸੁ ਲੈ ਭੁੰਚਾ। ...ਹਰਖ ਅਨੰਤ ਸੋਗ ਨਹੀ ਬੀਆ। ਸੋ ਘਰੁ ਗੁਰਿ ਨਾਨਕ ਕਉ ਦੀਆ।੧੮੬}। ਇਹ ਮਹਾਨ ਅਵਸਥਾ ਜਬਾਨੀ ਕਹੀ ਨਹੀ ਜਾ ਸਕਦੀ ਕਿਉਂਕਿ ਮਨ ਅਤੇ ਇੰਦ੍ਰੀਆਂ ਤੋਂ ਪਾਰ ਦੀ ਥਾਂ ਹੈ। ਇਹ ਦਾਤ ਗੁਰੂ ਦੇ ਹੱਥ ਵਿਚ ਹੈ, ਜਿਸ ਉਤੇ ਖੁਸ਼ ਹੋਣ ਉਸਨੂੰ ਪ੍ਰਾਪਤ ਹੋ ਸਕਦੀ ਹੈ। {ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵਦੈ ੯੬੬} ਇਹ ਗੁਰੂ ਜੀ ਦਾ ਰਾਜ ਸਦਾ ਅਟੱਲ ਹੈ।

ਹਰਿ ਕੇ ਸੰਤ ਜਨਾ ਮਹਿ ਹਰਿ ਹਰਿ, ਤੇ ਜਨ ਊਤਮ ਜਨਕ ਜਨਾਕ।(੧੨੯੫)

ਇਥੇ ਤਕ ਕਲ੍ਯ ਦੇ ੧੩ ਸਵੱਯੇ ਪੂਰਨ ਹੋ ਗਏ ਹਨ। (ਸੰ. ਸ. ਨੇ ਲਿਖਿਆ ਹੈ ਕਿ ਕਲ੍ਯ ਅਤੇ ਕਲਸਹਾਰ ਦੋ ਸਕੇ ਭਰਾ ਸਨ, ਦੋਹਾਂ ਨੇ ਰਲ ਕੇ ਇਕੱਠਿਆਂ ਪਹਿਲਾ ਸਵੱਯਾ ਉਚਾਰਣ ਕੀਤਾ ਅਤੇ ਨਾਮ ਵੀ ਦੋਹਾਂ ਦਾ ਵਰਤਿਆ ਮਿਲਦਾ ਹੈ। ਪਰ ਕਲ੍ਯ ਵੱਡਾ ਹੋਣ ਕਰਕੇ ਅਖੀਰ ਵਿਚ ਨਾਮ ਕਲ੍ਯ ਜੀ ਦਾ ਹੀ ਵਰਤਿਆ ਹੈ)। ਅਗਲੇ ਸਵੱਈਏ ਭੱਟ ਨੱਲ੍ਯ ਜੀ ਦੇ ਉਚਾਰੇ ਹੋਏ ਹਨ। ਨਲ੍ਯ ਦੇ ਉਚਾਰੇ ੪ ਸਵੱਯਾਂ

ਤੋਂ ਬਾਦ ਅੰਕ ਬਦਲਿਆ ਹੈ, ਪਰ ਕਵੀ ਨਹੀਂ ਬਦਲਿਆ, ਇਸ ਬਦਲੀ ਦਾ ਕਾਰਨ ਛੰਦ ਦੀ ਚਾਲ ਦਾ ਬਦਲਨਾ ਹੈ।

ਸਤਿਗੁਰ ਨਾਮੁ, ਏਕ ਲਿਵ ਮਨਿ ਜਪੈ ਦ੍ਰਿੜੁ, ਤਿਨ੍ ਜਨ ਦੁਖ ਪਾਪੁ ਕਹੁ ਕਤ ਹੋਵੈ ਜੀਉ ॥ (ਜੋ ਜੋ ਮਨੁੱਖ) ਸੱਤਗੁਰੂ ਦਾ ਨਾਮ ਇਕ ਚਿਤ ਹੋ ਕੇ ਮਨ ਵਿਚ ਪੱਕੇ ਇਰਾਦੇ ਨਾਲ ਜਪਦਾ ਹੈ, ਦੱਸੋ ਉਨ੍ਹਾਂ ਮਨੁੱਖਾਂ ਨੂੰ ਦੁਖ ਤੇ ਪਾਪ ਕਿਵੇਂ ਹੋ ਸਕਦੇ ਹਨ? (ਨਹੀ ਪੋਂਹਦੇ)।

ਤਾਰਣ ਤਰਣ ਖਿਨ ਮਾਤ੍ਰ ਜਾਕਉ ਦ੍ਰਿਸ੍ਟਿ ਧਾਰੈ, ਸਬਦੁ ਰਿਦ ਬੀਚਾਰੈ, ਕਾਮੁ ਕ੍ਰੋਧੁ ਖੋਵੈ ਜੀਉ ॥ (ਸੰਸਾਰ ਸਾਗਰ ਤੋਂ) ਤਾਰਨ ਲਈ (ਗੁਰੂ ਰਾਮਦਾਸ ਜੀ) ਜਹਾਜ ਵੱਤ ਹਨ, ਜਿਸ ਉਪਰ ਇਕ ਖਿਨ ਮਾਤ੍ਰ ਮੇਹਰ ਦੀ ਨਜਰ ਕਰ ਦਿੰਦੇ ਹਨ, (ਉਹ ਮਨੁੱਖ ਅਪਣੇ) ਹਿਰਦੇ ਵਿਚ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਬਿਚਾਰਦਾ ਹੈ ਅਤੇ ਕਾਮ ਕ੍ਰੋਧ ਨੂੰ ਖੋ ਦਿੰਦਾ ਹੈ; ਗੁਰੂ ਜੀ ਉਸ ਮਨੁੱਖ ਦੇ ਕਾਮ ਕ੍ਰੋਧ ਮੇਟ ਦਿੰਦੇ ਹਨ ਜੀ।

ਜੀਅਨ ਸਭਨ ਦਾਤਾ, ਅਗਮ ਗ੍ਯ੍ਯਾਨ ਬਿਖ੍ਯ੍ਯਾਤਾ, ਅਹਿਨਿਸਿ ਧ੍ਯ੍ਯਾਨ ਧਾਵੈ, ਪਲਕ ਨ ਸੋਵੈ ਜੀਉ ॥ (ਗੁਰੂ ਰਾਮ ਦਾਸ ਜੀ) ਸਾਰੇ ਜੀਵਾਂ ਦੇ ਦਾਤਾ ਹਨ, ਅਪਹੁੰਚ ਹਰੀ ਦਾ ਗਿਆਨ ਪ੍ਰਗਟ ਕਰਨ ਵਾਲੇ ਹਨ, ਦਿਨ ਰਾਤ (ਹਰੀ ਦਾ) ਧਿਆਨ ਧਾਰਦੇ ਹਨ, ਪਲ ਭਰ ਵੀ (ਗੁਰੂ ਰਾਮਦਾਸ ਜੀ ਦਾ ਮਨ ਅਵਿਦਿਆ; ਮਾਯਾ ਦੀ ਨੀਂਦ ਵਿਚ) ਨਹੀਂ ਸੌਂਦਾ।

ਜਾਕਉ ਦੇਖਤ ਦਰਿਦ੍ਰੁ ਜਾਵੈ, ਨਾਮੁ ਸੋ ਨਿਧਾਨੁ ਪਾਵੈ, ਗੁਰਮੁਖਿ ਗ੍ਯ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ ॥ ਜਿਸ (ਗੁਰੂ ਰਾਮ ਦਾਸ ਜੀ) ਦਾ ਦਰਸ਼ਨ ਕੀਤਿਆਂ ਦਲਿਦ੍ਰ ਚਲੇ ਜਾਂਦਾ ਹੈ (ਦਰਸ਼ਨ ਕਰਨ ਵਾਲਾ) ਉਹ (ਮਨੁੱਖ) ਨਾਮ ਰੂਪ ਖਜਾਨਾ ਪ੍ਰਾਪਤ ਕਰਦਾ ਹੈ ਅਤੇ ਮੁਖੀ ਗੁਰੂ (ਰਾਮਦਾਸ ਜੀ) ਦੇ ਗਿਆਨ ਦੁਆਰਾ (ਮਨੁੱਖ) ਖੋਟੀ ਮੱਤ ਦੀ ਮੈਲ ਧੋ ਲੈਂਦਾ ਹੈ।

ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ, ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ ॥੧॥ ਜੋ ਮਨੁੱਖ ਸੱਤਗੁਰੂ ਦਾ ਨਾਮ ਇਕ ਮਨ ਬ੍ਰਿਤੀ ਜੋੜ ਕੇ ਦ੍ਰਿੜਤਾ ਨਾਲ ਜਪਦਾ ਹੈ, ਦੱਸੋ! ਉਸ ਮਨੁੱਖ ਨੂੰ ਦੁਖ ਤੇ ਪਾਪ ਕਿਸ ਤਰ੍ਹਾਂ ਹੋ ਸਕਦੇ ਹਨ? ਨਹੀ ਹੋ ਸਕਦੇ।੧।

ਪਦਾਰਥ = ਏਕ ਲਿਵ-ਇਕਾਗਰ ਚਿੱਤ ਨਾਲ।ਮਨਿ-ਮਨ ਵਿਚ।ਦ੍ਰਿੜੁ-ਪੱਕੇ ਇਰਾਦੇ ਨਾਲ।ਤਿਨ੍ ਜਨ-ਉਨ੍ਹਾਂ ਮਨੁੱਖਾਂ ਨੂੰ।ਕਹੁ-ਦਸੋ।ਕਤ-ਕਿਵੇਂ; ਕਦੋਂ।ਤਾਰਣ ਤਰਣ-ਤਾਰਨ ਲਈ ਜਹਾਜ।ਜਾਕਉ-ਜਿਸ ਉਤੇ।ਦ੍ਰਿਸ੍ਟਿ ਧਾਰੈ-ਮੇਹਰ ਦੀ ਨਜਰ ਕਰਦਾ ਹੈ।ਰਿਦ-ਹਿਰਦੇ ਵਿਚ।ਖੋਵੈ-ਨਾਸ਼ ਕਰ ਦੇਂਦਾ ਹੈ।ਜੀਅਨ ਸਭਨ-ਸਾਰੇ ਜੀਵਾਂ ਦਾ।ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ ਹਰੀ।ਗ੍ਯ੍ਯਾਨ-(ਗਿਆਨ ਪੜ੍ਹੋ)।ਬਿਖ੍ਯ੍ਯਾਤਾ-(ਬਿਖਿਆਤਾ ਪੜ੍ਹੋ) ਪ੍ਰਗਟ ਕਰਨ ਵਾਲਾ।ਅਹਿ ਨਿਸਿ-ਦਿਨ ਰਾਤ।ਧ੍ਯ੍ਯਾਨ ਧਾਵੈ-(ਧਿਆਨ ਪੜ੍ਹੋ) ਦੌੜਦੇ ਮਨ ਨੂੰ ਗੁਰੂ ਦੇ ਧਿਆਨ ਵਿਚ ਲਾਉਂਦਾ ਹੈ (ਟਕਸਾਲ)।ਪਲਕ-ਪਲ ਭਰ (ਥੋੜਾ ਸਮਾਂ)।ਨ ਸੋਵੈ-ਨਹੀਂ ਸੌਂਦਾ।ਦਰਿਦ੍ਰ-ਕੰਗਾਲੀ।।ਸੋ-ਉਹ (ਮਨੁੱਖ)।ਗੁਰਮੁਖਿ ਗ੍ਯ੍ਯਾਨਿ-ਗੁਰੂ ਦੇ ਗਿਆਨ ਦੁਆਰਾ।ਦੁਰਮਤਿ-ਖੋਟੀ ਮੱਤ।੧।

ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥ ਧਰਮ ਤੇ ਕਰਮ ਪੂਰੇ ਸੱਤਗੁਰੂ (ਰਾਮਦਾਸ ਜੀ) ਤੋਂ ਪ੍ਰਾਪਤ ਹੁੰਦੇ ਹਨ; (ਪ੍ਰਮਾਰਥ ਨੂੰ ਪ੍ਰਾਪਤ ਕਰਨ ਵਾਲੇ ਕਰਮ ਪੂਰੇ ਸੱਤਗੁਰੂ ਤੋਂ ਪਾਈਦੇ ਹਨ)।

ਜਾ ਕੀ ਸੇਵਾ, ਸਿਧ ਸਾਧ ਮੁਨਿ ਜਨ ਸੁਰਿ ਨਰ ਜਾਚਹਿ, ਸਬਦ ਸਾਰੁ, ਏਕ ਲਿਵ ਲਾਈ ਹੈ ॥ ਜਿਸ ਸੱਤਗੁਰੂ (ਰਾਮਦਾਸ ਜੀ) ਦੀ ਸੇਵਾ ਨੂੰ ੮੪ ਸਿਧ, ਸਾਧ, ਮੁਨੀ ਲੋਕ, ਦੇਵਤੇ ਅਤੇ ਮਨੁੱਖ ਮੰਗਦੇ ਹਨ, (ਇਨ੍ਹਾਂ ਸਾਰਿਆਂ ਨੇ) ਇਕ ਰਸ ਗੁਰੂ ਜੀ ਦੇ ਸ੍ਰੇਸਟ ਸ਼ਬਦਾਂ ਵਿਚ ਲਿਵ ਲਾਈ ਹੋਈ ਹੈ (ਸੰ. ਸ.); ਜਿਸ ਗੁਰੂ ਜੀ ਨੇ ਨਾਮ ਵਿਚ ਲਗਾਤਾਰ ਲਿਵ ਲਾਈ ਹੈ (ਭਾ: ਵੀਰ ਸਿੰਘ); ਜਿਸ ਦੇ ਸ੍ਰੇਸਟ ਉਪਦੇਸ਼ ਕਰਕੇ ਇਨ੍ਹਾਂ ਸਾਰਿਆਂ ਨੇ ਇਕ ਵਾਹਿਗੁਰੂ ਵਿਚ ਅਪਣੀ ਬ੍ਰਿਤੀ ਲਗਾਈ ਹੈ (ਫ. ਸ.)।

ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ, ਅਕਥ ਕਥਨਹਾਰੁ ਤੁਝਹਿ ਬੁਝਾਈ ਹੈ ॥ (ਹੇ ਗੁਰੂ ਰਾਮਦਾਸ ਜੀ!) ਫਿਰ ਆਪ ਦਾ ਅੰਤ ਕੌਣ ਜਾਣ ਸਕਦਾ ਹੈ? ਆਪ ਬੇਅੰਤ ਨਿਰਭਉ ਨਿਰੰਕਾਰ ਰੂਪ ਹੋ, ਅਕੱਥ ਹਰੀ ਨੂੰ ਬਿਆਨ ਕਰਨ ਦੀ (ਸਮਝ ਗੁਰੂ ਅਮਰਦਾਸ ਜੀ ਨੇ) ਤੁਹਾਨੂੰ ਬੁਝਾਈ ਹੈ।

ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ, ਜਮ ਕੋ ਨ ਡੰਡ ਕਾਲ ਗੁਰਮਤਿ ਧ੍ਯ੍ਯਾਈ ਹੈ ॥ ਭਰਮਾਂ ਦੇ ਭੁੱਲੇ ਹੋਏ ਹੇ ਸੰਸਾਰੀ ਜੀਵੋ! ਗੁਰੂ (ਰਾਮਦਾਸ ਜੀ) ਦੀ ਸਿਖਿਆ ਰਾਹੀਂ (ਨਿਰੰਕਾਰ ਨੂੰ) ਸਿਮਰੋ, (ਤਾਂ) ਜੂਨੀਆਂ ਦੀ ਮਾਰ ਤੋਂ ਛੁੱਟ ਜਾਓਗੇ ਅਤੇ ਜਮ ਕਾਲ ਦੀ ਸਜਾ ਵੀ ਨਹੀਂ ਹੋਵੇਗੀ (ਸ਼ਬਦਾਰਥ)।

ਮਨ ਪ੍ਰਾਣੀ ਮੁਗਧ ਬੀਚਾਰੁ ਅਹਿਨਿਸਿ ਜਪੁ, ਧਰਮ ਕਰਮ ਪੂਰੈ ਸਤਿਗੁਰ ਪਾਈ ਹੈ ॥੨॥ ਹੇ ਮੂਰਖ ਪ੍ਰਾਣੀ! ਮਨ ਵਿਚ (ਗੁਰੂ ਰਾਮਦਾਸ ਜੀ ਦੇ) ਸ਼ਬਦ ਦੀ ਬਿਚਾਰ ਕਰ ਅਤੇ ਦਿਨ ਰਾਤ (ਹਰ ਵੇਲੇ) ਵਾਹਿਗੁਰੂ ਨਾਮ ਜਪ, ਧਰਮ ਤੇ ਕਰਮ ਪੂਰੇ ਸੱਤਗੁਰੂ (ਰਾਮਦਾਸ ਜੀ) ਤੋਂ ਹੀ ਪ੍ਰਾਪਤ ਹੁੰਦੇ ਹਨ (ਧਾਰਮਕ ਕਰਮਾਂ ਦਾ ਫਲ ਆਤਮ ਵਿਦਿਆ ਪੂਰੇ ਗੁਰੂ ਤੋਂ ਹੀ ਮਿਲਦਾ ਹੈ)।੨।

ਪਦਾਰਥ = ਪਾਈ ਹੈ-ਪ੍ਰਾਪਤ ਹੁੰਦਾ ਹੈ।ਜਾ ਕੀ-ਜਿਸ (ਗੁਰੂ ਜੀ) ਦੀ।ਸੁਰਿ-ਦੇਵਤੇ।ਨਰ-ਮਨੁੱਖ।ਜਾਚਹਿ-ਮੰਗਦੇ ਹਨ।ਸਾਰੁ ਏਕ-ਇਕ ਸਾਰ (ਲਗਾ ਤਾਰ)।ਸਬਦ ਸਾਰੁ-ਸ੍ਰੇਸਟ ਸ਼ਬਦਾਂ ਵਿਚ।ਫੁਨਿ-ਫਿਰ।ਜਾਨੈ ਕੋ-ਕੌਣ ਜਾਣ ਸਕਦਾ ਹੈ? ਅਪਾਰੁ-ਬੇਅੰਤ।ਅਕਥ-ਨਾ ਕਥੇ ਜਾਣ ਵਾਲੇ ਹਰੀ ਨੂੰ।ਕਥਨਹਾਰੁ-ਬਿਆਨ ਕਰਨ ਵਾਲਾ।ਤੁਝਹਿ-ਤੈਨੂੰ।ਬੁਝਾਈ ਹੈ-ਸਮਝਾਈ ਹੈ।ਛੁਟਹੁ-ਬਚ

ਜਾਓਗੇ। ਸੰਘਾਰੁ-ਮਾਰ; ਮੌਤ। ਡੰਡ-ਸਜਾ। ਕਾਲ-ਮੌਤ। ਗੁਰਮਤਿ-ਗੁਰੂ ਦੀ ਸਿੱਖਿਆ ਲੈ ਕੇ। ਮੁਗਧ-ਹੇ ਮੂਰਖ!। ਧ੍ਯਾਈ ਹੈ-(ਧਿਆਈ ਹੈ ਬੋਲੋ) ਧਿਆਈਏ। ਅਹਿਨਿਸਿ-ਦਿਨ ਰਾਤ (ਹਮੇਸ਼ਾਂ)।੨।

ਵਿਆਖਿਆ = ਸੱਤਗੁਰੂ ਦੀ ਸਿਖਿਆ ਨੂੰ ਧਰਮ ਆਖੀਦਾ ਹੈ ਅਤੇ ਇਹ ਧਰਮ ਪੂਰੇ ਸੱਤਗੁਰੂ ਤੋਂ ਪ੍ਰਾਪਤ ਹੁੰਦਾ ਹੈ। ਉਤਮ ਧਰਮ ਅਨੁਸਾਰ ਕਰਨ ਵਾਲੇ ਕਰਮ ਵੀ ਸੱਤਗੁਰੂ ਤੋਂ ਮਿਲਦੇ ਹਨ ਭਾਵ ਗੁਰੂ ਜੀ ਦਸਦੇ ਹਨ ਕਿ ਕਿਹੜੇ ਕਰਮ ਕਰਨ ਯੋਗ ਹਨ। ਜਿਵੇਂ ਨਾਮ ਜਪਣਾ, ਗੁਰੂ ਦੀ ਸੇਵਾ ਕਰਨੀ, ਲੰਗਰ ਦੀ ਸੇਵਾ, ਕਥਾ ਕੀਰਤਨ ਸੁਣਨਾ ਆਦਿ ਉਤਮ ਕਰਮ ਹਨ। ਐਸੀ ਸੇਵਾ ਨੂੰ ਸਾਰੇ ਚਾਹੁੰਦੇ ਹਨ। ਭੱਟ ਨਲ੍ਹ ਜੀ ਭਰਮਾਂ ਵਿਚ ਭੁੱਲੇ ਜਗਤ ਨੂੰ ਸੁਚੇਤ ਕਰਦੇ ਹਨ ਕਿ ਗੁਰਮੱਤ ਲੈ ਕੇ ਨਾਮ ਜਪੋ ਜਿਸ ਨਾਲ ਆਵਾਗੌਣ ਦਾ ਚੱਕਰ ਮਿਟ ਜਾਂਦਾ ਹੈ। ਕਾਲ ਦਾ ਦੰਡ ਸਮੇਂ ਅਨੁਸਾਰ ਸਰੀਰ ਤੋਂ ਆਤਮਾ ਨੂੰ ਵੱਖ ਕਰਨਾ ਹੈ ਅਤੇ ਜਮਾਂ ਦਾ ਦੰਡ ਹੈ ਕੀਤੇ ਕਰਮਾਂ ਅਨੁਸਾਰ ਜੂਨੀਆਂ ਵਿਚ ਪਾਉਣਾ। ਗੁਰੂ ਦੀ ਸਿਖਿਆ ਲੈ ਕੇ ਨਾਮ ਜਪਣ ਨਾਲ ਦੋਵੇਂ ਦੰਡ ਦੂਰ ਹੋ ਜਾਂਦੇ ਹਨ, ਇਹੋ ਧਰਮਾਂ ਵਿਚੋਂ ਸ੍ਰੇਸਟ ਧਰਮ ਅਤੇ ਉਤਮ ਕਰਮ ਹੈ।੨।

ਹਉ ਬਲਿ ਬਲਿ ਜਾਉ, ਸਤਿਗੁਰ ਸਾਚੇ ਨਾਮ ਪਰ ॥ ਮੈਂ ਸੱਚੇ ਸੱਤਗੁਰੂ (ਰਾਮਦਾਸ ਜੀ) ਦੇ ਨਾਮ ਉਪਰੋਂ ਮਨ ਬਾਣੀ ਕਰਕੇ ਬਲਹਾਰ ਜਾਂਦਾ ਹਾਂ।

ਕਵਨ ਉਪਮਾ ਦੇਉ, ਕਵਨ ਸੇਵਾ ਸਰੇਉ, ਏਕ ਮੁਖ ਰਸਨਾ ਰਸਹੁ, ਜੁਗ ਜੋਰਿ ਕਰ ॥ (ਹੇ ਗੁਰੂ ਰਾਮਦਾਸ ਜੀ!) ਮੈਂ ਆਪ ਜੀ ਨੂੰ ਕਿਸ ਚੀਜ ਨਾਲ ਉਪਮਾ ਦੇਵਾਂ, ਕਿਹੜੀ ਸੇਵਾ ਕਰਾਂ (ਮੈਂ ਉਪਮਾ ਅਤੇ ਸੇਵਾ ਕਰਨ ਤੋਂ ਅਸਮਰੱਥ ਹਾਂ, ਨਾਚੀਜ ਜਿਹਾ ਹਾਂ, ਇਸ ਲਈ) ਦੋਵੇਂ ਹੱਥ ਜੋੜ ਕੇ ਮੂੰਹ ਅਤੇ ਇਕ ਜੀਭ ਨਾਲ ਤੇਰੇ ਨਾਮ ਨੂੰ ਹੀ ਜਪਦਾ ਹਾਂ। (ਦੂਜਾ ਅਰਥ ਮੇਰੇ ਖਿਆਲ ਅਨੁਸਾਰ ਇਹ ਵੀ ਹੋ ਸਕਦਾ ਹੈ) ਮੂੰਹ ਵਿਚ ਇਕ ਜੀਭ ਨਾਲ ਜਾਂ ਮੂੰਹ ਤੇ ਜੀਭ ਨਾਲ ਇਕ ਨਾਮ ਨੂੰ ਹੀ ਜਪਦਾ ਹਾਂ (ਮੇਰੇ ਲਈ ਏਹੋ ਉਪਮਾ ਹੈ ਏਹੋ ਹੀ ਸੇਵਾ ਹੈ)।

ਅੰਗ ੧੩੯੯ = ਫੁਨਿ ਮਨ ਬਚ ਕ੍ਰਮ ਜਾਨੁ, ਅਨਤ ਦੂਜਾ ਨ ਮਾਨੁ, ਨਾਮੁ ਸੋ ਅਪਾਰੁ ਸਾਰੁ, ਦੀਨੋ ਗੁਰਿ ਰਿਦ ਧਰ ॥ (ਭੱਟ ਨਲ੍ਹ ਅਪਣੇ ਆਪ ਨੂੰ ਕਹਿੰਦਾ ਹੈ ਕਿ) ਫਿਰ ਮਨ ਬਚਨ ਕਰਮ ਕਰਕੇ (ਉਸ ਨਾਮ ਨੂੰ) ਜਾਣ ਲੈ, ਹੋਰ ਕਿਸੇ ਨੂੰ ਨਾ ਮੰਨ, ਉਹ ਬੇਅੰਤ ਹਰੀ ਦਾ ਉਤਮ ਨਾਮ ਗੁਰੂ (ਰਾਮਦਾਸ) ਨੇ ਮੇਰੇ ਹਿਰਦੇ ਵਿਚ ਟਿਕਾ ਦਿਤਾ ਹੈ; ਗੁਰੂ ਨੇ ਮੇਰੇ ਹਿਰਦੇ ਦਾ ਆਸਰਾ ਬਣਾ ਦਿਤਾ ਹੈ।

ਨਲ੍ਹ ਕਵਿ ਪਾਰਸ ਪਰਸ, ਕਚ ਕੰਚਨਾ ਹੋਇ, ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ ॥ ਨਲ੍ਹ ਕਵੀ ਆਖਦੇ ਹਨ, ਜਿਵੇਂ ਪਾਰਸ ਨਾਲ ਛੋਹ ਕੇ ਕੱਚਾ (ਨਿਕੰਮਾ ਮੈਲਾ ਲੋਹਾ) ਸੋਨਾ ਹੋ ਜਾਂਦਾ ਹੈ ਅਤੇ ਜਿਵੇਂ ਚੰਦਨ ਦੇ ਨੇੜੇ ਖੜ੍ਹੇ ਹੋਰ ਦਰੱਖਤਾਂ ਵਿਚ ਵੀ ਮਹਿਕ ਆ ਜਾਂਦੀ ਹੈ, (ਠੀਕ ਇਸੇ ਤਰ੍ਹਾਂ) ਜਿਸ (ਗੁਰੂ ਰਾਮਦਾਸ ਜੀ) ਨੂੰ ਸਿਮਰਿਆਂ (ਮਨੁੱਖ ਅਮੋਲਕ ਤੇ ਗੁਣਵਾਨ ਸੰਤ ਬਣ ਜਾਂਦਾ ਹੈ)।

ਜਾ ਕੇ ਦੇਖਤ ਦੁਆਰੇ, ਕਾਮ ਕ੍ਰੋਧ ਹੀ ਨਿਵਾਰੇ ਜੀ, ਹਉ ਬਲਿ ਬਲਿ ਜਾਉ, ਸਤਿਗੁਰ ਸਾਚੇ ਨਾਮ ਪਰ ॥੩॥ ਜਿਸ (ਗੁਰੂ ਰਾਮਦਾਸ ਜੀ ਦੇ) ਦਰ ਦੇ ਦਰਸ਼ਨ ਕੀਤਿਆਂ ਕਾਮ ਕ੍ਰੋਧ ਆਦਿ ਵਿਕਾਰ ਦੂਰ ਹੋ ਜਾਂਦੇ ਹਨ ਜੀ, (ਜੀ ਦੇਹਲੀ ਦੀਪਕ ਹੈ ਦੋਹਾਂ ਪਾਸੇ ਲਗ ਸਕਦਾ ਹੈ ।ਤਾਂ ਤੇ) ਮੈਂ ਸੱਤਗੁਰੂ ਰਾਮਦਾਸ ਜੀ ਦੇ ਸੱਚੇ ਨਾਮ ਤੋਂ ਮਨ ਬਾਣੀ ਕਰਕੇ ਸਦਕੇ ਜਾਂਦਾ ਹਾਂ (ਸਾਚੇ ਦਾ ਸਬੰਧ ਸੱਤਗੁਰੂ ਜਾਂ ਨਾਮ ਦੋਹਾਂ ਵਿਚੋਂ ਕਿਸੇ ਨਾਲ ਲਗਾਇਆ ਜਾ ਸਕਦਾ ਹੈ)।੩।

ਪਦਾਰਥ = ਹਉ-ਮੈਂ। ਬਲਿ ਬਲਿ ਜਾਉ-ਬਲਹਾਰ ਜਾਂਦਾ ਹਾਂ। ਪਰ-ਉਪਰੋਂ; ਤੋਂ। ਦੇਉ-ਦਿਆਂ। ਸਰੇਉ-ਸਰੇਵਾਂ ਭਾਵ ਸੇਵਾ ਕਰਾਂ। ਮੁਖ-ਮੂੰਹ ਨਾਲ; ਸਨਮੁਖ ਹੋ ਕੇ। ਰਸਨਾ-ਜੀਭ। ਰਸਹੁ-ਜਪਦਾ ਹਾਂ। ਜੁਗ ਕਰ-ਦੋਵੇਂ ਹੱਥ। ਜੋਰਿ-ਜੋੜ ਕੇ। ਫੁਨਿ-ਫਿਰ; ਅਤੇ ਹੋਰ। ਬਚ-ਬਚਨ। ਕ੍ਰਮ-ਕਰਮ; ਸਰੀਰ। ਅਨਤ-ਹੋਰ। ਨ ਮਾਨੁ-ਨਾ ਮੰਨ; ਨਾ ਪੂਜ। ਸੋ-ਉਹ। ਅਪਾਰੁ-ਬੇਅੰਤ। ਸਾਰੁ-ਉਤਮ; ਸ੍ਰੇਸਟ। ਦੀਨੋ-ਦਿਤਾ। ਗੁਰਿ-ਗੁਰੂ ਨੇ। ਰਿਦ ਧਰ-ਹਿਰਦੇ ਵਿਚ ਧਰ (ਰੱਖ) ਦਿਤਾ; ਹਿਰਦੇ ਦਾ ਆਸਰਾ। ਨਲ੍ਹ ਕਵਿ-ਭੱਟ ਕਵੀ ਨਲ੍ਹ। ਪਾਰਸ ਪਰਸ-ਪਾਰਸ ਦੀ ਛੋਹ ਨਾਲ। ਕਚ-ਕੱਚਾ; ਨਿਕੰਮਾ। ਕੰਚਨਾ-ਸੋਨਾ। ਹੋਇ-ਹੋ ਜਾਂਦਾ ਹੈ। ਸੁਬਾਸੁ-ਉਤਮ ਮਹਿਕ। ਜਾਸੁ-ਜਿਸ ਨੂੰ। ਅਨ ਤਰ-ਹੋਰ ਬ੍ਰਿਛ। ਜਾ ਕੇ-ਜਿਸ ਗੁਰੂ ਰਾਮ ਦਾਸ ਜੀ ਦੇ। ਦੁਆਰੇ-ਦਰ; ਦੁਆਰ (ਬੂਹੇ)। ਨਿਵਾਰੇ-ਦੂਰ ਹੁੰਦੇ ਹਨ।੩।

ਵਿਆਖਿਆ = ਨਲ੍ਹ ਜੀ ਵਾਰ ਵਾਰ ਗੁਰੂ ਜੀ ਤੋਂ ਕੁਰਬਾਨ ਜਾਂਦੇ ਹਨ। ਨਿਮ੍ਰੀ ਭਾਵ ਵਿਚ ਆ ਕੇ ਆਖਦੇ ਹਨ ਕਿ ਮੈਂ ਆਪ ਜੀ ਦੀ ਕੀ ਸੇਵਾ ਕਰਾਂ, ਮੇਰੇ ਵਿਚ ਤਾਕਤ ਨਹੀਂ, ਬੁੱਧੀ ਨਹੀਂ ਜਿਸ ਨਾਲ ਮੈਂ ਸੇਵਾ ਕਰਕੇ ਤੇਰਾ ਅਹਿਸਾਨ ਚੁਕਾ ਸਕਾਂ। ਤੇਰੇ ਵਰਗਾ ਹੋਰ ਦੂਜਾ ਕੋਈ ਹੈ ਹੀ ਨਹੀਂ, ਤਾਂ ਮੈਂ ਆਪ ਜੀ ਨੂੰ ਕਿਸ ਨਾਲ ਉਪਮਾ ਦੇਵਾਂ? ਮੈਂ ਤਾਂ ਕੇਵਲ ਇਹੀ ਕਰ ਸਕਦਾ ਹਾਂ ਕਿ ਜੀਭ ਨਾਲ ਤੇਰਾ ਜਸ ਕਰਾਂ। ਤੁਸੀਂ ਬੜੀ ਕਿਰਪਾ ਕੀਤੀ, ਨਾਮ ਮੇਰੇ ਦਿਲ ਵਿਚ ਧਰ ਦਿਤਾ। ਜਿਸ ਪਾਰਸ ਰੂਪ ਨਾਮ ਦੀ ਛੋਹ ਨਾਲ ਜੰਗਾਲਿਆ ਹੋਇਆ ਮੇਰਾ ਮਨ ਅਨਮੋਲ ਹੋ ਗਿਆ ਅਤੇ ਚੰਦਨ ਰੂਪ ਗੁਰੂ ਦੇ ਗੁਣਾਂ ਦੀ ਖੁਸ਼ਬੂ ਨੇ ਮੈਨੂੰ ਗੁਰਮੁਖ ਬਣਾ ਦਿਤਾ ਹੈ। ਆਪ ਜੀ ਦੇ ਦਰ ਦੇ ਸੇਵਕ ਬਣਨ ਨਾਲ ਕਾਮਾਦਿਕ ਨੱਸ ਜਾਂਦੇ ਹਨ।੩।

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ ਹੇ ਗੁਰੂ ਰਾਮਦਾਸ ਜੀ! (ਆਪ ਜੀ ਨੂੰ ਗੁਰੂ ਅਮਰਦਾਸ ਜੀ ਨੇ ਪੂਰਨ ਪ੍ਰਸੰਨ ਹੋ ਕੇ)

ਰਾਜ ਜੋਗ ਵਾਲਾ ਤਖਤ ਬਖਸ਼ ਦਿਤਾ।

ਪ੍ਰਥਮੇ ਨਾਨਕ ਚੰਦੁ, ਜਗਤ ਭਯੋ ਆਨੰਦੁ, ਤਾਰਨਿ ਮਨੁਖ੍ ਜਨ ਕੀਅਉ ਪ੍ਰਗਾਸ ॥ ਪਹਿਲਾਂ ਗੁਰੂ ਨਾਨਕ ਦੇਵ ਜੀ ਚੰਦ (ਰੂਪ ਪ੍ਰਗਟ ਹੋਏ, ਇਸ ਨਾਲ) ਜਗਤ ਵਿਚ (ਬੜਾ) ਅਨੰਦ ਹੋਇਆ, (ਜਿਨ੍ਹਾਂ ਨੇ) ਮਨੁੱਖ ਜਨਾਂ ਨੂੰ (ਸੰਸਾਰ ਸਾਗਰ ਤੋਂ) ਤਾਰਨ ਲਈ (ਨਾਮ ਬਾਣੀ ਦਾ) ਪਕਾਸ਼ ਕੀਤਾ। ਬਲਿਓ ਚਰਾਗੁ ਅਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ।(੧੩੮੭)

ਗੁਰ ਅੰਗਦ ਦੀਅਉ ਨਿਧਾਨੁ, ਅਕਥ ਕਥਾ ਗਿਆਨੁ, ਪੰਚ ਭੂਤ ਬਸਿ ਕੀਨੇ, ਜਮਤ ਨ ਤ੍ਰਾਸ ॥ (ਫਿਰ ਗੁਰੂ ਨਾਨਕ ਦੇਵ ਜੀ ਨੇ) ਅਕੱਥ ਪ੍ਰਭੂ ਦੀ ਕਥਾ ਦਾ ਗਿਆਨ ਰੂਪ ਖਜਾਨਾ ਗੁਰੂ ਅੰਗਦ ਦੇਵ ਜੀ ਨੂੰ ਬਖਸ਼ ਦਿਤਾ, (ਗੁਰੂ ਅੰਗਦ ਦੇਵ ਜੀ ਨੇ) ਪੰਜੇ ਕਾਮਾਦਿਕ ਭੂਤ ਵਸ ਕਰ ਲਏ (ਜਿਸ ਕਰਕੇ ਉਨ੍ਹਾਂ ਭੂਤਾਂ ਦਾ ਕੋਈ) ਡਰ ਪੈਦਾ ਨਹੀ ਹੁੰਦਾ (ਸ਼ਬਦਾਰਥ; ਫ.ਸ.; ਸੰ.ਸ.); ਜਮਾਂ ਦਾ ਡਰ ਨਾ ਰਿਹਾ (ਸੰ. ਸ.; ਨਿਰਣੈ); ਜਨਮ ਅਤੇ ਅੰਤ (ਮਰਨ ਦਾ ਕੋਈ) ਡਰ ਨਾ ਰਿਹਾ (ਟਕਸਾਲ)।

ਗੁਰ ਅਮਰੁ ਗੁਰੂ ਸ੍ਰੀ ਸਤਿ, ਕਲਿਜੁਗਿ ਰਾਖੀ ਪਤਿ, ਅਘਨ ਦੇਖਤ ਗਤੁ, ਚਰਨ ਕਵਲ ਜਾਸ ॥ (ਫਿਰ) ਸ੍ਰੀ ਸੱਤਗੁਰੂ ਅਮਰਦਾਸ ਜੀ ਗੁਰੂ ਹੋਏ ਹਨ, ਜਿਨ੍ਹਾਂ ਕਲਜੁਗੀ ਜੀਵਾਂ ਦੀ ਪੱਤ ਰਖੀ ਅਤੇ ਜਿਸ (ਗੁਰੂ ਅਮਰਦਾਸ ਜੀ ਦੇ) ਚਰਨ ਕੰਵਲਾਂ ਦਾ ਦਰਸ਼ਨ ਕੀਤਿਆਂ ਪਾਪ ਨਾਸ਼ ਹੋ ਜਾਂਦੇ ਹਨ।

ਸਭ ਬਿਧਿ ਮਾਨ੍ਯਿਉ ਮਨੁ, ਤਬ ਹੀ ਭਯਉ ਪ੍ਰਸੰਨੁ, ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥੪॥ (ਜਦੋਂ ਗੁਰੂ ਅਮਰਦਾਸ ਜੀ ਦਾ) ਮਨ ਸਭ ਤਰ੍ਹਾਂ ਨਾਲ ਮੰਨ ਗਿਆ (ਪ੍ਰੀਖਿਆ ਲੈ ਕੇ ਤਸੱਲੀ ਹੋ ਗਈ, ਤਾਂ ਗੁਰੂ ਰਾਮਦਾਸ ਜੀ ਉਪਰ) ਓਦੋਂ ਹੀ ਪ੍ਰਸੰਨ ਹੋਏ ਅਤੇ ਰਾਜ ਜੋਗ ਵਾਲਾ ਤਖਤ ਗੁਰੂ ਰਾਮਦਾਸ ਜੀ ਨੂੰ ਬਖਸ਼ ਦਿਤਾ।੪।

ਪਦਾਰਥ = ਰਾਜੁ ਜੋਗੁ–ਰਾਜ ਕਰਦੇ ਹੋਏ ਜੋਗ ਕਰਨਾ (ਸੰਸਾਰੀ ਭੋਗਾਂ ਨੂੰ ਭੋਗਦਿਆਂ ਵੀ ਮਨ ਕਰਤਾਰ ਵਿਚ ਜੋੜਨਾ); ਸੰਸਾਰਕ ਵਿਹਾਰ ਕਰਦੇ ਹੋਏ ਮਨ ਨੂੰ ਹਰੀ ਨਾਲ ਜੋੜੀ ਰਖਣਾ; ਮਨ ਨੂੰ ਫੁਰਨਿਆਂ ਤੋਂ ਰਹਿਤ ਕਰ ਲੈਣਾ।ਤਖਤ–ਗੁਰਿਆਈ ਗੱਦੀ ਦਾ ਸਿੰਘਾਸਨ।ਦੀਅਨੁ–ਬਖਸ਼ ਦਿਤਾ।ਪ੍ਰਥਮੇ–ਪਹਿਲਾਂ।ਚੰਦੁ–ਚੰਦ੍ਰਮਾ ਰੂਪ (ਚੰਦ ਵਾਂਗ ਸ਼ਾਂਤ ਮਈ ਪ੍ਰਕਾਸ਼ ਕਰਨ ਵਾਲੇ)।ਭਯੋ–(ਭਇਓ ਬੋਲੋ) ਹੋਇਆ।ਤਾਰਨਿ–ਤਾਰਨ ਲਈ।ਮਨੁਖ੍ ਜਨ–ਮਨੁੱਖ ਜਨਾਂ ਨੂੰ; ਮਨੁੱਖ ਜਾਤੀ ਨੂੰ; ਨਰ ਨਾਰੀਆਂ ਨੂੰ (ਸੰ.ਸ.; ਟਕਸਾਲ)। ਕੀਅਉ–ਕੀਤਾ।ਦੀਅਉ–ਦਿਤਾ।ਨਿਧਾਨੁ–ਖਜਾਨਾ।ਅਕਥ ਕਥਾ ਗਿਆਨੁ–ਪ੍ਰਭੂ ਦੀ ਕਥਾ ਦਾ ਗਿਆਨ।ਪੰਚ ਭੂਤ–ਪੰਜ ਕਾਮਾਦਿਕ (ਜੋ ਟਿਕਾਉ ਨਹੀ ਹੋਣ ਦਿੰਦੇ, ਭੂਤਾਂ ਵਾਂਙ ਨਚਾਈ ਫਿਰਦੇ ਹਨ)।ਬਸਿ ਕੀਨੇ–ਕਾਬੂ ਕਰ ਲਏ।ਜਮਤ ਨ–ਜੰਮਦਾ (ਪੈਦਾ ਹੁੰਦਾ) ਨਹੀ; ਜਮਤਨ–(ਜਨਮ+ਅੰਤ) ਜਨਮ ਮਰਨ; ਜਮਾਂ ਦਾ।ਤ੍ਰਾਸ–ਡਰ।ਗੁਰੂ ਸ੍ਰੀ ਸਤਿ–ਸ੍ਰੀ ਸੱਤਗੁਰੂ।ਪਤਿ–ਇਜਤ।ਅਘਨ–ਪਾਪ। ਗਤੁ–ਨਾਸ਼ ਹੁੰਦੇ ਹਨ।ਜਾਸ–ਜਿਸ।ਸਭ ਬਿਧਿ–ਸਭ ਤਰਾਂ; ਪੂਰੀ ਤਰ੍ਹਾਂ।ਮਾਨ੍ਯਿਉ ਮਨੁ–(ਮਾਨਿਅਉ ਬੋਲੋ) ਮਨ ਦੀ ਤਸੁੱਲੀ ਹੋ ਗਈ; ਮਨ ਮੰਨ ਗਿਆ।ਤਬ ਹੀ–ਉਦੋਂ ਹੀ।ਭਯਉ–(ਭਇਅਉ ਬੋਲੋ) ਹੋਇਆ।੪।

ਵਿਆਖਿਆ = ਚੰਦ ਤੋਂ ਭਾਵ ਉਚੇਪਣ ਦਾ ਹੈ, ਗੁਰੂ ਚੰਦ੍ਰਮਾ ਵਾਂਗ ਸੋਹਣੇ ਠੰਡੇ ਪ੍ਰਕਾਸ਼ ਦੇ ਦਾਤਾ ਹਨ।ਕਲਜੁਗ ਜਪੀਆਂ ਤਪੀਆਂ ਸਾਧੂਆਂ ਗੁਣੀ ਗਿਆਨੀਆਂ ਕਿਸੇ ਦੀ ਪੱਤ ਨਹੀ ਸੀ ਰਹਿਣ ਦਿੰਦਾ, ਸਭ ਤੇ ਅਪਨਾ ਬਲ ਪਾਉਂਦਾ ਸੀ।ਗੁਰੂ ਜੀ ਨੇ ਕਾਮ ਕ੍ਰੋਧ ਹੱਥੋਂ ਬੇਇੱਜਤ ਹੁੰਦੇ ਲੋਕਾਂ ਦੀ ਇਜਤ ਰਖੀ।ਗੁਰੂ ਅਮਰਦਾਸ ਜੀ ਨੇ ਅਪਣੇ ਸਾਕ ਸਬੰਧੀਆਂ ਸਭ ਦੀ ਪ੍ਰੀਖਿਆ ਲਈ।ਪ੍ਰੀਖਿਆ ਵਿਚੋਂ ਪੂਰੇ ਉਤਰੇ ਗੁਰੂ ਰਾਮਦਾਸ ਜੀ ਨੂੰ ਖੁਸ਼ ਹੋ ਕੇ ਗੁਰਿਆਈ ਗੱਦੀ ਦੇ ਸਿੰਘਾਸਨ ਤੇ ਬਿਠਾ ਦਿਤਾ।੪।

ਰਡ ॥ ਜਿਸਹਿ ਧਾਰ੍ਯਿਉ ਧਰਤਿ ਅਰੁ ਵਿਉਮੁ, ਅਰੁ ਪਵਣੁ ਤੇ ਨੀਰ ਸਰ, ਅਵਰ ਅਨਲ ਅਨਾਦਿ ਕੀਅਉ ॥ ਜਿਸ ਕਰਤਾਰ ਨੇ ਧਰਤੀ ਅਤੇ ਅਕਾਸ਼ (ਪੈਦਾ ਕਰਕੇ ਅਪਣੀ ਸੱਤਾ ਦੇ ਆਸਰੇ) ਟਿਕਾ ਕੇ ਰਖੇ ਹੋਏ ਹਨ ਅਤੇ ਪੌਣ ਤੇ ਸਰੋਵਰਾਂ ਦਾ ਪਾਣੀ, ਹੋਰ ਅੱਗ ਅੰਨ ਆਦਿ ਪੈਦਾ ਕੀਤੇ ਹਨ।

ਸਸਿ ਰਿਖਿ ਨਿਸਿ, ਸੂਰ ਦਿਨ ਸੈਲ, ਤਰੂਅ ਫਲ ਫੁਲ ਦੀਅਉ ॥ (ਜਿਸ ਦੀ ਸ਼ਕਤੀ ਕਰਕੇ) ਰਾਤ ਨੂੰ ਚੰਦ੍ਰਮਾ ਤੇ ਤਾਰੇ ਅਤੇ ਦਿਨੇ ਸੂਰਜ (ਚੜ੍ਹਦੇ ਹਨ) ਅਤੇ ਪਹਾੜ ਬਣਾਏ ਅਤੇ ਦਰੱਖਤਾਂ ਨੂੰ ਫੁੱਲ ਫਲ ਲਗਾ ਦਿਤੇ ਹਨ।

ਸੁਰਿ ਨਰ ਸਪਤ ਸਮੁਦ੍ਰ ਕਿਅ, ਧਾਰਿਓ ਤ੍ਰਿਭਵਣ ਜਾਸੁ ॥ ਦੇਵਤੇ, ਮਨੁੱਖ, ਸੱਤ ਸਮੁੰਦਰ (ਹਰੀ ਨੇ) ਪੈਦਾ ਕੀਤੇ ਹਨ ਅਤੇ ਜਿਸ ਨੇ ਤਿੰਨ ਭਵਨ (ਨਾਮ ਦੀ ਸ਼ਕਤੀ ਦੇ ਆਸਰੇ) ਟਿਕਾਏ ਹੋਏ ਹਨ।

ਸੋਈ ਏਕੁ ਨਾਮੁ ਹਰਿ ਨਾਮੁ ਸਤਿ, ਪਾਇਓ ਗੁਰ ਅਮਰ ਪ੍ਰਗਾਸੁ ॥੧॥੫॥ ਓਹੀ ਇਕ ਹਰੀ ਦਾ ਨਾਮ ਜੋ ਸਦਾ ਰਹਿਣ ਵਾਲਾ ਨਾਮ ਹੈ, (ਇਸ ਦਾ) ਪ੍ਰਕਾਸ਼ (ਗੁਰੂ ਰਾਮਦਾਸ ਜੀ ਨੇ) ਗੁਰੂ ਅਮਰਦਾਸ ਜੀ ਤੋਂ ਪ੍ਰਾਪਤ ਕੀਤਾ ਹੈ।੧।੫।

ਪਦਾਰਥ = ਰਡ–ਇਕ ਛੰਦ ਦਾ ਨਾਮ; ਟਕਸਾਲ ਅਤੇ ਸੰ.ਸ. ਨੇ ਰਡ ਭੱਟ ਦਾ ਨਾਮ ਦਸਿਆ ਹੈ ਜੋ ਨਾਰਦ ਦਾ ਅਵਤਾਰ ਹੈ; ੧. ਭੱਟ, ਯਥਾ–ਭੇਰੀ ਸਡੋ ਰਡ (ਅੰਗ ੧੩੮੦) ਭੇਰੀਆਂ ਵਜਦੀਆਂ ਹਨ ਤੇ ਭੱਟ ਛੰਦ ਗਾਉਂਦੇ ਹਨ, ੨. ਸ੍ਵਯੇ ਛੰਦ ਦਾ ਇਕ ਪ੍ਰਕਾਰ (ਭਾ. ਵੀਰ ਸਿੰਘ ਸ੍ਰੀ ਗੁ. ਗ੍ਰੰ. ਸਾ. ਕੋਸ਼)।ਜਿਸਹਿ–ਜਿਸ ਕਰਤਾਰ ਨੇ।ਧਾਰ੍ਯਿਉ–ਧਾਰਿਅਉ ਬੋਲੋ (ਆਸਰਾ ਦੇ ਕੇ) ਟਿਕਾ ਕੇ ਰਖਿਆ

;ਬਣਾਇਆ ਹੈ।ਅਰੁ-ਅਤੇ।ਵਿਉਮੁ-ਅਕਾਸ਼।ਤੇ-ਅਤੇ।ਨੀਰ ਸਰ-ਸਰੋਵਰਾਂ ਦਾ ਪਾਣੀ।ਅਵਰ-ਹੋਰ; ਔਰ।ਅਨਲ-(ਅਨੰਲ ਨਾ ਬੋਲੋ) ਅੱਗ।ਅਨਾਦਿ-ਅਨਾਜ ਆਦਿ।ਕੀਅਉ-ਪੈਦਾ ਕੀਤਾ।ਸਸਿ-ਚੰਦ।ਰਿਖਿ-ਤਾਰੇ।ਨਿਸਿ-ਰਾਤ।ਸੂਰ-ਸੂਰਜ।ਸੈਲ-ਪਹਾੜ। ਤਰੂਅ-(ਤਰੂਆ ਨਹੀਂ ਪੜ੍ਹਨਾ) ਦਰੱਖਤ।ਦੀਅਉ-ਦਿਤੇ।ਸੁਰਿ-ਦੇਵਤੇ।ਨਰ-ਮਨੁੱਖ।ਸਪਤ ਸਮੁਦ੍ਰ-(ਸਪੱਤ ਪੜ੍ਹਨਾ ਅਸ਼ੁੱਧ ਹੈ) ਸੱਤ ਸਮੁੰਦਰ।ਕਿਅ-ਬਣਾਏ।ਧਾਰਿਓ-ਟਿਕਾ ਕੇ ਰੱਖੇ ਹਨ।ਤ੍ਰਿਭਵਣ-ਤਿੰਨ ਭਵਣ (ਮਾਤ ਲੋਕ, ਪਤਾਲ ਲੋਕ ਅਤੇ ਪਰਲੋਕ)। ਜਾਸੁ-ਜਿਸ ਨੇ (ਦਰਪਣ)।ਸੋਈ-ਓਹੀ।ਸਤਿ-ਸਦਾ ਥਿਰ ਰਹਿਣ ਵਾਲਾ।ਗੁਰ ਅਮਰ-ਗੁਰੂ ਅਮਰਦਾਸ ਜੀ ਤੋਂ।੧।੫।

ਵਿਆਖਿਆ = ਕਰਤਾਰ ਨੇ ਸਾਰਾ ਦਿਸਦਾ ਅਣਦਿਸਦਾ ਸੰਸਾਰ ਪੈਦਾ ਕੀਤਾ ਹੈ।ਨਾਮ ਵੀ ਹਰੀ ਨੇ ਪੈਦਾ ਕੀਤਾ ਹੈ, ਨਾਮ ਹਰੀ ਦੀ ਰਚਨਾ ਕਰਨ ਵਾਲੀ ਸ਼ਕਤੀ ਹੈ {ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ੪੬੩} ਸਾਰਾ ਬ੍ਰਹਿਮੰਡ ਨਾਮ ਦੇ ਸਹਾਰੇ ਖੜਾ ਹੈ। {ਨਾਮ ਕੇ ਧਾਰੇ ਸਗਲੇ ਜੰਤ।ਨਾਮ ਕੇ ਧਾਰੇ ਖੰਡ ਬ੍ਰਹਮੰਡ।...ਨਾਮ ਕੇ ਧਾਰੇ ਆਗਾਸ ਪਾਤਾਲ।ਨਾਮ ਕੇ ਧਾਰੇ ਸਗਲ ਆਕਾਰ ੨੮੪} ਨਾਮ ਦੀ ਸ਼ਕਤੀ ਨਾਲ ਸੂਰਜ ਅਤੇ ਚੰਦ ਸੰਸਾਰ ਵਿਚ ਚਾਨਣਾ ਕਰਦੇ ਹਨ।ਹਵਾ ਅੱਗ ਪਾਣੀ ਪਹਾੜ ਸਭ ਹਰੀ ਦੇ ਪੈਦਾ ਕੀਤੇ ਹਨ ਅਤੇ ਹਰੀ ਦੇ ਹੁਕਮ ਵਿਚ ਕਾਰ ਕਰਦੇ ਹਨ।ਫੁਲਾਂ ਵਿਚ ਮਹਿਕ ਅਤੇ ਫਲਾਂ ਵਿਚ ਰਸ ਹਰੀ ਹੀ ਭਰਦਾ ਹੈ।

ਕਚਹੁ ਕੰਚਨੁ ਭਇਅਉ, ਸਬਦੁ ਗੁਰ ਸ੍ਰਵਣਹਿ ਸੁਣਿਓ ॥ ਬਿਖੁ ਤੇ ਅੰਮ੍ਰਿਤੁ ਹੁਯਉ, ਨਾਮੁ ਸਤਿਗੁਰ ਮੁਖਿ ਭਣਿਅਉ ॥ ਗੁਰੂ (ਰਾਮਦਾਸ ਜੀ) ਦਾ ਸ਼ਬਦ (ਜਿਸ ਨੇ) ਕੰਨਾਂ ਨਾਲ ਸੁਣਿਆ ਹੈ, (ਉਹ ਮਨੁੱਖ) ਕੰਚ ਤੋਂ ਸੋਨਾ ਬਣ ਗਿਆ ਹੈ।(ਜਿਸ ਮਨੁੱਖ ਨੇ ਗੁਰੂ ਰਾਮਦਾਸ ਜੀ ਤੋਂ ਉਪਦੇਸ਼ ਲੈ ਕੇ) ਸੱਤਗੁਰੂ ਦਾ ਨਾਮ ਮੂੰਹ ਨਾਲ ਜਪਿਆ ਹੈ, (ਉਹ ਮਨੁੱਖ) ਵਿਹੁ ਤੋਂ ਅੰਮ੍ਰਿਤ ਹੋ ਗਿਆ (ਉਹ ਵਿਸ਼ਈ ਜੀਵਨ ਤੋਂ ਅੰਮ੍ਰਿਤ ਮਈ ਜਾਂ ਦੁਖਾਂ ਵਾਲੇ ਜੀਵਨ ਤੋਂ ਸੁੱਖੀ ਜੀਵਨ ਵਾਲਾ ਬਣ ਗਿਆ ਹੈ)।

ਲੋਹਉ ਹੋਯਉ ਲਾਲੁ, ਨਦਰਿ ਸਤਿਗੁਰੁ ਜਦਿ ਧਾਰੈ ॥ ਪਾਹਣ ਮਾਣਕ ਕਰੈ, ਗਿਆਨੁ ਗੁਰ ਕਹਿਅਉ ਬੀਚਾਰੈ ॥ ਸੱਤਗੁਰੂ (ਰਾਮਦਾਸ ਜੀ) ਜਦ ਮੇਹਰ ਦੀ ਨਜਰ ਕਰਦੇ ਹਨ, ਤਾਂ ਲੋਹੇ (ਵਰਗਾ ਕਠੋਰ ਅਤੇ ਕਾਲੇ ਮਨ ਵਾਲਾ ਮਨੁੱਖ ਵੀ ਕੀਮਤੀ) ਲਾਲ ਹੋ ਜਾਂਦਾ ਹੈ (ਗੁਣਵਾਨ ਬਣ ਜਾਂਦਾ ਹੈ)।ਪੱਥਰਾਂ (ਵਾਂਗ ਅਭਿੱਜ ਅਤੇ ਪਾਪਾਂ ਕਰਕੇ ਭਾਰੇ ਡੁਬਣ ਵਾਲੇ ਮਨੁੱਖਾਂ ਨੂੰ ਗੁਰੂ ਜੀ ਕੀਮਤੀ) ਰਤਨ ਕਰ (ਬਣਾ) ਦੇਂਦੇ ਹਨ, (ਜੋ ਮਨੁੱਖ) ਗੁਰੂ ਦੇ ਉਚਾਰੇ ਹੋਏ ਗਿਆਨ ਨੂੰ ਬਿਚਾਰਦੇ ਹਨ।

ਕਾਠਹੁ ਸ੍ਰੀ ਖੰਡ ਸਤਿਗੁਰਿ ਕੀਅਉ, ਦੁਖ ਦਰਿਦ੍ਰ ਤਿਨ ਕੇ ਗਇਅ ॥ (ਕਿਸੇ ਕੰਮ ਨਾ ਆਉਣ ਵਾਲੀ) ਲੱਕੜ (ਦੀ ਨਿਆਈ ਮਨੁੱਖਾਂ) ਨੂੰ ਸੱਤਗੁਰੂ (ਰਾਮਦਾਸ ਜੀ) ਨੇ ਚੰਦਨ (ਵਾਂਗ ਕੀਮਤੀ) ਬਣਾ ਦਿਤਾ ਅਤੇ ਉਨ੍ਹਾਂ ਦੇ ਸਾਰੇ ਦੁੱਖ ਦਲਿਦ੍ਰ ਦੂਰ ਹੋ ਗਏ ਹਨ।

ਸਤਿਗੁਰੂ ਚਰਨ ਜਿਨ੍ ਪਰਸਿਆ, ਸੇ ਪਸੁ ਪਰੇਤ ਸੁਰਿ ਨਰ ਭਇਅ ॥੨॥੬॥ ਸੱਤਗੁਰੂ (ਜਿਨ੍ਹਾਂ ਪੁਰਖਾਂ ਨੇ ਰਾਮਦਾਸ ਜੀ ਦੇ) ਚਰਨ ਪਰਸੇ ਹਨ, ਉਹ ਪਸ਼ੂਆਂ ਪਰੇਤਾਂ ਅਤੇ ਮਨੁਖਾਂ ਤੋਂ ਦੇਵਤੇ (ਜਾਂ ਦੇਵਤਾ ਰੂਪ ਮਨੁੱਖ) ਬਣ ਗਏ ਹਨ; ਉਹ ਪਸੂ (ਬ੍ਰਿਤੀ) ਤੋਂ ਸ੍ਰੇਸਟ ਮਨੁੱਖ ਅਤੇ ਪ੍ਰੇਤ (ਬ੍ਰਿਤੀ) ਤੋਂ ਦੇਵਤਾ ਰੂਪ ਹੋ ਗਏ ਹਨ; ਉਹ ਪਸ਼ੂਆਂ ਪ੍ਰੇਤਾਂ ਅਤੇ ਦੇਵਤਿਆਂ ਵਿਚ ਮੁਖੀ ਸ਼੍ਰੋਮਣੀ ਦੇ ਮਨੁੱਖ ਹੋ ਗਏ ਹਨ (ਫ. ਸ.)।੨।੬।

ਪਦਾਰਥ = ਕਚਹੁ-ਕੰਚ ਤੋਂ।ਭਇਅਉ-ਹੋ ਗਿਆ।ਸ੍ਰਵਣਹਿ-ਕੰਨਾਂ ਨਾਲ।ਬਿਖੁ ਤੇ-ਜਹਿਰ ਤੋਂ।ਹੁਯਉ-(ਹੁਇਅਉ ਉਚਾਰੋ) ਹੋ ਗਿਆ।ਮੁਖਿ-ਮੂੰਹ ਨਾਲ।ਭਣਿਅਉ-ਜਪਿਆ।ਲੋਹਉ-ਲੋਹੇ ਤੋਂ।ਲਾਲੁ-ਲਾਲ ਰੰਗ ਦਾ ਬਹੁਤ ਕੀਮਤੀ ਰਤਨ।ਨਦਰਿ ਧਾਰੈ-ਮੇਹਰ ਭਰੀ ਨਜਰ ਕਰਦਾ ਹੈ।ਜਦਿ-ਜਦੋਂ।ਪਾਹਣੁ-ਪੱਥਰ।ਮਾਣਕ-ਹੀਰਾ; ਮੋਤੀ (ਗੁਣਵਾਨ)।ਕਹਿਅਉ-ਕਿਹਾ ਹੋਇਆ।ਕਾਠਹੁ-(ਢੱਕ ਜਾਂ ਅੱਕ ਆਦਿ ਦੀ ਨਿਕੰਮੀ) ਲੱਕੜ ਤੋਂ।ਸ੍ਰੀ ਖੰਡ-ਚੰਦਨ।ਸਤਿਗੁਰਿ-ਸੱਤਗੁਰੂ ਨੇ।ਕੀਅਉ-ਕਰ (ਬਣਾ) ਦਿਤਾ।ਦਰਿਦ੍ਰ-ਗਰੀਬੀ। ਤਿਨ ਕੇ-ਉਨ੍ਹਾਂ ਦੇ।ਗਇਅ-ਦੂਰ ਹੋ ਗਏ।ਸੇ-ਉਹ (ਮਨੁੱਖ)।ਸੁਰਿ-ਦੇਵਤੇ।ਨਰ-ਮਨੁੱਖ।ਭਇਅ-ਹੋ ਗਏ।(ਗਇਅ ਅਤੇ ਭਇਅ ਦਾ ਉਚਾਰਣ ਗਇਆ ਅਤੇ ਭਇਆ ਕਰਨਾ ਅਸ਼ੁੱਧ ਹੈ, ਗਏਅ ਅਤੇ ਭਏਅ ਵਾਂਙ ਥੋੜਾ ਲਮਕਾ ਕੇ ਕਰੋ)।੨।੬।

ਵਿਆਖਿਆ = (੧) ਕੰਚ ਵਾਂਗ ਤੁੱਛ ਕੀਮਤ ਵਾਲਾ ਜਰਾ ਜਿਹੀ ਦੁੱਖ ਰੂਪ ਠੋਕਰ ਨਾਲ ਟੁੱਟ ਜਾਣ ਵਾਲਾ ਮਨੁੱਖੀ ਮਨ, ਗੁਰੂ ਦੇ ਸ਼ਬਦ ਨੂੰ ਸੁਣ ਕੇ ਸ਼ੁੱਧ ਸੋਨੇ ਵਰਗਾ ਕੀਮਤੀ ਤੇ ਤਾਕਤ ਵਾਲਾ ਬਣ ਜਾਂਦਾ ਹੈ।ਜਿਵੇਂ ਸੋਨਾ ਅੱਗ ਦਾ ਸੇਕ ਸਹਾਰ ਕੇ ਵਧ ਚਮਕ ਵਾਲਾ ਹੁੰਦਾ ਹੈ, ਇਸੇ ਤਰ੍ਹਾਂ ਗੁਰ ਸ਼ਬਦ ਸੁਣ ਕੇ ਢੱਠਾ ਮਨ ਮਜਬੂਤ ਬਣ ਕੇ ਗੁਣਾਂ ਨਾਲ ਸ਼ਿੰਗਾਰਿਆ ਜਾਂਦਾ ਹੈ।੧੮ ਵੀਂ ਸਦੀ ਦੇ ਸਿੰਘ ਅਨੇਕਾਂ ਬਿਪਤਾਂ ਝੱਲ ਕੇ ਵੀ ਮਨ ਨੂੰ ਨਾਮ ਬਾਣੀ ਨਾਲ ਜੋੜੀ ਰਖਦੇ ਸਨ।(੨) ਨਾਮ ਜਪਣ ਵਾਲੇ ਮਨੁੱਖ ਦਾ ਵਿਸ਼ਿਆਂ ਵਿਕਾਰਾਂ ਵਾਲਾ (ਸ਼ਰਾਬੀ ਕਬਾਬੀ) ਦੁਖੀ ਜੀਵਨ ਬਦਲ ਕੇ ਅੰਮ੍ਰਿਤ ਮਈ ਸੁਖੀ ਹੋ ਜਾਂਦਾ ਹੈ।ਗੁਰੂ ਨਾਨਕ ਦੇਵ ਜੀ ਨੇ ਕੌੜੇ ਰੀਠੇ ਮਿਠੇ ਕਰ ਦਿਤੇ।ਮਰਦਾਨੇ ਦੇ ਖਾਣ ਵਾਲੀ ਅੱਕ ਦੀ ਖਖੜੀ ਨੂੰ ਅੰਮ੍ਰਿਤ ਫਲ ਕਰ ਦਿਤਾ।ਨਾਮ ਦੇ ਪ੍ਰਤਾਪ ਕਰਕੇ ਵਿਸ਼ਿਆਂ ਦੀ ਵਿਹੁ ਅੰਮ੍ਰਿਤ ਬਣ ਜਾਂਦੀ ਹੈ {ਨਾਉ ਤੇਰਾ ਅੰਮ੍ਰਿਤੁ ,ਬਿਖੁ ਉਠਿ ਜਾਇ ੧੩੨੭}।(੩) ਲੋਹਾ ਕਾਲਾ ਅਤੇ ਭਾਰਾ ਹੈ।ਮਨੁੱਖ ਦਾ ਮਨ ਮਾਯਾ ਦੇ ਲੋਭ ਤੇ ਹੰਕਾਰ ਕਰਕੇ ਕਾਲਾ ਅਤੇ ਭਾਰਾ ਹੈ।ਸੱਤਗੁਰੂ ਦੀ ਕ੍ਰਿਪਾ ਦ੍ਰਿਸਟੀ ਦਾ ਸਦਕਾ ਆਤਮ ਪ੍ਰਕਾਸ਼ ਵਾਲਾ ਕੀਮਤੀ ਰਤਨ ਬਣ ਗਿਆ ਹੈ।(੪) ਪਾਪਾਂ ਕਰ ਕੇ ਪੱਥਰ ਵਾਂਗ ਭਾਰੇ ਅਤੇ ਡੁੱਬਣ ਵਾਲੇ ਅਭਿੱਜ ਹੰਕਾਰੀ ਮਨੁੱਖ ਜਦ ਗੁਰੂ ਜੀ ਦੇ ਉਚਾਰੇ ਬਚਨਾਂ ਨੂੰ

ਬਿਚਾਰ ਕੇ ਅਮਲ ਵਿਚ ਲਿਆਉਂਦੇ ਹਨ ਤਾਂ ਗੁਰੂ ਉਨ੍ਹਾਂ ਨੂੰ ਹੀਰੇ ਵਾਂਙ ਕੀਮਤੀ ਗੁਣਾਂ ਵਾਲੇ ਬਣਾ ਦਿੰਦਾ ਹੈ।(੫) ਕਈ ਲਕੜਾਂ ਕਿਸੇ ਕੰਮ ਨਹੀਂ ਆਉਂਦੀਆਂ, ਜਿਵੇਂ ਢੱਕ ਪਲਾਸ ਅੱਕ ਜਾਂ ਬੋਹੜ ਆਦਿ ਹੈ ਜਾਂ ਪੁਰਾਣੀ ਥੋਥੀ ਜਾਂ ਘੁਣ ਦੀ ਖਾਧੀ ਹੋਵੇ।ਇਸੇ ਤਰ੍ਹਾਂ ਗੁਣਾਂ ਤੋਂ ਖਾਲੀ, ਈਰਖਾ ਅਤੇ ਸਾੜੇ ਦੇ ਘੁਣੇ ਦਾ ਖਾਧਾ ਮਨੁੱਖ ਜੇ ਗੁਰੂ ਜੀ ਦੀ ਸ਼ਰਣ ਵਿਚ ਆਵੇ ਤਾਂ ਗੁਰੂ ਜੀ ਉਸ ਨੂੰ ਚੰਦਨ ਵਾਂਗ ਗੁਣਾਂ ਅਤੇ ਭਗਤੀ ਦੀ ਖੁਸ਼ਬੋ ਵਾਲਾ ਬਣ ਦੇਂਦੇ ਹਨ।ਉਨ੍ਹਾਂ ਦੇ ਦੁਖ ਦਲਿਦ੍ਰ ਤਪਸ਼ ਆਦਿ ਸਾਰੇ ਔਗੁਣ ਦੂਰ ਹੋ ਕੇ ਹਿਰਦਾ ਚੰਦਨ ਵਾਂਗ ਠੰਢਾ ਹੋ ਜਾਂਦਾ ਹੈ {ਬਿਖੁ ਸੇ ਅੰਮ੍ਰਿਤ ਭਏ, ਗੁਰਮਤਿ ਬੁਧਿ ਪਾਈ।ਅਕਹੁ ਪਰਮਲ ਭਏ, ਅੰਤਰਿ ਵਾਸਨਾ ਵਸਾਈ ੫੯੫}। (੬) ਸੱਤਗੁਰੂ ਦੇ ਚਰਣ ਛੋਹਣ ਵਾਲੇ ਪਸ਼ੂ ਬ੍ਰਿਤੀ ਅਤੇ ਨਾਮ ਤੋਂ ਖਾਲੀ ਭੂਤਾਂ ਦੀ ਨਿਆਈ ਮਨੁੱਖ, ਦੇਵਤੇ ਬਣ ਗਏ।ਪਰੇਤਹੁ ਕੀਤੋਨੁ ਦੇਵਤਾ, ਤਿਨਿ ਕਰਣੈਹਾਰੇ।(੩੨੩)।ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ, ਸਤਿਜੁਗਿ ਪਰਮ ਹੰਸ ਬੀਚਾਰੀ।(੧੧੩੧)

ਜਾਮਿ ਗੁਰੂ ਹੋਇ ਵਲਿ, ਧਨਹਿ ਕਿਆ ਗਾਰਵੁ ਦਿਜਇ ॥ ਜਾਮਿ ਗੁਰੂ ਹੋਇ ਵਲਿ, ਲਖ ਬਾਹੇ ਕਿਆ ਕਿਜਇ ॥ ਜਦ ਗੁਰੂ (ਮਨੁੱਖ ਦੇ) ਵੱਲ ਹੋਵੇ ਤਾਂ (ਉਸ ਮਨੁੱਖ ਨੇ) ਧਨ ਨੂੰ ਕੀ ਵਡਿਆਈ ਦੇਣੀ ਹੈ? (ਧਨ ਦਾ ਹੰਕਾਰ ਨਹੀਂ ਕਰਦਾ ਅਤੇ ਨਾਹੀ ਧਨ ਨੂੰ ਮਹੱਤਤਾ ਦੇਂਦਾ ਹੈ)।ਜਿਸ ਵੇਲੇ ਗੁਰੂ ਵੱਲ ਹੋਵੇ ਤਾਂ ਲੱਖਾਂ ਬਾਹਾਂ ਵਾਲਿਆਂ ਨੇ ਕੀ ਕਰਨਾ ਹੈ ਭਾਵ ਕਿਸੇ ਹੋਰ ਦੀ ਮੱਦਤ ਦੀ ਕੀ ਲੋੜ ਹੈ? (ਸ਼ਬਦਾਰਥ); ਲੱਖਾਂ ਬਾਹਾਂ (ਲੱਖਾਂ ਫੌਜਾਂ) ਕੀ ਬਿਗਾੜ ਸਕਦੀਆਂ ਹਨ?

ਜਾਮਿ ਗੁਰੂ ਹੋਇ ਵਲਿ, ਗਿਆਨ ਅਰੁ ਧਿਆਨ ਅਨਨ ਪਰਿ ॥ ਗੁਰੂ ਜਦੋਂ ਵੱਲ (ਪੱਖ ਵਿਚ) ਹੋਵੇ ਤਾਂ (ਮਨੁੱਖ) ਕਿਸੇ ਹੋਰ ਦੇ ਗਿਆਨ ਅਤੇ ਧਿਆਨ ਦੇ ਆਸਰੇ ਨਹੀ ਰਹਿੰਦਾ (ਇਕ ਅਕਾਲ ਪੁਰਖ ਤੋਂ ਬਿਨਾ ਕਿਸੇ ਹੋਰ ਦੇ ਗਿਆਨ ਅਤੇ ਦੇਵੀ ਦੇਵਤੇ ਦੇ ਧਿਆਨ ਦੀ ਲੋੜ ਨਹੀਂ ਰਹਿੰਦੀ); ਗਿਆਨ ਅਤੇ ਧਿਆਨ ਮੂੰਹ ਪਰ ਚੜ੍ਹੇ ਰਹਿੰਦੇ ਹਨ।

ਜਾਮਿ ਗੁਰੂ ਹੋਇ ਵਲਿ, ਸਬਦੁ ਸਾਖੀ ਸੁ ਸਚਹ ਘਰਿ ॥ ਗੁਰੂ ਜਦੋਂ ਵੱਲ ਹੋਵੇ ਤਾਂ ਉਹ (ਮਨੁੱਖ ਹਰੀ ਦੇ) ਸੱਚੇ ਘਰ ਵਿਚ ਲੈ ਜਾਣ ਵਾਲੇ ਸ਼ਬਦ ਅਤੇ ਸਾਖੀਆਂ ਪੜ੍ਹਦਾ ਸੁਣਦਾ ਹੈ; ਸੱਤ ਸੰਗਤ ਰੂਪ ਸੱਚੇ ਘਰ ਵਿਚ ਸ਼ਬਦ ਅਤੇ ਸਾਖੀਆਂ ਨੂੰ ਬਿਚਾਰਦਾ ਹੈ; ਜਦੋਂ ਗੁਰੂ ਵੱਲ ਹੋਵੇ (ਤਾਂ ਹਿਰਦੇ ਵਿਚ ਗੁਰੂ ਦਾ) ਸ਼ਬਦ ਪ੍ਰਗਟ ਹੋ ਜਾਂਦਾ ਹੈ ਅਤੇ ਉਹ (ਮਨੁੱਖ) ਹਰੀ ਦੇ ਸੱਚੇ ਘਰ ਵਿਚ ਟਿਕ ਜਾਂਦਾ ਹੈ।

ਜੋ ਗੁਰੂ ਗੁਰੂ ਅਹਿਨਿਸਿ ਜਪੈ, ਦਾਸੁ ਭਟੁ ਬੇਨਤਿ ਕਹੈ ॥ ਜੋ ਗੁਰੂ ਨਾਮੁ ਰਿਦ ਮਹਿ ਧਰੈ, ਸੋ ਜਨਮ ਮਰਣ ਦੁਹ ਥੇ ਰਹੈ ॥੩॥੭॥ ਦਾਸ ਭੱਟ ਬੇਨਤੀ ਪੂਰਬਕ ਆਖਦਾ ਹੈ ਕਿ ਜੋ ਮਨੁੱਖ ਦਿਨ ਰਾਤ (ਜੀਭ ਨਾਲ ਮਨ ਬਾਣੀ ਕਰਕੇ) ਗੁਰੂ ਗੁਰੂ ਜਪਦਾ ਹੈ।ਅਤੇ ਜੋ (ਮਨੁੱਖ) ਹਿਰਦੇ ਵਿਚ ਵੀ ਗੁਰੂ ਦਾ ਨਾਮ ਟਿਕਾ ਲੈਂਦਾ ਹੈ, ਉਹ (ਮਨੁੱਖ) ਜਨਮ ਮਰਣ ਦੋਹਾਂ ਤੋਂ ਬਚਿਆ ਰਹਿੰਦਾ ਹੈ।੩।੭।

ਪਦਾਰਥ = ਜਾਮਿ-ਜਦੋਂ; ਜਿਸ ਵੇਲੇ।ਵਲਿ-ਪੱਖ ਵਿਚ; ਸਹਾਇਤਾ ਕਰੇ।ਧਨਹਿ-ਧਨ ਨੂੰ; ਧਨ ਵਾਲਿਆਂ ਨੂੰ; ਧਨ ਨੇ।ਗਾਰਵੁ-ਹੰਕਾਰ ਗੌਰਵਤਾ; ਵੱਡਿਆਈ; ਮਹੱਤਵ।ਦਿਜਇ-(ਦਿਜਏ ਪੜ੍ਹੋ) ਦੇਣੀ ਹੈ; ਦੇਂਦਾ ਹੈ।ਲਖ ਬਾਹੇ-ਲੱਖਾਂ ਬਾਂਹਾਂ (ਫੌਜਾਂ)।ਕਿਆ ਕਿਜਇ-(ਕਿਜਏ ਪੜ੍ਹੋ) ਕੀ ਕਰ (ਵਿਗਾੜ) ਸਕਦੇ ਹਨ? ਅਰੁ-ਅਤੇ।ਅਨਨ ਪਰਿ-ਅਨਨਜ ਪਰਾਇਣ; ਕਿਸੇ ਹੋਰ ਦੇ ਆਸਰੇ ਨਹੀ (ਕੇਵਲ ਇਕ ਦਾ ਗਿਆਨ ਅਤੇ ਇਕ ਦਾ ਧਿਆਨ ਕਰਨ ਵਾਲਾ)।ਸਾਖੀ-ਸਿਖਿਆ; ਸਾਖੀਆਂ; ਸਾਖਿਆਤ (ਪ੍ਰਗਟ)।ਸਚਹ ਘਰਿ-ਹਰੀ ਦੇ ਸੱਚੇ ਘਰ (ਸੱਤ ਸੰਗਤ) ਵਿਚ।ਅਹਿਨਿਸਿ-ਦਿਨ ਰਾਤ।ਦਾਸ ਭਟ-ਦਾਸ ਭੱਟ (ਮ. ਕੋ.)।ਰਿਦ ਮਹਿ-ਰਿਦੇ ਵਿਚ ।ਧਰੈ-ਧਾਰਨ ਕਰਦਾ (ਟਿਕਾਉਂਦਾ) ਹੈ।ਸੋ-ਉਹ (ਮਨੁੱਖ)।ਦੁਹ ਥੇ-ਦੋਹਾਂ ਤੋਂ।ਰਹੈ-ਰਹਿਤ ਹੁੰਦਾ ਹੈ; ਬਚ ਜਾਂਦਾ ਹੈ।੩।੭।

ਵਿਆਖਿਆ = ਜਦੋਂ ਗੁਰੂ ਮਨੁੱਖ ਦਾ ਪੱਖੀ ਬਣ ਜਾਂਦਾ ਹੈ ਤਾਂ ਮਨੁੱਖ ਦੇ ਬਿਚਾਰਾਂ ਵਿਚ ਧਨ ਦਾ ਕੋਈ ਮਹੱਤਵ ਨਹੀ ਰਹਿੰਦਾ (ਧਨ ਉਨ੍ਹਾਂ ਲਈ ਵੱਡੀ ਚੀਜ ਨਹੀਂ), ਨਾ ਹੀ ਅਪਣੇ ਧਨ ਦਾ ਹੰਕਾਰ ਕਰਦਾ ਹੈ।ਧਨ ਅਤੇ ਧਨ ਵਾਲੇ ਸੇਵਾ ਵਾਸਤੇ ਉਸ ਮਨੁੱਖ ਦੇ ਪਿਛੇ ਤੁਰੇ ਫਿਰਦੇ ਹਨ।ਜੇ ਗੁਰੂ ਵੱਲ ਹੈ ਤਾਂ ਲੱਖਾਂ ਫੋਜਾਂ ਵੀ ਕੀ ਕਰਨੀਆਂ ਹਨ, ਕੋਈ ਕੁਛ ਨਹੀ ਬਿਗਾੜ ਸਕਦਾ।ਗੁਰਮੁਖ ਮੂਹੋਂ ਗਿਆਨ ਦੀਆਂ ਗੱਲਾਂ ਸੁਣਾਉਂਦੇ ਹਨ ਅਤੇ ਮਨ ਨੂੰ ਗੁਰੂ ਦੇ ਧਿਆਨ ਵਿਚ ਜੋੜੀ ਰਖਦੇ ਹਨ ਜਾਂ ਗੁਰੂ ਦੇ ਗਿਆਨ ਤੋਂ ਬਿਨਾ ਹੋਰ ਕਿਸੇ ਗਿਆਨ ਨੂੰ ਮਹੱਤਤਾ ਨਹੀ ਦਿੰਦੇ ਅਤੇ ਗੁਰੂ ਤੋਂ ਬਿਨਾ ਹੋਰ ਕਿਸੇ ਦੇਵੀ ਦੇਵਤੇ, ਮੂਰਤੀ ਜਾਂ ਦੇਹ ਧਾਰੀ ਮਨੁੱਖ ਦਾ ਧਿਆਨ ਨਹੀ ਧਾਰਦੇ।ਸੱਤਸੰਗਤ ਵਿਖੇ ਗੁਰਸ਼ਬਦ ਤੇ ਗੁਰੂ ਕੀਆਂ ਸਾਖੀਆਂ ਦੀ ਬਿਚਾਰ ਕਰਦੇ ਹਨ ਅਤੇ ਜਨਮ ਮਰਣ ਤੋਂ ਬਚੇ ਰਹਿੰਦੇ ਹਨ।

ਗੁਰ ਬਿਨੁ ਘੋਰੁ ਅੰਧਾਰੁ, ਗੁਰੂ ਬਿਨੁ ਸਮਝ ਨ ਆਵੈ ॥ ਗੁਰੂ ਤੋਂ ਬਿਨਾ (ਮਨੁੱਖ ਦੇ ਅੰਦਰ ਅਗਿਆਤਾ ਦਾ) ਘੁੱਪ ਹਨ੍ਹੇਰਾ ਹੈ {ਏਤੇ ਚਾਨਣ ਹੋਂਦਿਆ, ਗੁਰ ਬਿਨੁ ਘੋਰ ਅੰਧਾਰ ੪੬੩}, ਗੁਰੂ ਤੋਂ ਬਿਨਾ (ਇਸ ਨੂੰ ਅਪਣੇ ਸਰੂਪ ਦੀ) ਸਮਝ ਵੀ ਨਹੀਂ ਆਉਂਦੀ।

ਗੁਰ ਬਿਨੁ ਸੁਰਤਿ ਨ ਸਿਧਿ, ਗੁਰੂ ਬਿਨੁ ਮੁਕਤਿ ਨ ਪਾਵੈ ॥ ਗੁਰੂ ਤੋਂ ਬਿਨਾ ਸੁਰਤ ਨਹੀ (ਜੁੜਦੀ), ਨਾ ਹੀ ਸਫਲਤਾ ਮਿਲਦੀ ਹੈ ਅਤੇ ਗੁਰੂ ਤੋਂ ਬਿਨਾ ਮੁਕਤੀ ਵੀ ਨਹੀ ਪ੍ਰਾਪਤ ਹੁੰਦੀ।

ਗੁਰੁ ਕਰੁ ਸਚੁ ਬੀਚਾਰੁ, ਗੁਰੂ ਕਰੁ ਰੇ ਮਨ ਮੇਰੇ ॥ ਗੁਰੁ ਕਰੁ ਸਬਦ ਸਪੁੰਨ, ਅਘਨ ਕਟਹਿ ਸਭ ਤੇਰੇ ॥ ਸੱਚੀ ਬਿਚਾਰ ਇਹ ਹੈ ਕਿ ਗੁਰੂ ਧਾਰਣ ਕਰ, ਹੇ ਮੇਰੇ ਮਨ! ਗੁਰੂ ਜਰੂਰ ਧਾਰਣ ਕਰ।ਸ਼ਬਦ ਸੰਪੰਨ (ਸ਼ਬਦ ਨਾਲ ਭਰਪੂਰ) ਗੁਰੂ ਨੂੰ ਧਾਰਣ ਕਰ, ਜੋ ਤੇਰੇ ਸਾਰੇ ਪਾਪਾਂ ਨੂੰ ਕੱਟ ਦੇਵੇ।

ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ, ਗੁਰੂ ਸਤਿ ਕਵਿ ਨਲ੍ ਕਹਿ ॥ ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ, ਤੇ ਅਕਯਥ ਸੰਸਾਰ ਮਹਿ ॥੪॥੮॥ ਅੱਖਾਂ ਨਾਲ ਗੁਰੂ ਦਾ ਦਰਸ਼ਨ ਕਰੋ ਅਤੇ ਬਚਨਾਂ ਦੁਆਰਾ ਗੁਰੂ ਗੁਰੂ ਕਰੋ (ਜਪੋ), ਭੱਟ ਨਲ੍ਹ ਕਵੀ ਜੀ ਆਖਦੇ ਹਨ ਕਿ ਗੁਰੂ ਸੱਤ ਸਰੂਪ ਹੈ। ਜਿਨ੍ਹਾਂ (ਮਨੁੱਖਾਂ) ਨੇ ਗੁਰੂ ਦੇ ਦਰਸ਼ਨ ਨਹੀ ਕੀਤੇ ਅਤੇ ਨਾ ਹੀ ਗੁਰੂ ਦਾ ਉਪਦੇਸ਼ ਧਾਰਨ ਕੀਤਾ ਹੈ, ਉਹ (ਮਨੁੱਖ) ਸੰਸਾਰ ਵਿਚ ਬਿਅਰਥ (ਹੀ ਜਨਮੇ) ਹਨ।੪।੮।

ਪਦਾਰਥ = ਗੁਰ ਬਿਨੁ–ਗੁਰੂ ਦੀ ਸ਼ਰਨ ਵਿਚ ਪਏ ਤੋਂ ਬਿਨਾ। ਘੋਰੁ ਅੰਧਾਰੁ–ਘੁੱਪ ਹਨ੍ਹੇਰਾ (ਭਿਆਨਕ ਸੰਘਣਾ ਹਨ੍ਹੇਰਾ, ਜਿਸ ਵਿਚ ਡਰ ਲੱਗੇ)। ਸੁਰਤਿ–ਧਿਆਨ; ਸੋਝੀ। ਸਿਧਿ–ਸਫਲਤਾ; ਮੁਕਤੀ; ਕਰਾਮਾਤੀ ਤਾਕਤ। ਗੁਰੁ ਕਰੁ–ਗੁਰੂ ਧਾਰਣ ਕਰ। ਸਚੁ ਬੀਚਾਰੁ–ਸੱਚੀ ਬਿਚਾਰ ਇਹ ਹੈ। ਰੇ ਮਨ ਮੇਰੇ–ਹੇ ਮੇਰੇ ਮਨ!। ਸਬਦ ਸਪੁੰਨ–ਸ਼ਬਦ (ਸੰਪੰਨ) ਨਾਲ ਭਰਪੂਰ; ਸ਼ਬਦ ਵਾਲਾ; ਸਬਦ ਨਾਲ ਇਕ ਰੂਪ ਹੋਇਆ। ਅਘਨ–ਪਾਪ। ਨਯਣਿ–ਅੱਖਾਂ ਨਾਲ। ਬਯਣਿ–ਬਚਨਾਂ ਦੁਆਰਾ। ਗੁਰੁ ਗੁਰੁ ਕਰਹੁ–ਗੁਰੂ ਗੁਰੂ ਕਰੋ (ਜਪੋ)। ਸਤਿ–ਸੱਤ ਸਰੂਪ; ਅਬਿਨਾਸੀ। ਨਲ੍ ਕਹਿ–ਭੱਟ ਨਲ੍ਹ ਆਖਦਾ ਹੈ। ਨਹੁ ਕੀਅਉ–ਨਹੀ ਧਾਰਿਆ। ਤੇ–ਉਹ। ਅਕਯਥ–ਨਿਸਫਲ।੪।੮।

ਵਿਆਖਿਆ = ਦਿਲ ਦੀ ਹਨ੍ਹੇਰ ਕੋਠੜੀ ਵਿਚ ਸੱਤਗੁਰੂ ਹੀ ਚਾਨਣ ਕਰ ਸਕਦਾ ਹੈ। ਸਾਡੀ ਸੁਰਤ ਮਾਯਾ ਦੇ ਮੰਡਲ ਵਿਚ ਕੈਦ ਹੈ, ਗੁਰੂ ਬਿਨਾ ਸੁਰਤ ਵਾਹਿਗੁਰੂ ਵਿਚ ਜੁੜਦੀ ਨਹੀਂ। ਜੋ ਗੁਰੂ ਕਰਤਾਰ ਦਾ ਰੂਪ ਹੈ, ਜਿਸਦੇ ਅੰਦਰ ਸ਼ਬਦ ਵਰਤ ਰਿਹਾ ਹੈ। ਐਸਾ ਗੁਰੂ ਹੈ ਸੱਤਗੁਰੂ ਰਾਮਦਾਸ ਜੀ, ਜੋ ਸੱਚ ਸਰੂਪ ਹਰੀ ਦੀ ਬਿਚਾਰ ਕਰਨ ਵਾਲੇ ਹਨ। ਗੁਰੂ ਰਾਮਦਾਸ ਜੀ ਦੇ ਦਰਸ਼ਨ ਕੀਤੇ ਬਿਨਾ ਜਨਮ ਨਿਸਫਲ ਹੈ।੪।੮। ਬਾਝੁ ਗੁਰੂ ਗੁਬਾਰੁ ਹੈ, ਬਿਨੁ ਸਬਦੈ ਬੂਝ ਨ ਹੋਇ। (੫੫)

ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥ ਹੇ ਮੇਰੇ ਮਨਾਂ! (ਤਨ ਮਨ ਤੇ ਬਾਣੀ ਕਰਕੇ ਹਰ ਵੇਲੇ) ਗੁਰੂ ਗੁਰੂ ਜਪ (ਲਗਾਤਾਰ ਜਪਦਾ ਰਹੁ)।

ਅੰਗ ੧੪੦੦ = ਤਾਰਣ ਤਰਣ ਸਮ੍ਰਥੁ ਕਲਿਜੁਗਿ, ਸੁਨਤ ਸਮਾਧਿ ਸਬਦ ਜਿਸ ਕੇਰੇ ॥ ਸਮਰੱਥ ਗੁਰੂ ਕਲਜੁਗ ਵਿਚ ਸੰਸਾਰ ਸਮੁੰਦਰ ਤੋਂ ਤਾਰਨ ਲਈ ਜਹਾਜ ਰੂਪ ਹਨ ਅਤੇ ਜਿਸ (ਗੁਰੂ) ਦੇ ਸਬਦ ਸੁਣਦਿਆਂ ਹੀ ਸਮਾਧੀ ਲਗ ਜਾਂਦੀ ਹੈ।

ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ, ਜੋ ਧਰਤ ਧਿਆਨੁ ਬਸਤ ਤਿਹ ਨੇਰੇ ॥ ਫਿਰ (ਗੁਰੂ ਜੀ) ਦੁੱਖਾਂ ਦੇ ਨਾਸ ਕਰਨ ਵਾਲੇ ਅਤੇ ਸੁਖ ਦੇਣ ਵਾਲੇ, (ਪੰਜ ਕਾਮਾਦਿਕਾਂ ਨੂੰ ਮਾਰਨ ਲਈ) ਸੂਰਵੀਰ ਹਨ ਅਤੇ ਜਿਹੜਾ (ਮਨੁੱਖ ਗੁਰੂ ਦਾ) ਧਿਆਨ ਧਰਦਾ ਹੈ (ਗੁਰੂ) ਉਸ ਦੇ ਨੇੜੇ (ਅੰਗ ਸੰਗ) ਵਸਦਾ ਹੈ।

ਪੂਰਉ ਪੁਰਖੁ ਰਿਦੈ ਹਰਿ ਸਿਮਰਤ, ਮੁਖੁ ਦੇਖਤ ਅਘ ਜਾਹਿ ਪਰੇਰੇ ॥ (ਸੱਤਗੁਰੂ) ਪੂਰਨ ਪੁਰਖ ਹੈ, ਰਿਦੇ ਵਿਚ ਹਰੀ ਨੂੰ (ਹਰ ਵੇਲੇ) ਸਿਮਰਦੇ ਹਨ, (ਗੁਰੂ ਜੀ ਦਾ) ਮੁਖ ਦੇਖਦਿਆਂ (ਦਰਸ਼ਨ ਕੀਤਿਆਂ) ਪਾਪ ਦੂਰ ਹੋ ਜਾਂਦੇ ਹਨ।

ਜਉ ਹਰਿ ਬੁਧਿ ਰਿਧਿ ਸਿਧਿ ਚਾਹਤ, ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥੫॥੯॥ ਹੇ ਮੇਰੇ ਮਨ! ਜੇ ਤੂੰ (ਨਿਰੰਕਾਰ ਨੂੰ ਪਛਾਨਣ ਵਾਲੀ) ਬੁਧੀ ਅਤੇ ਰਿਧੀਆਂ ਸਿਧੀਆਂ ਚਾਹੁੰਦਾ ਹੈਂ, ਤਾਂ ਤਨ ਮਨ ਅਤੇ ਬਾਣੀ ਕਰਕੇ ਗੁਰੂ ਗੁਰੂ ਕਰਦਾ (ਜਪਦਾ) ਰਹੁ।੫।੯।

ਪਦਾਰਥ = ਕਰੁ–ਜਪ; ਕਰਦਾ ਰਹੁ (ਤਿੰਨ ਵਾਰ ਲਿਖਣ ਤੋਂ ਭਾਵ ਹੈ ਕਿ ਬਾਰੰਬਾਰ ਜਪੋ, ਮਨ ਤਨ ਤੇ ਬੋਲਾਂ ਰਾਹੀਂ ਭੀ ਜਪੋ)। ਮਨ ਮੇਰੇ–ਹੇ ਮੇਰੇ ਮਨ!। ਤਾਰਣ ਤਰਣ–(ਭਵ ਸਾਗਰ ਤੋਂ) ਤਾਰਨ ਲਈ ਜਹਾਜ ਰੂਪ। ਕਲਿਜੁਗਿ–ਕਲਜੁਗ ਵਿਚ। ਸੁਨਤ–ਸੁਣਦਿਆਂ ਹੀ। ਸਮਾਧਿ–ਸਮਾਧੀ। ਜਿਸ ਕੇਰੇ–ਜਿਸ (ਗੁਰੂ) ਦੇ। ਫੁਨਿ–ਫਿਰ; ਪੁਨਾ। ਸੁਖਦਾਯਕੁ–ਸੁੱਖ ਦੇਣ ਵਾਲਾ। ਸੂਰਉ–ਸੂਰਬੀਰ। ਧਰਤ–ਧਰਦਾ ਹੈ। ਬਸਤ–ਵਸਦਾ ਹੈ। ਤਿਹ ਨੇਰੇ–ਉਸ ਦੇ ਪਾਸ (ਦਿਲ ਵਿਚ)। ਪੂਰਉ ਪੁਰਖੁ–ਪੂਰਨ ਪੁਰਖ ਹੈ। ਰਿਦੈ–ਹਿਰਦੇ ਵਿਚ। ਮੁਖ ਦੇਖਤ–ਮੁਖਾਰ ਬਿੰਦ ਦਾ ਦਰਸ਼ਨ ਕੀਤਿਆਂ। ਅਘ–ਪਾਪ। ਜਾਹਿ ਪਰੇਰੇ–ਪਰੇਡੇ (ਹੋਰ ਦੂਰ) ਹੋ ਜਾਂਦੇ ਹਨ। ਜਉ–ਜੇ। ਹਰਿ ਬੁਧਿ–ਹਰੀ ਨੂੰ ਪਾਉਣ ਵਾਲੀ ਬੁਧੀ। ਰਿਧਿ ਸਿਧਿ–ਰਿਧੀਆਂ ਸਿਧੀਆਂ (ਕਰਾਮਾਤੀ ਤਾਕਤਾਂ)। ਚਾਹਤ–ਚਾਹੁੰਦਾ ਹੈਂ।੫।੯।

ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥ ਹੁਤੀ ਜੁ ਪਿਆਸ ਪਿਊਸ ਪਿਵੰਨ ਕੀ, ਬੰਛਤ ਸਿਧਿ ਕਉ ਬਿਧਿ ਮਿਲਾਯਉ ॥ (ਜਲ੍ਹਨ ਭੱਟ ਆਖਦਾ ਹੈ ਕਿ ਮੈਂ) ਗੁਰੂ ਜੀ ਦੇ ਮੁਖਾਰਬਿੰਦ ਦੇ ਦਰਸ਼ਨ ਕਰਕੇ ਭਾਰੀ ਸੁਖ ਪਾਇਆ ਹੈ। ਜਿਹੜੀ ਅੰਮ੍ਰਿਤ ਪੀਣ ਦੀ ਪਿਆਸ ਲੱਗੀ ਹੋਈ ਸੀ, ਮਨ ਇੱਛਤ ਸਿਧੀ ਦੀ ਪ੍ਰਾਪਤੀ ਲਈ ਬਿਧਾਤੇ ਨੇ (ਮੈਨੂੰ ਗੁਰੂ ਰਾਮਦਾਸ ਜੀ ਨਾਲ) ਮਿਲਾ ਦਿਤਾ ਹੈ।

ਪੂਰਨ ਭੋ ਮਨ ਠਉਰ ਬਸੋ, ਰਸ ਬਾਸਨ ਸਿਉ ,ਜੁ ਦਹੰ ਦਿਸਿ ਧਾਯਉ ॥ ਜਿਹੜਾ ਮਨ ਰਸਾਂ ਦੀਆਂ ਵਾਸ਼ਨਾਵਾਂ ਨਾਲ ਦਸਾਂ ਦਿਸ਼ਾਵਾਂ ਵੱਲ ਦੌੜਦਾ ਸੀ, (ਉਹ) ਮਨ ਹੁਣ ਪੂਰਨ ਹੋ ਗਿਆ, (ਅੰਮ੍ਰਿਤ ਨਾਲ ਰੱਜ ਗਿਆ ਅਤੇ ਨਿਜ ਸਰੂਪ ਦੇ) ਟਿਕਾਣੇ ਵਿਚ ਬਸ ਗਿਆ ਹੈ (ਇਕ ਜਗ੍ਹਾ ਟਿਕਾਣੇ ਲਗ ਬੈਠ ਗਿਆ ਹੈ); ਉਹ ਵਾਸ਼ਨਾਵਾਂ ਪੂਰੀਆਂ ਹੋ ਗਈਆਂ ਹਨ ਤੇ ਮਨ ਥਾਂ ਤੇ ਟਿਕ ਗਿਆ (ਸ਼ਬਦਾਰਥ)

ਗੋਬਿੰਦ ਵਾਲੁ ਗੋਬਿੰਦ ਪੁਰੀ ਸਮ, ਜਲ੍ਹਨ ਤੀਰਿ ਬਿਪਾਸ ਬਨਾਯਉ ॥ ਗਯਉ ਦੁਖੁ ਦੂਰਿ ਬਰਖਨ ਕੋ, ਸੁ ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ ॥੬॥੧੦॥ ਜਲ੍ਹਨ ਭੱਟ ਆਖਦਾ ਹੈ ਕਿ (ਗੁਰੂ ਅਮਰਦਾਸ ਜੀ ਨੇ) ਗੋਇੰਦ ਵਾਲ ਬੈਕੁੰਠ ਧਾਮ ਵਰਗਾ ਬਿਆਸ ਨਦੀ ਦੇ ਕਿਨਾਰੇ ਉਪਰ ਬਣਾ ਦਿਤਾ ਹੈ। (ਸਾਡਾ ਭੱਟਾਂ ਦਾ ਕਈ) ਵਰ੍ਹਿਆਂ ਦਾ ਦੁਖ ਦੂਰ ਹੋ ਗਿਆ, (ਜਿਸ ਗੁਰੂ ਰਾਮਦਾਸ ਜੀ ਨੇ ਗੋਇੰਦਵਾਲ ਵਿਖੇ ਰਹਿੰਦਿਆਂ ਗੁਰੂ ਅਮਰਦਾਸ ਜੀ ਨੂੰ ਪ੍ਰਸੰਨ ਕਰਕੇ ਗੁਰਿਆਈ ਗੱਦੀ ਪ੍ਰਾਪਤ ਕੀਤੀ) ਉਸ ਗੁਰੂ ਜੀ ਦੇ (ਪਵਿਤ੍ਰ) ਮੁਖੜੇ ਦੇ

ਦਰਸ਼ਨ ਕਰਕੇ ਵੱਡਾ ਭਾਰੀ (ਆਤਮਕ) ਸੁਖ ਪਾਇਆ ਹੈ।੬।੧੦।

ਪਦਾਰਥ = ਗੁਰੂ ਮੁਖੁ–ਗੁਰੂ (ਰਾਮਦਾਸ ਜੀ) ਦਾ ਮੂੰਹ।ਗਰੂ–ਵੱਡਾ; ਭਾਰਾ।ਪਾਯਉ–ਪਾਇਆ ਹੈ।ਹੁਤੀ ਜੁ–ਜੋ ਹੈ ਸੀ।ਪਿਊਸ–ਅੰਮ੍ਰਿਤ।ਪਿਵੰਨ ਕੀ–ਪੀਣ ਦੀ।ਬੰਛਤ–ਮਨ ਇੱਛਤ।ਸਿਧਿ ਕਉ–ਪੂਰਾ ਕਰਨ ਲਈ; ਸਫਲਤਾ ਲਈ।ਬਿਧਿ–ਬਿਧਾਤੇ (ਹਰੀ) ਨੇ। ਪੂਰਨ ਭੋ–ਪੂਰਾ ਹੋ (ਰੱਜ) ਗਿਆ।ਠਉਰ ਬਸੋ–ਟਿਕਾਣੇ ਤੇ ਬਸ ਗਿਆ; ਇਕ ਜਗ੍ਹਾ ਟਿਕ ਕੇ ਬੈਠ ਗਿਆ।ਰਸ ਬਾਸਨ ਸਿਉ–ਰਸਾਂ ਦੀਆਂ ਵਾਸ਼ਨਾਵਾਂ ਨਾਲ।ਜੁ–ਜਿਹੜਾ (ਮਨ)।ਦਹੰ ਦਿਸਿ–ਦਸਾਂ ਦਿਸ਼ਾਵਾ (ਸਾਰੇ ਪਾਸੇ) ਵਲ।ਧਾਯਉ–(ਧਾਇਅਉ ਬੋਲੋ) ਦੌੜਦਾ ਸੀ ।ਗੋਬਿੰਦ ਵਾਲੁ–(ਗੁਰੂ ਅਮਰਦਾਸ ਜੀ ਦਾ ਵਸਾਇਆ) ਗੋਇੰਦ ਵਾਲ ਨਗਰ।ਗੋਬਿੰਦ ਪੁਰੀ–ਰੱਬ ਦਾ ਘਰ।ਸਮ–ਸਮਾਨ; ਬਰਾਬਰ; ਵਾਂਗ।ਜਲੁਨ–ਭੱਟ ਦਾ ਨਾਮ; (ਦਰਪਣ ਅਤੇ ਸ਼ਬਦਾਰਥ ਨੇ ਜਲੁਨ ਦਾ ਅਰਥ ਪਾਣੀਆਂ ਕੀਤਾ ਹੈ); ਮਹਾਨ ਕੋਸ਼ ਨੇ 'ਜਲੁਨ' ਭੱਟ ਦਾ ਨਾਮ ਮੰਨਿਆ ਹੈ।ਤੀਰਿ–ਕੰਢੇ ਤੇ।ਬਿਪਾਸ–ਬਿਆਸ ਨਦੀ।ਦੁਖੁ ਬਰਖਨ ਕੋ–ਵਰ੍ਹਿਆਂ ਦਾ ਦੁਖ।ਸੁ ਗੁਰੂ–ਉਸ ਗੁਰੂ ਦਾ।ਪਾਯਉ ,ਮਿਲਾਯਉ, ਬਨਾਯਉ ਦਾ ਉਚਾਰਣ ਪਾਇਅਉ, ਮਿਲਾਇਅਉ, ਬਨਾਇਅਉ ਕਰੋ।ਗਯਉ ਨੂੰ ਗਇਅਉ ਉਚਾਰੋ।੬।੧੦।

ਵਿਅਖਿਆ = ਇਹ ਭੱਟ ਕੇਵਲ ਵਿਦਵਾਨ ਜਾਂ ਕਵੀ ਹੀ ਨਹੀ ਸਨ, ਇਹ ਆਤਮ ਪਦ ਦੇ ਢੂੰਢਾਊ ਸਨ।ਨਾਮ ਅੰਮ੍ਰਿਤ ਦੇ ਪਿਆਸੇ ਅਤੇ ਮੁਕਤ ਪਦ ਦੇ ਚਾਹਵਾਨ ਸਨ।ਮਾਨਸਕ ਅਤੇ ਸੰਸਾਰ ਦੇ ਕਲੇਸ਼ਾਂ ਤੋਂ ਦੁਖੀ ਸਨ।ਦੁਖ ਦੂਰ ਕਰਨ ਲਈ ਇਨ੍ਹਾਂ ਨੇ ਬੇਦ, ਸ਼ਾਸਤ੍ਰ ਆਦਿ ਗ੍ਰੰਥ ਪੜ੍ਹੇ, ਤੀਰਥਾਂ ਤੇ ਇਸ਼ਨਾਨ ਕੀਤੇ, ਜਪ ਤਪ ਕੀਤੇ, ਸਾਧੂਆਂ ਸੰਤਾਂ ਦੀ ਸੰਗਤ ਵੀ ਕੀਤੀ।ਜਦੋਂ ਇਹ ਭੱਟ ਗੁਰੂਆਂ ਦੀ ਸੰਗਤ ਵਿਚ ਆਏ, ਨਾਮ ਅੰਮ੍ਰਿਤ ਨਾਲ ਮਨ ਦੀ ਪਿਆਸ ਬੁਝ ਗਈ।ਗੁਰੂ ਦੇ ਦਰਸ਼ਨਾਂ ਤੋਂ ਜੋ ਸੁਖ ਮਿਲਿਆ, ਉਸ ਆਤਮ ਅਨੰਦ ਨੂੰ ਬਿਆਨ ਕਰਦੇ ਹਨ।ਬਹੁਤੇ ਭੱਟ ਲਗਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਸਮੇਂ ਗੋਇੰਦਵਾਲ ਆਏ ਹੋਣਗੇ।ਗੋਇੰਦਵਾਲ ਵਿਖੇ ਸਤ ਸੰਗ, ਕਥਾ ਕੀਰਤਨ ਹੁੰਦਾ ਅਤੇ ਲੰਗਰ ਚਲਦਾ ਦੇਖ ਕੇ ਇਸ ਨਗਰ ਨੂੰ ਰੱਬ ਦੇ ਘਰ ਵਰਗਾ ਦਸ ਰਹੇ ਹਨ।ਗੁਰੂ ਦੀ ਸੰਗਤ ਵਿਚ ਟਿਕ ਕੇ ਸੇਵਾ ਕਰਨ ਲਗ ਪਏ।ਇਥੇ ਹੀ ਬਾਬਾ ਜੇਠਾ (ਗੁਰੂ ਰਾਮਦਾਸ) ਜੀ ਨੂੰ ਸੇਵਾ, ਨਾਮ ਸਿਮਰਨ ਅਤੇ ਗੁਰਮੱਤ ਅਨੁਸਾਰ ਜੀਵਨ ਜਿਉਂ ਕੇ ਗੁਰੂ ਅਮਰਦਾਸ ਜੀ ਨੂੰ ਪ੍ਰਸੰਨ ਕੀਤਾ ਦੇਖਿਆ ਹੋਵੇਗਾ।ਗੁਰੂ ਰਾਮਦਾਸ ਜੀ, ਗੁਰੂ ਅਮਰਦਾਸ ਜੀ ਦਾ ਹੀ ਰੂਪ ਹਨ ।ਸੋ ਗੁਰੂ ਰਾਮਦਾਸ ਜੀ ਦੀ ਸਿਫਤ ਕਰਦੇ ਆਖਦੇ ਹਨ, ਜੋ ਅੰਮ੍ਰਿਤ ਦੀ ਅੰਦਰ ਪਿਆਸ ਸੀ, ਉਹ ਕਰਤਾਰ ਨੇ ਗੁਰੂ ਰਾਮਦਾਸ ਦਾ ਮਿਲਾਪ ਕਰਾ ਕੇ ਪੂਰੀ ਕਰ ਦਿਤੀ।ਹੁਣ ਮਨ ਰੱਜ ਗਿਆ, ਕੋਈ ਭੁੱਖ ਨਹੀ ਰਹੀ।ਵਰ੍ਹਿਆਂ ਦੀ ਭਟਕਣਾਂ ਦਾ ਦੁਖ ਦੂਰ ਹੋ ਗਿਆ।

ਸਮਰਥ ਗੁਰੂ ਸਿਰਿ ਹਥੁ ਧਰ੍ਯਉ ॥ ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ, ਜਿਸੁ ਦੇਖਿ ਚਰੰਨ ਅਘੰਨ ਹਰ੍ਯਉ ॥ (ਗੁਰੂ ਰਾਮਦਾਸ ਜੀ ਦੇ) ਸਿਰ ਉਤੇ ਸਮਰੱਥ ਗੁਰੂ (ਅਮਰਦਾਸ ਜੀ) ਨੇ (ਮੇਹਰ ਭਰਿਆ) ਹੱਥ ਰਖਿਆ ਹੈ।ਜਿਸ (ਗੁਰੂ ਅਮਰਦਾਸ ਜੀ) ਦੇ ਚਰਨਾਂ ਦਾ ਦਰਸ਼ਨ ਕਰਨ ਨਾਲ ਪਾਪ ਨਾਸ਼ ਹੋ ਜਾਂਦੇ ਹਨ, (ਉਸ) ਗੁਰੂ ਨੇ ਕਿਰਪਾ ਕੀਤੀ (ਗੁਰੂ ਰਾਮਦਾਸ ਜੀ ਨੂੰ) ਹਰੀ ਦਾ ਨਾਮ ਬਖਸ਼ਿਆ।

ਨਿਸਿ ਬਾਸੁਰ ਏਕ ਸਮਾਨ ਧਿਆਨ, ਸੁ ਨਾਮ ਸੁਨੇ ਸੁਤੁ ਭਾਨ ਡਰ੍ਯਉ ॥ (ਉਸ ਨਾਮ ਵਿਚ ਗੁਰੂ ਰਾਮਦਾਸ ਜੀ ਦਾ) ਦਿਨ ਰਾਤ ਇਕ ਰਸ ਧਿਆਨ ਲਗਾ ਰਹਿੰਦਾ ਹੈ, (ਗੁਰੂ ਅਮਰਦਾਸ ਜੀ ਦੇ ਬਖਸ਼ੇ ਹੋਏ) ਉਸ ਨਾਮ ਨੂੰ ਸੁਣ ਕੇ ਸੂਰਜ ਦਾ ਪੁਤ੍ਰ (ਜਮ) ਡਰ ਜਾਂਦਾ ਹੈ; (ਗੁਰੂ ਅਮਰਦਾਸ ਜੀ ਦਾ) ਸ੍ਰੇਸਟ ਨਾਮ ਸੁਣ ਕੇ ਜਮ ਵੀ ਡਰ ਜਾਂਦੇ ਹਨ (ਨੇੜੇ ਨਹੀਂ ਆ ਸਕਦੇ)।

ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ।ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ।(੨੫੬)

ਭਨਿ ਦਾਸੁ ਸੁ ਆਸ ਜਗਤ੍ਰ ਗੁਰੂ ਕੀ, ਪਾਰਸੁ ਭੇਟਿ ਪਰਸੁ ਕਰ੍ਯਉ ॥ ਰਾਮਦਾਸੁ ਗੁਰੂ ਹਰਿ ਸਤਿ ਕੀਯਉ, ਸਮਰਥ ਗੁਰੂ ਸਿਰਿ ਹਥੁ ਧਰ੍ਯਉ ॥੭॥੧੧॥ ਦਾਸ ਭੱਟ ਆਖਦਾ ਹੈ (ਕਿ ਗੁਰੂ ਰਾਮਦਾਸ ਜੀ ਨੂੰ) ਜਗਤ ਗੁਰੂ (ਅਮਰਦਾਸ ਜੀ ਦੀ ਹੀ) ਸ੍ਰੇਸਟ ਆਸਾ ਹੈ, ਜਿਸ ਪਾਰਸ (ਰੂਪ ਗੁਰੂ ਅਮਰਦਾਸ ਜੀ) ਨੂੰ ਮਿਲ ਕੇ (ਗੁਰੂ ਰਾਮਦਾਸ ਜੀ ਨੇ ਅਪਣੇ ਆਪ ਨੂੰ) ਪਾਰਸ ਕਰ ਲਿਆ ਹੈ।ਗੁਰੂ ਰਾਮ ਦਾਸ ਜੀ ਦੇ) ਸਿਰ ਤੇ ਸਮਰੱਥ ਗੁਰੂ (ਅਮਰਦਾਸ ਜੀ) ਨੇ ਹੱਥ ਰਖਿਆ ਹੈ, (ਗੁਰੂ ਅਮਰਦਾਸ ਜੀ ਨੇ) ਗੁਰੂ ਰਾਮ ਦਾਸ ਜੀ ਨੂੰ ਸਦਾ ਥਿਰ ਰਹਿਣ ਵਾਲੇ ਹਰੀ ਦਾ ਹੀ ਰੂਪ ਕਰ (ਬਣਾ) ਦਿਤਾ ਹੈ।੭।੧੧।

ਪਦਾਰਥ = ਸਮਰਥੁ–ਸਰਬ ਸ਼ਕਤੀਵਾਨ।ਸਿਰਿ–ਸਿਰ ਉਤੇ।ਧਰ੍ਯਉ–(ਧਰਿਅਉ ਬੋਲੋ) ਧਰਿਆ; ਰੱਖਿਆ।ਗੁਰਿ–ਗੁਰੂ ਨੇ।ਕੀਨੀ–ਕੀਤੀ।ਦੀਅਉ–ਦਿਤਾ।ਦੇਖਿ ਚਰੰਨ–ਚਰਨਾ ਨੂੰ ਦੇਖ ਕੇ।ਅਘੰਨ–ਪਾਪ।ਹਰ੍ਯਉ–(ਹਰਿਅਉ ਬੋਲੋ) ਨਾਸ਼ ਹੁੰਦੇ ਹਨ।ਨਿਸਿ–ਰਾਤ। ਬਾਸੁਰ–ਦਿਨ।ਏਕ ਸਮਾਨ–ਇਕੋ ਜਿਹਾ; ਲਗਾਤਾਰ।ਸੁ–ਉਸ; ਉਹ।ਸੁਤੁ ਭਾਨ–ਸੂਰਜ ਦਾ ਪੁਤ੍ਰ ਜਮਰਾਜ।ਡਰ੍ਯਉ–(ਡਰਿਅਉ ਬੋਲੋ) ਡਰ ਗਿਆ।ਭਨਿ ਦਾਸੁ–ਦਾਸ ਭੱਟ ਕਹਿੰਦਾ ਹੈ।ਸੁ ਆਸ–ਨੇਕ ਉਮੀਦ।ਜਗਤ੍ਰ ਗੁਰੂ–(ਜਗੱਤ੍ਰ ਬੋਲੋ) ਜਗਤ ਗੁਰੂ।ਪਾਰਸੁ ਭੇਟਿ–ਪਾਰਸ ਰੂਪ ਗੁਰੂ ਅਮਰਦਾਸ ਜੀ ਨੂੰ ਮਿਲ ਕੇ।ਪਰਸੁ–ਪਾਰਸ; ਪਰਸਣ ਯੋਗ।ਕਰ੍ਯਉ–(ਕਰਿਅਉ ਬੋਲੋ) ਕਰ ਲਿਆ।ਸਤਿ ਕੀਯਉ–(ਕੀਅਉ ਬੋਲੋ) ਸੱਤ ਸਰੂਪ ਬਣ ਦਿਤਾ।੭।੧੧।

ਵਿਆਖਿਆ = ਗੁਰੂ ਅਮਰਦਾਸ ਆਪ ਨਾਰਾਇਣ ਸਰੂਪ ਸਰਬ ਸ਼ਕਤੀਵਾਨ ਹਨ।ਆਪ ਜੀ ਨੇ ਪਾਪਾਂ ਨੂੰ ਨਾਸ਼ ਕਰਨ ਵਾਲੇ ਨਾਮ ਦੀ ਬਖਸ਼ਿਸ਼ ਗੁਰੂ ਰਾਮ ਦਾਸ ਜੀ ਨੂੰ ਕਰ ਦਿਤੀ।ਜਿਸ ਨਾਮ ਦੀ ਬਹੁਤ ਕਮਾਈ ਕਰਕੇ ਗੁਰੂ ਰਾਮਦਾਸ ਜੀ, ਗੁਰੂ ਅਮਰ ਦਾਸ ਜੀ

ਦਾ ਹੀ ਰੂਪ ਬਣ ਗਏ।ਗੋਇੰਦਵਾਲ ਵਿਖੇ ਨਾਮ ਬਾਣੀ ਦੇ ਚਲਦੇ ਪ੍ਰਵਾਹ ਕਰਕੇ ਜਮ ਵੀ ਡਰਨ ਲਗ ਪਿਆ।ਇਕ ਵਾਰ ਗੁਰੂ ਅਮਰਦਾਸ ਜੀ ਪਲੰਘ ਤੇ ਬਿਰਾਜਮਾਨ ਸਨ, ਕਿਸੇ ਮਾਈ ਦੇ ਜੋਰ ਦੀ ਚੀਕਣ ਦੀ ਆਵਾਜ ਆਈ।ਦੁਖ ਭਰੀ ਚੀਖ ਸੁਣ ਕੇ ਆਪ ਦਾ ਮਨ ਪਸੀਜ ਗਿਆ।ਸੇਵਾਦਾਰ ਭੇਜ ਕੇ ਪਤਾ ਮੰਗਵਾਇਆ।ਇਕ ਬ੍ਰਿਧ ਮਾਈ ਦਾ ਜਵਾਨ ਪੁਤ੍ਰ ਮਰ ਗਿਆ ਸੀ।ਧਰਮ ਰਾਜ ਨੂੰ ਹੁਕਮ ਕੀਤਾ ਕਿ ਸਾਡੇ ਇਥੇ ਰਹਿੰਦਿਆਂ ਕਿਸੇ ਮਾਪਿਆਂ ਦੇ ਜਿਉਂਦੇ ਹੁੰਦਿਆਂ ਕੋਈ ਪੁੱਤ ਨਾ ਮਰੇ।ਜਿੰਨਾ ਚਿਰ ਗੁਰੂ ਜੀ ਗੁਰ ਗੱਦੀ ਤੇ ਬਿਰਾਜਮਾਨ ਰਹੇ ਕਿਸੇ ਮਾਪਿਆਂ ਦੇ ਹੁੰਦਿਆਂ ਪੁਤ੍ਰ ਨਹੀ ਮੋਇਆ।੭।੧੧।

ਅਬ ਰਾਖਹੁ ਦਾਸ ਭਾਟ ਕੀ ਲਾਜ ॥ ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ, ਹਰਨਾਖਸ ਫਾਰੇ ਕਰ ਆਜ ॥ (ਹੇ ਗੁਰੂ ਰਾਮਦਾਸ ਜੀ!) ਹੁਣ ਦਾਸ ਭੱਟ ਦੀ ਲਾਜ ਰਖ ਲਵੋ।ਜਿਸ ਤਰ੍ਹਾਂ ਆਪ ਜੀ ਨੇ ਭਗਤ ਪ੍ਰਹਿਲਾਦ ਦੀ ਲਾਜ ਰੱਖੀ ਸੀ ਅਤੇ ਹਰਨਾਖਸ਼ ਨੂੰ ਹੱਥਾਂ ਦੇ ਨਹੁੰਆਂ ਨਾਲ ਫਾੜ (ਚੀਰ) ਦਿਤਾ ਸੀ।

ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ, ਛੀਨਤ ਬਸਤ੍ਰ ਦੀਨ ਬਹੁ ਸਾਜ ॥ ਹੇ ਹਰੀ ਪ੍ਰਭੂ ਜੀ! ਫਿਰ ਦ੍ਰੋਪਤੀ ਦੀ ਲਾਜ ਰੱਖੀ (ਇੱਜਤ ਬਚਾਈ, ਜਦੋਂ ਉਸ ਦੇ) ਬਸਤ੍ਰ ਖੋਹੇ ਜਾ ਰਹੇ ਸਨ, (ਤੁਸੀਂ ਬਸਤ੍ਰਾਂ ਦਾ) ਬਹੁਤ ਸਾਰਾ ਸਮਾਨ ਦਿਤਾ; ਬਸਤ੍ਰ ਪੈਦਾ ਕਰ ਦਿਤੇ।

ਸੋਦਾਮਾ ਅਪਦਾ ਤੇ ਰਾਖਿਆ, ਗਨਿਕਾ ਪੜ੍ਹਤ ਪੂਰੇ ਤਿਹ ਕਾਜ ॥ (ਫਿਰ) ਸੁਦਾਮੇ ਨੂੰ ਬਿਪਤਾ ਤੋਂ ਬਚਾਇਆ, ਗਨਕਾ (ਜੋ ਵੇਸਵਾ ਸੀ, ਤੋਤੇ ਨਾਲ ਰਲ ਕੇ ਰਾਮ ਰਾਮ) ਪੜ੍ਹਦੀ ਸੀ, ਉਸ (ਗਨਕਾ) ਦੇ ਸਾਰੇ ਕਾਰਜ ਪੂਰੇ ਕਰ ਦਿਤੇ।

ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ, ਰਾਖਹੁ ਦਾਸ ਭਾਟ ਕੀ ਲਾਜ ॥੮॥੧੨॥ ਹੇ ਸ੍ਰੀ ਸੱਤਗੁਰੂ (ਰਾਮਦਾਸ ਜੀ! ਉਸੇ ਤਰ੍ਹਾਂ ਹੁਣ) ਕਲਜੁਗ ਵਿਚ ਅਤੀ ਪ੍ਰਸੰਨ ਹੋ ਕੇ ਦਾਸ ਭੱਟ ਦੀ ਲਾਜ ਰੱਖ ਲਵੋ ਜੀ।੮।੧੨।

ਪਦਾਰਥ = ਅਬ-ਹੁਣ।ਦਾਸ ਭਾਟ ਕੀ-ਦਾਸ ਭੱਟ ਦੀ।ਜੈਸੀ-ਜਿਸ ਤਰ੍ਹਾਂ।ਲਾਜ-ਇੱਜਤ; ਪੈਜ।ਹਰਨਾਖਸ-ਭਗਤ ਪ੍ਰਹਿਲਾਦ ਦਾ ਬਾਪ ਜੋ ਬੜਾ ਜਾਲਮ ਸੀ।ਫਾਰੇ-ਫਾੜ (ਚੀਰ) ਦਿਤਾ।ਕਰ ਆਜ-ਹੱਥਾਂ ਦੇ ਨਹੁੰਆਂ ਨਾਲ।ਫੁਨਿ-ਫਿਰ; ਪੁਨਾ।ਛੀਨਤ-(ਖੋਹਦਿਆਂ) ਧੱਕੇ ਨਾਲ ਉਤਾਰਦਿਆਂ ਦੇ।ਦੀਨ ਬਹੁ ਸਾਜ-ਬਹੁਤ ਸਾਜ (ਪੈਦਾ ਕਰ) ਦਿਤੇ।ਅਪਦਾ-ਬਿਪਤਾ।ਰਾਖਿਆ-ਬਚਾਇਆ; ਰੱਖਿਆ ਕੀਤੀ।ਗਨਿਕਾ-(ਇਕ) ਵੇਸਵਾ।ਪੜ੍ਹਤ-ਪੜ੍ਹਦੀ ਦੇ।ਤਿਹ-ਉਸ ਦੇ।ਕਾਜ-ਕਾਰਜ।ਸੁਪ੍ਰਸੰਨ-ਬਹੁਤ ਖੁਸ਼।੮।੧੨।

ਵਿਆਖਿਆ = ਸੱਤਜੁਗ ਵਿਚ ਰਾਜੇ ਹਰਨਾਖਸ਼ ਨੇ ਆਪਣੇ ਪੁਤ੍ਰ ਪ੍ਰਹਿਲਾਦ ਨੂੰ ਭਗਤੀ ਕਰਨ ਤੋਂ ਰੋਕਿਆ।ਬੜੇ ਕਸ਼ਟ ਦਿਤੇ, ਹਰ ਵਾਰ ਹਰੀ ਨੇ ਰਖਿਆ ਕੀਤੀ।ਪਰ ਦੈਂਤ ਸੁਭਾਵ ਹੋਣ ਕਰਕੇ ਹਰਨਾਕਸ਼ ਨੂੰ ਸਮਝ ਨਾ ਆਈ।ਤੱਤੇ ਥੰਮ ਨਾਲ ਜੱਫੀ ਪਾਉਣ ਨੂੰ ਆਖਿਆ ਤਾਂ ਨਰ ਸਿੰਘ ਰੂਪ ਹੋ ਕੇ ਹਰੀ ਨੇ ਹਰਨਾਖਸ ਨੂੰ ਆਪਣੇ ਨਹੁੰਆਂ ਨਾਲ ਫਾੜ ਦਿਤਾ।ਦੁਰਯੋਧਨ ਅਪਣੇ ਜਮਾਨੇ ਦਾ ਬੜਾ ਹੰਕਾਰੀ ਰਾਜਾ ਸੀ।ਪਾਂਡਵਾਂ ਵਲੋਂ ਜੂਏ ਵਿਚ ਹਾਰੀ ਹੋਈ ਦ੍ਰੋਪਤੀ ਨੂੰ ਅਪਣੀ ਭਰੀ ਸਭਾ ਵਿਚ ਨੰਗਾ ਕਰਨਾ ਚਾਹਿਆ।ਦ੍ਰੋਪਤੀ ਨੇ ਇਸ ਬਿਪਤਾ ਸਮੇਂ ਪਾਂਡਵਾਂ ਨੂੰ ਮੱਦਦ ਹੀਣ ਦੇਖਿਆ ਤਾਂ ਪ੍ਰਭੂ ਅਗੇ ਅਰਦਾਸ ਕੀਤੀ।ਇਸਦੀ ਸਾੜ੍ਹੀ ਦੇ ਚੀਰ ਪ੍ਰਭੂ ਨੇ ਮੁੱਕਣ ਨਹੀ ਦਿਤੇ।ਇਸ ਤਰ੍ਹਾਂ ਦ੍ਰੋਪਤੀ ਦੀ ਪੱਤ ਬਚਾਈ।ਗਰੀਬ ਸੁਦਾਮਾ ਬ੍ਰਹਮਣ, ਦੁਆਪਰ ਦੇ ਅਵਤਾਰ ਕ੍ਰਿਸ਼ਨ ਜੀ ਦਾ ਬਚਪਨ ਦਾ ਮਿਤ੍ਰ ਅਤੇ ਹਮ ਜਮਾਤੀ ਸੀ।ਸੁਪੱਤਨੀ ਸੁਸ਼ੀਲਾ ਦਾ ਪ੍ਰੇਰਿਆ ਕ੍ਰਿਸ਼ਨ ਜੀ ਕੋਲ ਦੁਆਰਕਾ ਵਿਖੇ ਗਿਆ।ਗਰੀਬੀ ਕਰਕੇ ਕੋਲ ਕੁਛ ਨਹੀ ਸੀ, ਪਰ ਭੇਟ ਕਰਨ ਲਈ ਥੋੜੇ ਜਿਹੇ ਚੌਲ ਲੈ ਜਾ ਕੇ ਅੱਗੇ ਰੱਖੇ।ਕ੍ਰਿਸ਼ਨ ਜੀ ਨੇ ਪਛਾਣ ਕੇ ਗਲ ਨਾਲ ਲਾਇਆ ਅਤੇ ਮਾਲਾ ਮਾਲ ਕਰ ਦਿਤਾ।ਗਨਿਕਾ ਵੇਸਵਾ ਸੀ।ਇਸਦੇ ਘਰ ਚਾਣਚੱਕ ਇਕ ਮਹਾਂ ਪੁਰਖ ਆ ਗਏ।ਇਸਦੇ ਪਾਪ ਕਰਮ ਦੇਖ ਕੇ ਮਹਾਤਮਾ ਨੂੰ ਦਯਾ ਆ ਗਈ।ਇਕ ਰਾਮ ਰਾਮ ਬੋਲਣਾ ਸਿਖਾਇਆ ਹੋਇਆ ਤੋਤਾ ਦਿਤਾ ਅਤੇ ਕਿਹਾ, ਇਸ ਨਾਲ ਰਲ ਕੇ ਰਾਮ ਰਾਮ ਜਪਿਆ ਕਰ।ਭਜਨ ਦੇ ਬਲ ਕਰਕੇ ਗਨਕਾ ਦੀ ਰੁਚੀ ਬਦਲ ਗਈ, ਵੇਸਵਾ ਦਾ ਧੰਧਾ ਛਡ ਕੇ ਭਜਨ ਵਿਚ ਜੁੜ ਗਈ।ਪਿਛਲੇ ਸਾਰੇ ਪਾਪ ਖਤਮ ਹੋ ਗਏ ਅਤੇ ਹਰੀ ਨੇ ਮੁਕਤੀ ਦੇਣ ਦਾ ਕਾਰਜ ਪੂਰਾ ਕੀਤਾ।ਭੱਟ ਬੇਨਤੀ ਕਰਦਾ ਹੈ ਕਿ ਜਿਵੇਂ ਇਨ੍ਹਾਂ ਸਾਰਿਆਂ ਦੀ ਆਪ ਨੇ ਸਮੇਂ ਸਮੇਂ ਪੈਜ ਰਖੀ ਹੈ, ਔਕੜਾਂ ਤੋਂ ਬਚਾਇਆ ਹੈ, ਹੇ ਗੁਰੂ ਰਾਮਦਾਸ! ਹੁਣ ਅਸੀਂ ਆਪ ਜੀ ਦੀ ਸ਼ਰਣ ਆਏ ਹਾਂ, ਸਾਡੀ ਲਾਜ ਰੱਖ ਲਵੋ ਜੀ।

ਝੋਲਨਾ ॥ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥ (ਭੱਟ ਹੋਰ ਸੰਗਤਾਂ ਨੂੰ ਪ੍ਰੇਰਨਾ ਕਰਦੇ ਹੋਏ ਆਖਦਾ ਹੈ) ਹੇ ਪ੍ਰਾਣੀਓ! ਤਨ, ਮਨ ਅਤੇ ਬਾਣੀ ਕਰਕੇ ਲਗਾਤਾਰ ਹਰ ਸਮੇਂ ਗੁਰੂ ਗੁਰੂ ਜਪੋ; ਗੁਰੂਆਂ ਦੇ ਗੁਰੂ, ਪੂਜਨੀਕ ਗੁਰੂ ਰਾਮਦਾਸ ਜੀ ਨੂੰ ਜਪੋ।

ਸਬਦੁ ਹਰਿ ਹਰਿ ਜਪੈ, ਨਾਮੁ ਨਵਨਿਧਿ ਅਪੈ, ਰਸਨਿ ਅਹਿਨਿਸਿ ਰਸੈ, ਸਤਿ ਕਰਿ ਜਾਨੀਅਹੁ ॥ (ਗੁਰੂ ਆਪ) ਹਰਿ ਹਰਿ ਨਾਮ ਜਪਦਾ ਹੈ ਅਤੇ ਨੌਂ ਨਿਧੀਆਂ ਦੇਣ ਵਾਲਾ ਨਾਮ ਸਿੱਖਾਂ ਨੂੰ ਵੀ ਅਰਪਦਾ ਹੈ ਅਤੇ (ਗੁਰੂ ਆਪ ਵੀ) ਜੀਭ ਦੁਆਰਾ ਦਿਨ ਰਾਤ (ਹਰ ਸਮੇਂ ਨਾਮ ਸਿਮਰਨ ਦਾ) ਅਨੰਦ ਮਾਣਦਾ ਹੈ, (ਇਹ ਗੱਲ) ਸੱਚ ਕਰਕੇ ਜਾਣ ਲਵੋ।

ਫੁਨਿ ਪ੍ਰੇਮ ਰੰਗ ਪਾਈਐ, ਗੁਰਮੁਖਹਿ ਧਿਆਈਐ, ਅੰਨ ਮਾਰਗ ਤਜਹੁ, ਭਜਹੁ ਹਰਿ ਗ੍ਯਾਨੀਅਹੁ ॥ ਜੇ ਗੁਰੂ ਦੁਆਰਾ ਹਰੀ ਨੂੰ ਸਿਮਰੀਏ, ਤਾਂ ਪ੍ਰੇਮ ਦਾ ਅਨੰਦ ਪ੍ਰਾਪਤ ਹੁੰਦਾ ਹੈ, ਹੋਰ (ਕਰਮ ਕਾਂਡ ਦੇ) ਮਾਰਗ ਛੱਡ ਦਿਓ ਤੇ ਹੇ ਗਿਆਨਵਾਨੋ! ਹਰੀ ਨੂੰ ਸਿਮਰੋ।

ਬਚਨ ਗੁਰ ਰਿਦਿ ਧਰਹੁ, ਪੰਚ ਭੂ ਬਸਿ ਕਰਹੁ, ਜਨਮੁ ਕੁਲ ਉਧਰਹੁ, ਦ੍ਵਾਰਿ ਹਰਿ ਮਾਨੀਅਹੁ ॥ ਗੁਰੂ ਦੇ ਬਚਨਾਂ ਨੂੰ ਹਿਰਦੇ ਵਿਚ

ਟਿਕਾਓ, (ਇਨ੍ਹਾਂ ਬਚਨਾਂ ਦੀ ਮੱਦਤ ਨਾਲ) ਪੰਜਾਂ ਤੱਤਾਂ ਤੋਂ ਪੈਦਾ ਹੋਏ ਮਨ ਨੂੰ ਬਸ ਵਿਚ ਕਰੋ, (ਅਪਣੇ) ਜਨਮ ਅਤੇ ਕੁਲ ਨੂੰ ਤਾਰ ਲਵੋ (ਫਿਰ ਤੁਸੀਂ) ਹਰੀ ਦੇ ਦਰ ਤੇ ਸਨਮਾਨੇ ਜਾਓਗੇ।

ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ, ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥੧॥੧੩॥ ਜੇ ਕਰ ਤੁਸੀਂ ਇਸ ਲੋਕ ਅਤੇ ਪ੍ਰਲੋਕ ਦੇ ਸਾਰੇ ਸੁਖ ਚਾਹੁੰਦੇ ਹੋ, ਤਾਂ ਹੇ ਪ੍ਰਾਣੀਓ! ਤਨ ਮਨ ਅਤੇ ਬਾਣੀ ਦੁਆਰਾ ਲਗਾਤਾਰ ਹਰ ਸਮੇਂ ਗੁਰੂ ਗੁਰੂ ਜਪੋ।੧।੧੩।

ਪਦਾਰਥ = ਝੋਲਨਾ-ਇਕ ਛੰਦ ਦਾ ਨਾਮ (ਇਸ ਨੂੰ ਝੂਲਨਾ ਵੀ ਆਖਦੇ ਹਨ)।ਪ੍ਰਾਨੀਅਹੁ-ਹੇ ਪ੍ਰਾਣੀਓ।ਨਵ ਨਿਧਿ-ਨੌਂ ਨਿਧੀਆਂ।ਅਪੈ-ਅਰਪਦਾ ਹੈ।ਰਸਨਿ-ਜੀਭ ਰਾਹੀਂ।ਅਹਿਨਿਸਿ-ਦਿਨ ਰਾਤ।ਰਸੈ-ਅਨੰਦ ਲੈਂਦਾ ਹੈ।ਸਤਿ ਕਰਿ-ਸੱਤ ਕਰਕੇ; ਨਿਸਚੇ ਕਰਕੇ।ਜਾਨੀਅਹੁ-ਜਾਣ ਲਓ।ਫੁਨਿ-ਪੁਨਾ; ਤਾਂ।ਪ੍ਰੇਮ ਰੰਗ-ਪ੍ਰੇਮ ਦਾ ਰੰਗ ਜਾਂ ਅਨੰਦ।ਗੁਰਮੁਖਹਿ-ਗੁਰੂ ਦੁਆਰਾ।ਅੰਨ ਮਾਰਗ-ਹੋਰ (ਕਰਮ ਕਾਂਡ ਦੇ) ਰਸਤੇ।ਤਜਹੁ-ਛੱਡ ਦਿਓ।ਭਜਹੁ-ਭਜਨ ਕਰੋ।ਗ੍ਯਾਨੀਅਹੁ-(ਗਿਆਨੀਅਹੁ ਬੋਲੋ) ਹੇ ਗਿਆਨ ਵਾਨ ਪੁਰਖੋ!।ਰਿਦਿ ਧਰਹੁ-ਹਿਰਦੇ ਵਿਚ ਟਿਕਾਓ।ਪੰਚ ਭੂ-ਪੰਜਾਂ ਤੱਤਾਂ ਤੋਂ ਪੈਦਾ ਹੋਇਆ ਮਨ {ਇਹੁ ਮਨੁ ਪੰਚ ਤਤੁ ਤੇ ਜਨਮਾ ੪੧੫}; ਪੰਜ ਕਾਮ ਆਦਿਕਾਂ ਨੂੰ।ਕੁਲ-ਖਾਨਦਾਨ।ਉਧਰਹੁ-ਤਾਰ ਲਵੋ।ਦ੍ਵਾਰਿ ਹਰਿ-(ਦੁਆਰ ਬੋਲੋ) ਰੱਬ ਦੇ ਦਰ ਤੇ।ਮਾਨੀਅਹੁ-ਸਨਮਾਨੇ ਜਾਵੋਗੇ।ਜਉ ਤ-ਜੇਕਰ; ਜੇ ਤਾਂ (ਜੇਕਰ ਪਹਿਲਾਂ ਲਗ ਕੇ...ਤਾਂ ਹੇ ਪ੍ਰਾਣੀਓ, ਤਾਂ ਬਾਅਦ ਵਿਚ ਲੱਗਾ ਹੈ)।ਇਤ ਉਤ-ਲੋਕ ਪ੍ਰਲੋਕ।ਬੰਛਵਹੁ-ਚਾਹੁੰਦੇ ਹੋ।੧।੧੩।ਨੋਟ = ਪੰਜ ਵਾਰ ਗੁਰੂ ਗੁਰੂ ਕਹਿਣ ਤੋਂ ਬਾਰੰਬਾਰ ਗੁਰੂ ਦਾ ਨਾਮ ਜਪਣ ਤੋਂ ਭਾਵ ਹੈ।ਕਿਉਂਕਿ ਗੁਰੂ ਤੇ ਨਿਰੰਕਾਰ ਇਕ ਰੂਪ ਹਨ।ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਜੀ ਅਤੇ ਗੁਰੂ ਨਿਰੰਕਾਰ ਨੂੰ ਗੁਰੂ ਗੁਰੂ ਕਰਕੇ ਜਪੋ।ਇਥੇ ਛੰਦ ਦੀ ਕਿਸਮ ਬਦਲਣ ਕਰਕੇ ਛੋਟਾ ਅੰਕ ਵੀ ਬਦਲ ਗਿਆ ਹੈ।ਪਰ ਵੱਡਾ ਅੰਕ ਜਾਰੀ ਹੈ।

ਗੁਰੂ ਗੁਰੁ ਗੁਰੂ ਗੁਰੁ, ਗੁਰੂ ਜਪਿ ਸਤਿ ਕਰਿ ॥ (ਹੇ ਭਾਈ! ਤੁਸੀਂ) ਤਨ ਮਨ ਅਤੇ ਬਾਣੀ ਕਰਕੇ ਨਿਸਚੇ (ਸ਼ਰਧਾ) ਨਾਲ ਲਗਾਤਾਰ ਗੁਰੂ ਗੁਰੂ ਜਪਣਾ ਕਰੋ।

ਅਗਮ ਗੁਨ ਜਾਨੁ ਨਿਧਾਨੁ, ਹਰਿ ਮਨਿ ਧਰਹੁ ਧ੍ਯਾਨੁ, ਅਹਿਨਿਸਿ ਕਰਹੁ ਬਚਨ, ਗੁਰ ਰਿਦੈ ਧਰਿ ॥ (ਸੱਤਗੁਰੂ ਨੂੰ) ਬੇਅੰਤ ਗੁਣਾਂ ਦੇ ਖਜਾਨੇ ਹਰੀ ਦਾ ਸਰੂਪ ਜਾਣੋ, ਗੁਰੂ ਦੇ ਬਚਨਾਂ ਨੂੰ ਹਿਰਦੇ ਵਿਚ ਧਾਰਣ ਕਰਕੇ (ਉਸ ਸੱਤਗੁਰੂ ਦਾ) ਮਨ ਵਿਚ ਦਿਨ ਰਾਤ ਧਿਆਨ ਧਰੋ; ਗੁਰੂ ਦੇ ਬਚਨਾਂ ਨੂੰ ਹਿਰਦੇ ਵਿਚ ਟਿਕਾ ਕੇ, ਮਨ ਬਾਣੀ ਦੀ ਪਹੁੰਚ ਤੋਂ ਪਰੇ ਹਰੀ ਨੂੰ ਗੁਣਾਂ ਦਾ ਖਜਾਨਾ ਜਾਣੋ, (ਉਸੇ ਹਰੀ ਦਾ) ਮਨ ਵਿਚ ਧਿਆਨ ਧਰੋ, ਦਿਨ ਰਾਤ (ਉਸ ਦਾ ਜਾਪ) ਕਰੋ।

ਫੁਨਿ ਗੁਰੂ ਜਲ ਬਿਮਲ ਅਥਾਹ ਮਜਨ ਕਰਹੁ, ਸੰਤ ਗੁਰਸਿਖ ਤਰਹੁ, ਨਾਮ ਸਚ ਰੰਗ ਸਰਿ ॥ ਫਿਰ ਗੁਰੂ ਨਾਮ ਰੂਪ ਨਿਰਮਲ ਅਤੇ ਅਥਾਹ (ਡੂੰਘੇ) ਸਰੋਵਰ ਦਾ ਜਲ ਹੈ, (ਇਸ ਵਿਚ) ਪ੍ਰੇਮ ਨਾਲ ਇਸ਼ਨਾਨ ਕਰੋ, ਹੇ ਗੁਰਸਿਖੋ! ਹੇ ਸੰਤ ਜਨੋਂ! (ਇਉਂ ਤੁਸੀਂ ਭਵ ਸਾਗਰ ਤੋਂ) ਤਰ ਜਾਵੋਗੇ; ਫੇਰ ਗੁਰੂ ਰੂਪ ਪਵਿਤ੍ਰ ਤੇ ਡੂੰਘੇ ਜਲ ਵਿਚ ਇਸ਼ਨਾਨ ਕਰੋ, ਹੇ ਸੰਤ ਜਨੋਂ! ਗੁਰਸਿੱਖੋ! ਸੱਚੇ ਨਾਮ ਦੇ ਪ੍ਰੇਮ ਸਰੋਵਰ ਵਿਚ ਤਾਰੀਆਂ ਲਾਓ (ਸ਼ਬਦਾਰਥ; ਦਰਪਣ)।

ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ, ਪ੍ਰੇਮ ਗੁਰ ਸਬਦ ਰਸਿ, ਕਰਤ ਦ੍ਰਿੜੁ ਭਗਤਿ ਹਰਿ ॥ (ਗੁਰੂ ਰਾਮਦਾਸ ਜੀ) ਸਦਾ ਹੀ ਨਿਰਭਉ ਨਿਰਵੈਰ ਨਿਰੰਕਾਰ ਨੂੰ ਜਪਦੇ ਹਨ ਅਤੇ ਗੁਰੂ ਦੇ ਪ੍ਰੇਮ ਅਤੇ ਸ਼ਬਦ ਦੇ ਰਸ (ਅਨੰਦ) ਵਿਚ ਹਰੀ ਦੀ ਦ੍ਰਿੜ ਭਗਤੀ ਕਰਦੇ ਹਨ ।

ਮੁਗਧ ਮਨ ਭ੍ਰਮੁ ਤਜਹੁ, ਨਾਮੁ ਗੁਰਮੁਖਿ ਭਜਹੁ, ਗੁਰੂ ਗੁਰੁ ਗੁਰੂ ਗੁਰੁ, ਗੁਰੂ ਜਪੁ ਸਤਿ ਕਰਿ ॥੨॥੧੪॥ ਹੇ ਮੂਰਖ ਮਨ! ਭਰਮ ਛਡ ਦੇਹ, ਗੁਰੂ ਦੁਆਰਾ ਨਾਮ ਸਿਮਰ ਅਤੇ ਤਨ ਮਨ ਬਾਣੀ ਕਰਕੇ ਸ਼ਰਧਾ ਨਾਲ ਲਗਾਤਾਰ ਗੁਰੂ ਗੁਰੂ ਜਪ।੨।੧੪।

ਪਦਾਰਥ = ਸਤਿ ਕਰਿ-ਸੱਤ ਕਰਕੇ (ਸੱਚ ਸਰੂਪ ਸਮਝ ਕੇ); ਨਿਸਚੇ ਕਰਕੇ; ਸ਼ਰਧਾ ਨਾਲ।ਅਗਮ-ਮਨ ਦੀ ਪਹੁੰਚ ਤੋਂ ਦੂਰ; ਬੇਅੰਤ; ਕਰਤਾਰ।ਜਾਨੁ-ਜਾਣੋ; ਸਮਝੋ।ਨਿਧਾਨੁ-ਖਜਾਨਾ।ਅਹਿਨਿਸਿ-ਦਿਨ ਰਾਤ।ਧਰਹੁ-ਧਰੋ; ਟਿਕਾਓ।ਧ੍ਯਾਨ-(ਧਿਆਨ ਬੋਲੋ) ਧਿਆਨ।ਰਿਦੈ ਧਰਿ-ਹਿਰਦੇ ਵਿਚ ਟਿਕਾ ਕੇ।ਫੁਨਿ-ਫਿਰ।ਬਿਮਲ-ਸ਼ੁੱਧ (ਪਵਿਤ੍ਰ)।ਅਥਾਹ-ਡੂੰਘਾ (ਜਿਸਦੀ ਡੂੰਘਾਈ ਦਾ ਪਤਾ ਨਾ ਲੱਗੇ); ਬੇਅੰਤ।ਮਜਨ ਕਰਹੁ-ਇਸ਼ਨਾਨ ਕਰੋ।ਤਰਹੁ-ਤਰ ਜਾਓਗੇ; ਤਾਰੀਆਂ ਲਾਵੋ (ਸ਼ਬਦਾਰਥ; ਦਰਪਣ)।ਰੰਗ-ਪ੍ਰੇਮ ਨਾਲ; ਰੰਗ ਲਵੋ।ਸਰਿ-ਸਰੋਵਰ ਵਿਚ।ਜਪੈ-ਜਪਦਾ ਹੈ।ਰਸਿ-ਅਨੰਦ ਵਿਚ।ਕਰਤ ਦ੍ਰਿੜੁ-ਦ੍ਰਿੜ ਕਰਦਾ ਹੈ।ਮੁਗਧ ਮਨ-ਹੇ ਮੂਰਖ ਮਨ।ਤਜਹੁ-ਛਡ ਦੇਹ।ਭਜਹੁ-ਸਿਮਰਨ ਕਰ।ਗੁਰਮੁਖਿ-ਗੁਰੂ ਦੁਆਰਾ; ਗੁਰਮੁਖ ਹੋ ਕੇ।੨।੧੪।

ਵਿਅਖਿਆ = ਮਨੁੱਖ ਦਾ ਮਨ ਬੜਾ ਚੰਚਲ ਹੈ, ਟਿਕਦਾ ਨਹੀ।ਜੇ ਕਿਤੇ ਮਾੜਾ ਮੋਟਾ ਟਿਕਦਾ ਬੀ ਹੈ ਤਾਂ ਝੱਟ ਫਿਰ ਦੌੜ ਜਾਂਦਾ ਹੈ। ਭੱਟ ਜੀ ਮਨ ਨੂੰ ਟਿਕਾਉਣ ਦਾ ਢੰਗ ਦਸਦੇ ਹਨ।{ਗੁਰ ਮੂਰਤਿ ਸਿਉ ਲਾਇ ਧਿਆਨੁ ੧੯੨} ਸੱਤਗੁਰੂ ਦੇ ਸਰੂਪ ਦਾ ਧਿਆਨ, ਸਰਗੁਣ ਦਾ ਧਿਆਨ ਹੈ।ਨਿਰਗੁਣ ਪ੍ਰਭੂ ਦਿਸਦਾ ਨਹੀਂ, ਮਨ ਦੀ ਪਹੁੰਚ ਤੋਂ ਪਰੇ ਹੈ।ਉਸਦਾ ਧਿਆਨ ਔਖਾ ਹੈ।ਤੀਜੀ ਗਲ ਇਸ ਸਵੱਯੇ ਵਿਚ {ਬਚਨ ਗੁਰ ਰਿਦੈ ਧਰਿ}।ਨਿਰਗੁਣ ਕਰਤਾਰ, ਸਰਗੁਣ ਸੱਤਗੁਰੂ ਅਤੇ ਗੁਰੂ ਜੀ ਦੇ ਬਚਨ (ਬਾਣੀ) ਇਕੋ ਰੂਪ ਹਨ।ਮਨ

ਲਗਾ ਕੇ ਧਿਆਨ ਨਾਲ ਗੁਰਬਾਣੀ ਪੜ੍ਹੀ ਜਾਣੀ ਹੀ ਸੱਤਗੁਰੂ ਦਾ ਧਿਆਨ ਹੈ। ਭਾਈ ਗੁਰਦਾਸ ਜੀ ਅਨੁਸਾਰ {ਗੁਰ ਮੂਰਤ ਗੁਰ ਸਬਦ ਹੈ} ਗੁਰੂ ਦਾ ਸ਼ਬਦ, ਗੁਰੂ ਅਤੇ ਨਿਰੰਕਾਰ ਦੀ ਮੂਰਤ ਹੈ। ਮਨ ਦੀ ਮੈਲ, ਸੰਸੇ, ਦੌੜ ਭੱਜ ਦੂਰ ਕਰਨ ਲਈ ਗੁਣ ਨਿਧਾਨ ਗੁਰੂ ਦਾ ਧਿਆਨ ਕਰੋ ਭਾਵ ਬਾਣੀ ਧਿਆਨ ਨਾਲ ਪੜ੍ਹੋ। ਜਿਵੇਂ ਸਕੂਲ ਵਿਚ ਬੱਚੇ ਮਾਸਟਰ ਤੋਂ ਸਬਕ ਧਿਆਨ ਨਾਲ ਸੁਣਦੇ ਹਨ, ਧਿਆਨ ਨਾਲ ਸਬਕ ਪੜ੍ਹਦੇ ਹਨ। ਇਸ ਤਰ੍ਹਾਂ ਸਬਕ ਬੱਚੇ ਦੇ ਚੇਤੇ ਵਿਚ ਬੈਠ ਜਾਂਦਾ ਹੈ। ਠੀਕ ਜਦ ਬਾਣੀ ਜੋ ਗੁਰੂ ਦੀ ਮੂਰਤ ਹੈ, ਸਾਡੇ ਧਿਆਨ ਵਿਚ ਰਚ ਜਾਵੇਗੀ ਤਾਂ ਮਨ ਟਿਕਣਾ ਸ਼ੁਰੂ ਹੋ ਜਾਵੇਗਾ। ਮਨ ਦੀ ਮੈਲ ਹਰਨ ਲਈ ਸਰੋਵਰ ਵਿਚ ਸ਼ਨਾਨ ਕਰਨ ਨੂੰ ਭੱਟ ਜੀ ਆਖ ਰਹੇ ਹਨ। ਗੁਰੂ ਸਰੋਵਰ ਹੈ, ਸੱਤ ਨਾਮ ਦੇ ਜਲ ਦਾ, ਜਲ ਅਥਾਹ ਹੈ। ਇਹ ਜਲ ਬਹੁਤ ਸ਼ੁੱਧ ਹੈ, ਕਦੇ ਮੈਲਾ ਨਹੀਂ ਹੁੰਦਾ, ਅਥਾਹ ਜਲ ਹੋਣ ਕਰਕੇ ਸਾਡੀ ਮੈਲ ਇਸ ਜਲ ਨੂੰ ਮੈਲਾ ਨਹੀਂ ਕਰ ਸਕਦੀ। ਗੁਰੂ ਸਰੋਵਰ ਵਿਚ ਜਲ ਅਗੰਮੀ ਚਸ਼ਮੇ ਤੋਂ ਆਉਂਦਾ ਰਹਿੰਦਾ ਹੈ, ਜੋ ਆਪ ਨਿਰਮਲ ਹੈ ਅਤੇ ਹੋਰਨਾਂ ਨੂੰ ਵੀ ਨਿਰਮਲ ਕਰਦਾ ਹੈ। ਮਨ ਸਾਫ ਹੋਣ ਤੇ ਸੱਚੇ ਨਾਮ ਦਾ ਰੰਗ ਚੜ੍ਹ ਜਾਂਦਾ ਹੈ, ਜਿਸ ਕਰਕੇ ਮਨੁੱਖ ਭਵਜਲ ਤੋਂ ਤਰ ਜਾਂਦਾ ਹੈ।੨।੧੪।

ਅੰਗ ੧੪੦੧ = ਗੁਰੂ ਗੁਰੁ ਗੁਰੁ ਕਰਹੁ, ਗੁਰੂ ਹਰਿ ਪਾਈਐ ॥ ਹੇ ਭਾਈ! ਤਨ ਮਨ ਅਤੇ ਬਾਣੀ ਕਰਕੇ ਗੁਰੂ ਦਾ ਜਾਪ ਕਰੋ, ਗੁਰੂ ਦੀ ਕ੍ਰਿਪਾ ਨਾਲ ਹੀ ਹਰੀ ਪ੍ਰਾਪਤ ਹੁੰਦਾ ਹੈ।

ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ, ਹਰਿ ਨਾਮ ਨਗ ਹੀਰ ਮਣਿ, ਮਿਲਤ ਲਿਵ ਲਾਈਐ ॥ ਸੱਤਗੁਰੂ (ਅੰਮ੍ਰਿਤ ਦਾ) ਅਥਾਹ ਡੂੰਘਾ ਅਤੇ ਅਡੋਲ ਸਮੁੰਦਰ ਹੈ, ਜਿਸ ਵਿਚ ਲਿਵ ਲਗਾਉਣ ਨਾਲ ਬੇਅੰਤ ਹਰੀ ਦੇ ਨਾਮ ਰੂਪ ਨਗ ਹੀਰੇ ਮਣੀਆਂ ਆਦਿ ਕੀਮਤੀ ਰਤਨ ਮਿਲਦੇ ਹਨ {ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ। (ਅੰਗ ੨)

ਫੁਨਿ ਗੁਰੂ ਪਰਮਲ ਸਰਸ, ਕਰਤ ਕੰਚਨੁ ਪਰਸ, ਮੈਲੁ ਦੁਰਮਤਿ ਹਿਰਤ, ਸਬਦਿ ਗੁਰੁ ਧ੍ਯਾਈਐ ॥ ਫੇਰ ਗੁਰੂ ਜੀ ਚੰਦਨ ਜਿਹੇ ਹਨ (ਜੋ ਦੂਜੇ ਦਰੱਖਤਾਂ ਨੂੰ ਸੁਗੰਧੀ ਵਾਲਾ ਕਰਦਾ ਹੈ, ਤਿਵੇਂ ਗੁਰੂ ਜੀ ਨਾਮ ਹੀਣਾਂ ਨੂੰ ਨਾਮ ਦੀ ਮਹਿਕ ਵਾਲਾ ਕਰਦੇ ਹਨ ਅਤੇ ਜਿਵੇਂ ਲੋਹੇ ਨੂੰ) ਛੋਹ ਕੇ ਪਾਰਸ ਸੋਨਾ ਕਰਦਾ ਹੈ (ਤਿਵੇਂ ਗੁਰੂ ਜੀ ਲੋਹੇ ਵਾਂਗ ਕਾਲੇ ਤੇ ਕਠੋਰ ਦਿਲਾਂ ਵਾਲੇ ਮਨੁੱਖਾਂ ਨੂੰ ਸੋਨੇ ਵਾਂਗ ਸ਼ੁੱਧ ਬਣਾ ਦੇਂਦੇ ਹਨ) ਅਤੇ ਖੋਟੀ ਬੁੱਧੀ ਦੀ ਮੈਲ ਨਾਸ਼ ਕਰ ਦੇਂਦੇ ਹਨ, (ਪਰ) ਜੇ ਸ਼ਬਦ ਰਾਹੀਂ ਗੁਰੂ ਨੂੰ ਧਿਆਈਏ।

ਅੰਮ੍ਰਿਤ ਪਰਵਾਹ, ਛੁਟਕੰਤ ਸਦ ਦ੍ਵਾਰਿ ਜਿਸੁ, ਗ੍ਯਾਨ ਗੁਰ ਬਿਮਲ ਸਰ, ਸੰਤ ਸਿਖ ਨਾਈਐ ॥ ਜਿਸ (ਗੁਰੂ ਰਾਮ ਦਾਸ ਜੀ ਦੇ) ਦਰ ਤੇ ਅੰਮ੍ਰਿਤ (ਰੂਪ ਕਥਾ ਕੀਰਤਨ) ਦੇ ਪ੍ਰਵਾਹ ਚਲਦੇ ਰਹਿੰਦੇ ਹਨ, ਜਿਸ ਗੁਰੂ ਦੇ ਗਿਆਨ ਰੂਪ ਨਿਰਮਲ (ਜਲ ਦੇ) ਸਰੋਵਰ ਵਿਚ ਸਿਖ ਸੰਤ ਇਸ਼ਨਾਨ ਕਰਦੇ ਹਨ ('ਜਿਸੁ' ਦਿਹੁਲੀ ਦੀਪਕ ਹੈ, ਦੋਹਾਂ ਪਾਸੇ ਲਗਦਾ ਹੈ)।

ਨਾਮੁ ਨਿਰਬਾਣੁ ਨਿਧਾਨੁ, ਹਰਿ ਉਰਿ ਧਰਹੁ, ਗੁਰੂ ਗੁਰੁ ਗੁਰੁ ਕਰਹੁ, ਗੁਰੂ ਹਰਿ ਪਾਈਐ ॥੩॥੧੫॥ ਨਿਰਬਾਣ ਹਰੀ ਦਾ ਨਾਮ ਰੂਪ ਖਜਾਨਾ ਹਿਰਦੇ ਵਿਚ ਟਿਕਾ ਲਵੋ ਅਤੇ ਸਦਾ ਲਗਤਾਰ ਤਨ ਮਨ ਅਤੇ ਬਾਣੀ ਕਰਕੇ ਗੁਰੂ ਦਾ ਜਾਪ ਕਰੋ, ਗੁਰੂ ਤੋਂ ਹੀ ਹਰੀ ਗੁਰੂ ਪ੍ਰਾਪਤ ਹੁੰਦਾ ਹੈ।੩।੧੫।

ਪਦਾਰਥ = ਗੁਰੂ ਹਰਿ ਪਾਈਐ-ਗੁਰੂ ਦੀ ਕ੍ਰਿਪਾ ਨਾਲ ਹਰੀ ਪ੍ਰਾਪਤ ਹੁੰਦਾ ਹੈ। ਉਦਧਿ-ਸਮੁੰਦਰ। ਗਹਿਰ-ਡੂੰਘਾ। ਗੰਭੀਰ-ਅਹਿੱਲ; ਸੰਜੀਦਾ; ਧੀਰਜਵਾਨ; ਅਡੋਲ (ਗਹਿਰ ਗੰਭੀਰ-ਡੂੰਘੇ ਤੋਂ ਡੂੰਘਾ; ਬਹੁਤ; ਵੱਡਾ; ਵਾਹਿਗੁਰੂ)। ਨਗ-ਨਗੀਨਾ; ਰਤਨ। ਹੀਰ-ਹੀਰਾ। ਮਣਿ-ਮਣੀ; ਮਾਣਕ। ਮਿਲਤ-ਮਿਲਦੇ ਹਨ। ਲਿਵ ਲਾਈਐ-ਲਿਵ ਲਾਉਣ ਨਾਲ। ਫੁਨਿ-ਪੁਨਾ; ਫਿਰ। ਪਰਮਲ ਸਰਸ-ਚੰਦਨ ਵਰਗਾ; ਰਸਦਾਇਕ ਸੁਗੰਧੀ। ਕਰਤ-ਕਰਦਾ ਹੈ। ਕੰਚਨ-ਸੋਨਾ। ਪਰਸ-ਪਾਰਸ; ਛੋਹ। ਦੁਰਮਤਿ-ਖੋਟੀ ਬੁੱਧੀ। ਹਿਰਤ-ਨਾਸ ਕਰਦਾ ਹੈ। ਧ੍ਯਾਈਐ-ਸਿਮਰੀਏ (ਧਿਆਈਐ ਪੜ੍ਹੋ)। ਪਰਵਾਹ-ਵਹਾਓ। ਛੁਟਕੰਤ-ਛੁੱਟਦੇ; ਵਗਦੇ; ਚਲਦੇ ਹਨ। ਸਦ-ਸਦਾ। ਦ੍ਵਾਰਿ-(ਦੁਆਰ ਬੋਲੋ) ਦਰ ਤੇ; ਦਰਬਾਰ ਵਿਚ। ਬਿਮਲ-ਸ਼ੁੱਧ; ਨਿਰਮਲ। ਸਰ-ਸਰੋਵਰ। ਨਾਈਐ-ਇਸ਼ਨਾਨ ਕਰਦੇ ਹਨ। ਨਿਰਬਾਣੁ-ਸ਼ੁੱਧ; ਬੰਧਨਾਂ ਤੋਂ ਰਹਿਤ; ਵਾਸ਼ਨਾ ਤੋਂ ਰਹਿਤ ਨਿਰੰਕਾਰ। ਨਿਧਾਨੁ-ਖਜਾਨਾ। ਉਰਿ ਧਰਹੁ-ਹਿਰਦੇ ਵਿਚ ਟਿਕਾਓ।੩।੧੫।

ਵਿਆਖਿਆ = ਗੁਰੂ ਦੁਆਰਾ ਹੀ ਨਿਰੰਕਾਰ ਮਿਲਦਾ ਹੈ। ਗੁਰੂ ਅੰਮ੍ਰਿਤ ਦਾ ਸਾਗਰ ਹੈ, ਜੋ ਅਥਾਹ ਅਡੋਲ ਅਪਣੇ ਆਪ ਵਿਚ ਪੂਰਨ ਹੈ। ਜਿਵੇਂ ਸਮੁੰਦਰ ਦੀ ਗਹਿਰਾਈ ਵਿਚ ਜੋ ਟੁੱਭੀ ਮਾਰਦਾ ਹੈ, ਸਮੁੰਦਰ ਵਿਚੋਂ ਰਤਨ ਉਹ ਹੀ ਕਢ ਕੇ ਲਿਆਉਂਦਾ ਹੈ। ਇਸੇ ਤਰ੍ਹਾਂ ਸੱਤਗੁਰੂ ਵਿਚ ਧਿਆਨ ਜੋੜਨ ਵਾਲਿਆਂ ਨੂੰ ਨਾਮ, ਸ਼ੁੱਭ ਗੁਣ, ਆਤਮ ਬਿਚਾਰ ਆਦਿ ਮਿਲਦੇ ਹਨ। ਜੋ ਸੱਤਗੁਰੂ ਦੇ ਚਰਨਾਂ ਦੀ ਛੋਹ ਪ੍ਰਾਪਤ ਕਰਦਾ ਹੈ, ਉਹ ਚੰਦਨ ਵਾਂਙ ਗੁਣਾਂ ਦੀ ਮਹਿਕ ਨਾਲ ਭਰਪੂਰ ਹੋ ਜਾਂਦਾ ਹੈ। ਲੋਹੇ ਵਰਗੇ ਕਾਲੇ ਕਲੂਟ ਲਾਲਚੀ ਮਨੁੱਖ ਕੀਮਤੀ ਅਤੇ ਸੁੰਦਰ ਸੋਨਾ ਬਣ ਜਾਂਦੇ ਹਨ। (ਪਰਸ) ਪਦ ਨੂੰ ਪਾਰਸ ਅਤੇ ਛੋਹ ਦੋਹਾਂ ਅਰਥਾਂ ਵਿਚ ਵਰਤਿਆ ਗਿਆ ਹੈ। ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਚਲ ਰਹੇ ਕਥਾ ਕੀਰਤਨ ਦੇ ਪ੍ਰਵਾਹ ਅਤੇ ਪਵਿਤ੍ਰ ਸਰੋਵਰ ਵਿਚ ਇਸ਼ਨਾਨ ਕਰਕੇ ਸਿਖ ਸੰਤ ਗੁਰੂ ਜੀ ਤੋਂ ਆਤਮ ਗਿਆਨ ਅਤੇ ਨਿਰਬਾਣ ਕਰਤਾਰ ਦੀ ਪ੍ਰਾਪਤੀ ਕਰਦੇ ਹਨ।੩।੧੫।

ਗੁਰੂ ਗੁਰੁ ਗੁਰੂ ਗੁਰੁ, ਗੁਰੂ ਜਪੁ ਮੰਨ ਰੇ ॥ ਜਾ ਕੀ ਸੇਵ, ਸਿਵ ਸਿਧ ਸਾਧਿਕ ਸੁਰ ਅਸੁਰ ਗਣ, ਤਰਹਿ ਤੇਤੀਸ, ਗੁਰ ਬਚਨ ਸੁਣਿ

ਕੰਨ ਰੇ ॥ ਹੇ ਮੇਰੇ ਮਨ! ਤਨ ਮਨ ਬਾਣੀ ਦੁਆਰਾ ਇਕ ਰਸ ਗੁਰੂ ਗੁਰੂ ਜਪ। ਜਿਸ (ਗੁਰੂ ਦੀ) ਸੇਵਾ ਕਰਕੇ ਅਥੇ ਗੁਰੂ ਦੇ ਬਚਨ ਕੰਨਾਂ ਨਾਲ ਸੁਣ ਕੇ ਸ਼ਿਵ, ਚੁਰਾਸੀ ਸਿਧ, ਸਾਧਨਾ ਕਰਨ ਵਾਲੇ ਸਾਧੂ, ਦੈਂਤ, (ਦੇਵਤਿਆਂ ਦੇ) ਸੇਵਕ ਅਤੇ ਤੇਤੀ ਕ੍ਰੋੜ ਦੇਵਤੇ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ।

ਫੁਨਿ ਤਰਹਿ ਤੇ ਸੰਤ ਹਿਤ, ਭਗਤ ਗੁਰੁ ਗੁਰੁ ਕਰਹਿ, ਤਰਿਓ ਪ੍ਰਹਲਾਦੁ, ਗੁਰ ਮਿਲਤ ਮੁਨਿ ਜੰਨ ਰੇ ॥ ਫਿਰ ਉਹ ਸੰਤ ਅਤੇ ਭਗਤ ਵੀ ਤਰ ਜਾਂਦੇ ਹਨ, ਜੋ ਪਿਆਰ ਨਾਲ ਗੁਰੂ ਗੁਰੂ ਕਰਦੇ (ਜਪਦੇ) ਹਨ, ਹੇ ਮੇਰੇ ਮਨ! ਗੁਰੂ ਨੂੰ ਮਿਲ ਕੇ ਪ੍ਰਹਿਲਾਦ, ਮੁਨੀ ਅਤੇ (ਕਈ ਹੋਰ) ਲੋਕ (ਵੀ ਸੰਸਾਰ ਸਾਗਰ ਤੋਂ) ਤਰ ਜਾਂਦੇ ਹਨ।

ਤਰਹਿ ਨਾਰਦਾਦਿ ਸਨਕਾਦਿ, ਹਰਿ ਗੁਰਮੁਖਹਿ ਤਰਹਿ, ਇਕ ਨਾਮ ਲਗਿ, ਤਜਹੁ ਰਸ ਅੰਨ ਰੇ ॥ ਨਾਰਦ ਆਦਿ ਅਤੇ (ਚਾਰੇ ਭਾਈ) ਸਨਕ ਆਦਿਕ ਗੁਰੂ (ਰਾਮਦਾਸ ਜੀ) ਦੁਆਰਾ ਹਰੀ (ਦਾ ਨਾਮ) ਜਪ ਕੇ ਤਰ ਗਏ ਹਨ, (ਇਸ ਲਈ) ਹੇ ਮੇਰੇ ਮਨ! ਇਕ ਨਾਮ ਵਿਚ ਜੁੜ ਕੇ ਹੋਰ (ਦੁਨੀਆਵੀ) ਰਸਾਂ ਨੂੰ ਛੱਡ ਦੇਹ।

ਦਾਸੁ ਬੇਨਤਿ ਕਹੈ, ਨਾਮੁ ਗੁਰਮੁਖਿ ਲਹੈ, ਗੁਰੂ ਗੁਰੁ ਗੁਰੂ ਗੁਰੁ, ਗੁਰੂ ਜਪੁ ਮੰਨ ਰੇ ॥੪॥੧੬॥੨੯॥ ਭੱਟ ਦਾਸ ਬੇਨਤੀ ਕਰਦਾ ਹੈ ਕਿ ਹਰੀ ਦਾ ਨਾਮ ਗੁਰੂ ਦੁਆਰਾ (ਗੁਰੂ ਦੀ ਸ਼ਰਣ ਵਿਚ ਪੈ ਕੇ) ਹੀ ਮਿਲਦਾ ਹੈ, (ਇਸ ਕਰਕੇ ਹਰ ਵੇਲੇ ਲਗਾਤਾਰ) ਹੇ ਮੇਰੇ ਮਨ! ਤਨ ਮਨ ਅਤੇ ਬਾਣੀ ਦੁਆਰਾ ਗੁਰੂ ਗੁਰੂ ਜਪ।੪।੧੬।੨੯।

ਪਦਾਰਥ = ਮੰਨ ਰੇ–ਹੇ ਮਨ!। ਜਾ ਕੀ–ਜਿਸ ਦੀ। ਸੇਵ–ਸੇਵਾ। ਸਿਧ–(ਚੁਰਾਸੀ ਪੁੱਗੇ ਹੋਏ) ਜੋਗੀ। ਸਾਧਿਕ–ਸਾਧਨਾ ਕਰਨ ਵਾਲੇ; ਅਭਿਆਸੀ। ਸੁਰ–ਦੇਵਤੇ। ਅਸੁਰ–ਦੈਂਤ। ਗਣ–ਦੇਵਤਿਆਂ (ਸ਼ਿਵ ਆਦਿ) ਦੇ ਸੇਵਕ। ਤਰਹਿ–ਤਰ ਜਾਂਦੇ ਹਨ। ਤੇਤੀਸ–ਤੇਤੀ ਕ੍ਰੋੜ ਦੇਵਤੇ। ਕੰਨ–ਕੰਨਾਂ ਨਾਲ। ਤੇ ਸੰਤ–ਉਹ ਸੰਤ। ਹਿਤ–ਪਿਆਰ ਨਾਲ। ਕਰਹਿ–ਕਰਦੇ (ਜਪਦੇ) ਹਨ। ਮਿਲਤ–ਮਿਲਦਿਆਂ। ਮੁਨਿ ਜੰਨ–ਰਿਸ਼ੀ ਮੁਨੀ ਅਤੇ ਹੋਰ ਲੋਕ। ਨਾਰਦਾਦਿ–ਨਾਰਦ ਆਦਿਕ। ਸਨਕਾਦਿ–ਸਨਕ ਆਦਿਕ ਚਾਰੇ ਭਰਾ (ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ)। ਹਰਿ ਗੁਰਮੁਖਹਿ–ਹਰੀ ਰੂਪ ਗੁਰੂ ਰਾਹੀਂ। ਲਗਿ–ਜੁੜ ਕੇ। ਤਜਹੁ–ਛਡ ਦੇਹ। ਰਸ ਅੰਨ–ਹੋਰ ਰਸ ਕਸ। ਦਾਸੁ–ਭੱਟ ਦਾ ਨਾਮ ਹੈ (ਮ. ਕੋ.; ਭਾ. ਵੀਰ ਸਿੰਘ; ਸੰ. ਸ.; ਟਕਸਾਲ.; ਫ. ਸ.)। ਲਹੈ–ਲਭਦਾ ਹੈ।੪।੧੬।੨੯।

ਵਿਆਖਿਆ = ਹੁਣ ਤਕ ਜਿੰਨੇ ਵੀ ਸੰਤ ਭਗਤ ਲੋਕ ਤਰੇ ਹਨ, ਸਭ ਅਪਣੇ ਅਪਣੇ ਸਮੇਂ ਗੁਰੂ ਨੂੰ ਹਰੀ ਰੂਪ ਜਾਣ ਕੇ ਸੇਵਾ ਕਰਕੇ ਅਤੇ ਨਾਮ ਜਪ ਕੇ ਹੀ ਤਰੇ ਹਨ। ਹਰੇਕ ਜੁਗ ਵਿਚ ਗੁਰੂ ਤਾਰਨਹਾਰ ਹੈ।੪।੧੬।੨੯। ਅੱਗੇ ਗਯੰਦ ਭੱਟ ਦੇ ਸਵਯੇ ਸ਼ੁਰੂ ਹੁੰਦੇ ਹਨ।

ਸਿਰੀ ਗੁਰੂ ਸਾਹਿਬੁ ਸਭ ਊਪਰਿ ॥ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ ॥ ਸ੍ਰੀ ਗੁਰੂ (ਰਾਮਦਾਸ) ਸਾਹਿਬ ਸਭ ਦੇ ਉਪਰ (ਸ਼੍ਰੋਮਣੀ) ਹਨ (ਅਤੇ ਹਰੀ ਦਾ ਸਰੂਪ ਹਨ), ਜਿਸ ਨੇ ਸਤਜੁਗ ਵਿਚ ਧਰੂ (ਭਗਤ) ਉਪਰ ਕ੍ਰਿਪਾ ਕੀਤੀ, {ਊਪਰਿ ਪਰੈ ਪਰੈ ਅਪਰੰਪਰੁ ੧੦੪੦}। (ਇਸ ਤੁਕ ਦਾ ਬਿਸ੍ਰਾਮ ਗੁ. ਪਾ. ਦ. ਅਤੇ ਦਰਪਣ ਨੇ ਇਸ ਪ੍ਰਕਾਰ ਲਾਇਆ ਹੈ)ঃ– ਸਿਰੀ ਗੁਰੂ ਸਾਹਿਬੁ, ਸਭ ਊਪਰਿ ਕਰੀ ਕ੍ਰਿਪਾ, ਸਤਿਜੁਗਿ ਜਿਨਿ ਧ੍ਰੂ ਪਰਿ ॥ (ਪਰ ਇਹ ਬਿਸ੍ਰਾਮ ਠੀਕ ਨਹੀ, ਇਸ ਦਾ ਨਿਰਣਾ ੧੪੦੨ ਅੰਗ ਤੇ 'ਸਿਰੀ ਗੁਰੂ ਸਾਹਿਬੁ ਸਭ ਊਪਰਿ, ਮਨ ਬਚ ਕ੍ਰੰਮ ਸੇਵੀਐ ਸਚਾ' ਵਾਲੀ ਪੰਗਤੀ ਕਰ ਦਿੰਦੀ ਹੈ)।

ਸ੍ਰੀ ਪ੍ਰਹਲਾਦ ਭਗਤ ਉਧਰੀਅੰ ॥ ਹਸ੍ਤ ਕਮਲ ਮਾਥੇ ਪਰ ਧਰੀਅੰ ॥ ਸ੍ਰੀ ਪ੍ਰਹਿਲਾਦ ਭਗਤ ਨੂੰ (ਹਰੀ ਨੇ ਜਾਲਮ ਪਿਓ ਤੋਂ) ਬਚਾਇਆ; ਸ੍ਰੀ ਪ੍ਰਹਲਾਦ ਭਗਤ ਦਾ ਉਧਾਰ ਕੀਤਾ। (ਉਸ ਦੇ) ਮੱਥੇ ਉਪਰ ਅਪਣੇ ਕਮਲਾਂ ਵਰਗੇ ਹੱਥ ਰੱਖੇ।

ਅਲਖ ਰੂਪ ਜੀਅ ਲਖ੍ਯਾ ਨ ਜਾਈ ॥ ਸਾਧਿਕ ਸਿਧ ਸਗਲ ਸਰਣਾਈ ॥ ਉਹ ਅਲੱਖ ਸਰੂਪ ਨਿਰੰਕਾਰ (ਗੁਰੂ ਤੋਂ ਬਿਨਾ) ਜੀਵਾਂ ਤੋਂ ਜਾਣਿਆ ਨਹੀਂ ਜਾਂਦਾ। (ਉਸ ਨਿਰੰਕਾਰ ਦਾ ਰੂਪ ਗੁਰੂ ਰਾਮਦਾਸ ਜੀ ਹਨ)। ਸਾਧਨਾ ਕਰਨ ਵਾਲੇ ਅਤੇ ਸਿਧ, ਸਾਰੇ (ਗੁਰੂ ਜੀ ਦੀ) ਸ਼ਰਣ ਵਿਚ ਹਨ।

ਗੁਰ ਕੇ ਬਚਨ ਸਤਿ ਜੀਅ ਧਾਰਹੁ ॥ ਮਾਣਸ ਜਨਮੁ ਦੇਹ ਨਿਸ੍ਤਾਰਹੁ ॥ (ਹੇ ਭਾਈ!) ਗੁਰੂ ਦੇ (ਉਚਾਰੇ ਹੋਏ) ਬਚਨ ਸੱਚ ਮੰਨ ਕੇ ਦਿਲ ਵਿਚ ਧਾਰ ਲਵੋ। (ਇਸ ਤਰ੍ਹਾਂ ਅਪਣਾ) ਮਨੁੱਖਾ ਜਨਮ ਤੇ ਸਰੀਰ ਦਾ ਉਧਾਰ ਕਰ ਲਓ।

ਗੁਰੁ ਜਾਹਜੁ ਖੇਵਟ ਗੁਰੂ, ਗੁਰ ਬਿਨੁ ਤਰਿਆ ਨ ਕੋਇ ॥ ਗੁਰ ਪ੍ਰਸਾਦਿ ਪ੍ਰਭੁ ਪਾਈਐ, ਗੁਰ ਬਿਨੁ ਮੁਕਤਿ ਨ ਹੋਇ ॥ (ਸੰਸਾਰ ਸਮੁੰਦਰ ਤੋਂ ਤਾਰਨ ਲਈ) ਸੱਤਗੁਰੂ (ਜੀ ਪਾਸ ਨਾਮ ਰੂਪ) ਜਹਾਜ ਰੂਪ ਹੈ, ਗੁਰੂ ਜੀ ਮਲਾਹ ਹਨ, ਕੋਈ ਵੀ (ਮਨੁੱਖ ਸੰਸਾਰ ਸਾਗਰ ਤੋਂ) ਗੁਰੂ ਬਿਨਾ ਨਹੀ ਤਰ ਸਕਿਆ। ਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਭੂ ਪਾਈਦਾ ਹੈ, ਗੁਰੂ ਤੋਂ ਬਿਨਾ ਮੁਕਤੀ ਪ੍ਰਾਪਤ ਨਹੀ ਹੁੰਦੀ।

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥ ਗੁਰੂ ਨਾਨਕ ਸਾਹਿਬ ਨਿਰੰਕਾਰ ਦੇ ਨੇੜੇ ਵਸਦੇ ਹਨ (ਜੋਤੀ ਜੋਤ ਸਮਾ ਕੇ ਸੱਚਖੰਡ ਜਾ ਬਿਰਾਜੇ ਹਨ)। ਉਨ੍ਹਾਂ (ਗੁਰੂ ਨਾਨਕ ਦੇਵ ਜੀ) ਨੇ ਜਗਤ ਵਿਚ ਬਾਬਾ ਲਹਿਣਾ ਜੀ ਨੂੰ (ਗੁਰੂ) ਥਾਪ ਕੇ (ਗੁਰੂ ਅੰਗਦ ਬਣਾ ਕੇ ਨਿਰੰਕਾਰੀ) ਜੋਤ (ਉਨ੍ਹਾਂ ਵਿਚ) ਰਖ ਦਿਤੀ।

ਲਹਣੈ ਪੰਥੁ ਧਰਮ ਕਾ ਕੀਆ ॥ ਅਮਰਦਾਸ ਭਲੇ ਕਉ ਦੀਆ ॥ (ਅੱਗੋਂ) ਬਾਬਾ ਲਹਿਣਾ ਜੀ ਨੇ ਧਰਮ ਦਾ ਰਸਤਾ ਚਲਾਉਣਾ ਕੀਤਾ

(ਅੱਗੇ ਹੋਰ ਪ੍ਰਚਾਰਿਆ ਭਾਵ ਫੈਲਾਇਆ); ਬਾਬਾ ਲਹਿਣਾ ਜੀ ਨੇ (ਸੇਵਾ ਕਰਕੇ ਅਤੇ ਹੁਕਮ ਮੰਨ ਕੇ) ਗੁਰੂ ਨਾਨਕ ਦੇਵ ਜੀ ਦੇ ਧਰਮ ਦੇ ਰਸਤੇ ਨੂੰ ਕਾਇਮ ਕੀਤਾ (ਟਕਸਾਲ)।(ਅਪਣਾ ਸਮਾਂ ਪੂਰਾ ਕਰਕੇ, ਗੁਰਿਆਈ ਦਾ ਤਖਤ) ਭੱਲੇ ਵੰਸ ਦੇ ਗੁਰੂ ਅਮਰਦਾਸ ਜੀ ਨੂੰ ਬਖਸ਼ ਦਿਤਾ।

ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪੵਉ ॥ ਹਰਿ ਕਾ ਨਾਮੁ ਅਖੈ ਨਿਧਿ ਅਪੵਉ ॥ ਉਨ੍ਹਾਂ (ਗੁਰੂ ਅਮਰਦਾਸ ਜੀ) ਨੇ ਸ੍ਰੀ ਗੁਰੂ ਰਾਮਦਾਸ ਜੀ ਸੋਢੀ ਨੂੰ ਨਿਹਚਲ (ਗੁਰ ਗੱਦੀ ਤੇ) ਸਥਾਪਨ ਕੀਤਾ।ਹਰੀ ਦਾ ਨਾ ਨਾਸ਼ ਹੋਣ ਵਾਲਾ ਨਾਮ ਰੂਪ ਖਜਾਨਾ ਅਰਪਿਆ (ਬਖਸ਼ਿਆ)।

ਅਪੵਉ ਹਰਿ ਨਾਮੁ ਅਖੈ ਨਿਧਿ, ਚਹੁ ਜੁਗਿ ਗੁਰ ਸੇਵਾ ਕਰਿ ਫਲੁ ਲਹੀਅੰ ॥ (ਗੁਰੂ ਅਮਰ ਦਾਸ ਜੀ ਨੇ) ਹਰੀ ਦਾ ਨਾਮ ਰੂਪ ਅਬਿਨਾਸੀ ਖਜਾਨਾ (ਗੁਰੂ ਰਾਮ ਦਾਸ ਜੀ ਨੂੰ) ਅਰਪਿਆ, ਚਾਰਾਂ (ਗੁਰੂਆਂ ਦੇ) ਸਮੇਂ ਵਿਚ ਗੁਰੂ ਦੀ ਸੇਵਾ ਕਰਕੇ ਹੀ (ਗੁਰਤਾ ਗੱਦੀ ਦਾ) ਫਲ ਮਿਲਿਆ ਹੈ (ਟਕਸਾਲ); ਚੌਹਾਂ ਜੁਗਾਂ ਵਿਚ (ਜੋ ਕੁਝ ਫਲ ਕਿਸੇ ਨੂੰ ਮਿਲਿਆ ਹੈ, ਉਹ) ਗੁਰੂ ਦੀ ਸੇਵਾ ਕਰ ਕੇ ਫਲ ਮਿਲਿਆ ਹੈ।

ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ, ਪਰਮਾਨੰਦ ਗੁਰਮੁਖਿ ਕਹੀਅੰ ॥ (ਜੋ ਮਨੁੱਖ ਗੁਰੂ ਜੀ ਦੀ) ਸ਼ਰਣ ਵਿਚ ਆ ਕੇ ਚਰਣਾਂ ਤੇ ਮੱਥਾ ਟੇਕਦੇ ਹਨ (ਉਹ ਸਾਰੇ) ਸੁਖ ਪਾ ਲੈਂਦੇ ਹਨ ਅਤੇ ਪਰਮ ਅਨੰਦ (ਮਾਣਦੇ ਹਨ, ਐਸੇ ਮਨੁੱਖ) ਗੁਰਮੁਖ ਕਹੇ ਜਾਂਦੇ ਹਨ।

ਪਰਤਖਿ ਦੇਹ ਪਾਰਬ੍ਰਹਮੁ ਸੁਆਮੀ, ਆਦਿ ਰੂਪਿ ਪੋਖਣ ਭਰਣੰ ॥ (ਗੁਰੂ ਰਾਮਦਾਸ ਜੀ) ਪਾਰਬ੍ਰਹਮ ਸੁਆਮੀ ਦੀ ਪ੍ਰਤੱਖ ਦੇਹ ਹਨ, ਜੋ (ਪ੍ਰਭੂ) ਆਦਿ ਰੂਪ ਵਾਲਾ ਹੈ, ਸਭ ਨੂੰ ਪਾਲਣ ਵਾਲਾ (ਅਤੇ ਦਾਤਾਂ ਦੇ ਕੇ) ਭਰਨ ਵਾਲਾ ਹੈ।

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ, ਸ੍ਰੀ ਰਾਮਦਾਸੁ ਤਾਰਣ ਤਰਣੰ ॥੧॥ (ਹੇ ਭਾਈ!) ਪੂਜਨੀਕ ਸੱਤਗੁਰੂ (ਰਾਮਦਾਸ ਜੀ) ਨੂੰ ਪੂਜ, ਜਿਨ੍ਹਾਂ ਦੀ ਆਤਮਕ ਅਵਸਥਾ ਜਾਨਣ ਤੋਂ ਰਹਿਤ ਹੈ ਅਤੇ ਗੁਰੂ ਰਾਮਦਾਸ ਜੀ (ਜੀਵਾਂ ਨੂੰ ਭਵ ਸਾਗਰ ਤੋਂ) ਤਾਰਨ ਲਈ ਜਹਾਜ ਹਨ।੧।

ਪਦਾਰਥ = ਸਾਹਿਬ–ਮਾਲਕ।ਸਭ ਊਪਰਿ–ਸਭ ਦੇ ਉਪਰ (ਉਚਾ; ਸ਼੍ਰੋਮਣੀ)।ਸਤਜੁਗਿ–ਸਤਜੁਗ ਵਿਚ।ਜਿਨਿ–ਜਿਸ ਨੇ।ਪਰਿ–ਉਤੇ।ਉਧਰੀਅੰ–ਬਚਾਓ ਜਾਂ ਉਧਾਰ ਕੀਤਾ।ਹਸੂ ਕਮਲ–ਪਵਿਤ੍ਰ ਹੱਥ।ਧਰੀਅੰ–ਧਰਿਆ; ਰੱਖਿਆ।ਅਲਖ–ਮਨ ਬੁਧੀ ਤੋਂ ਪਰੇ।ਜੀਅ–ਜੀਵਾਂ ਤੋਂ।ਲਖੵਾ ਨ ਜਾਈ–(ਲਖਿਆ ਪੜ੍ਹੋ) ਜਾਣਿਆ ਨਹੀ ਜਾਂਦਾ।ਸਾਧਿਕ–ਸਾਧਨਾ ਕਰਨ ਵਾਲੇ ਅਭਿਆਸੀ ਸਾਧੂ।ਸਿਧ–ਕਰਾਮਾਤੀ ਸਾਧੂ।ਸਗਲ–ਸਾਰੇ।ਸਤਿ–ਸੱਚ ਕਰਕੇ।ਜੀਅ–ਚਿਤ ਵਿਚ।ਧਾਰਹੁ–ਟਿਕਾ ਲਵੋ।ਮਾਣਸ ਜਨਮ–ਮਨੁੱਖਾ ਜਨਮ।ਦੇਹ–ਸਰੀਰ।ਨਿਸ੍ਤਾਰਹੁ–ਤਾਰ ਲਵੋ।ਖੇਵਟ–ਮਲਾਹ।ਨਿਕਟਿ–ਨੇੜੇ।ਬਨਵਾਰੀ–(ਸੰਸਾਰ ਬਾਗ ਦਾ ਮਾਲੀ) ਕਰਤਾਰ।ਤਿਨਿ–ਉਨ੍ਹਾਂ ਨੇ।ਲਹਣਾ–ਬਾਬਾ ਲਹਿਣਾ (ਗੁਰੂ ਅੰਗਦ ਦੇਵ) ਜੀ।ਥਾਪਿ–ਬਿਠਾ ਕੇ; ਸਥਾਪਨ ਕਰਕੇ।ਜਗਿ–ਜਗਤ ਵਿਚ।ਧਾਰੀ–ਟਿਕਾ (ਰੱਖ) ਦਿਤੀ।ਭਲੇ–(ਭੱਲੇ ਬੋਲੋ) ਭੱਲਾ ਵੰਸ਼।ਕਉ ਦੀਆ–ਨੂੰ ਦਿਤਾ।ਸੋਢੀ–ਸੋਢੀ ਵੰਸ਼।ਥਿਰੁ ਥਪੵਉ–(ਥਪਿਅਓ ਬੋਲੋ) ਸਦਾ ਕਾਇਮ ਰਹਿਣ ਵਾਲੀ ਗੁਰ ਗੱਦੀ ਤੇ ਬਿਠਾ ਦਿਤਾ।ਅਖੈ ਨਿਧਿ–ਨਾਸ਼ ਨਾ ਹੋਣ ਵਾਲਾ ਖਜਾਨਾ।ਅਪੵਉ–(ਅਪਿਅਓ ਬੋਲੋ) ਅਰਪ ਦਿਤਾ।ਲਹੀਅੰ–ਮਿਲਿਆ; ਲੱਭਿਆ; ਪ੍ਰਾਪਤ ਕੀਤਾ।ਬੰਦਹਿ–ਬੰਦਨਾ; ਮੱਥਾ ਟੇਕਦੇ ਹਨ।ਪਰਮਾਨੰਦ–ਮਹਾਂ ਅਨੰਦ।ਕਹੀਅੰ–ਕਹੇ ਜਾਂਦੇ ਹਨ।ਆਦਿ ਰੂਪਿ–ਸ੍ਰਿਸਟੀ ਰਚਨਾ ਤੋਂ ਪਹਿਲੇ ਰੂਪ ਵਾਲਾ ਭਾਵ ਨਿਰਗੁਣ।ਪੋਖਣ–ਪਾਲਣਾ।ਭਰਣੰ–ਦਾਤਾਂ ਨਾਲ ਭਰ ਦੇਂਦਾ ਹੈ; ਪੋਖਣ ਭਰਣੰ–ਪਾਲਦਾ ਅਤੇ ਰੱਖਿਆ ਕਰਦਾ ਹੈ (ਮ. ਕੋ.)।ਅਲਖ–ਅਕਹਿ; ਜੋ ਜਾਣਿਆ ਨਾ ਜਾ ਸਕੇ।ਗਤਿ–ਆਤਮਕ ਅਵਸਥਾ।ਜਾ ਕੀ–ਜਿਸ ਦੀ।ਤਾਰਣ–ਤਾਰਨ ਵਾਸਤੇ।ਤਰਣੰ–ਜਹਾਜ।੧।

ਵਿਆਖਿਆ = ਗੁਰੂ ਨਾਨਕ ਦੇਵ ਜੀ ਨੇ ਜਗਤ ਵਿਚ ਆ ਕੇ ਦੁਖੀ ਲੋਕਾਂ ਨੂੰ ਨਿਰੰਕਾਰ ਦੇ ਨਾਮ ਨਾਲ ਜੋੜ ਕੇ ਸੁਖ ਬਖਸ਼ਿਆ।ਗੁਰੂ ਨਾਨਕ ਦੇਵ ਜੀ ਨਿਰੰਕਾਰ ਦੇ ਨੇੜੇ ਵਸਦੇ ਹਨ {ਬਾਬਾ ਪੈਧਾ ਸਚਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ (ਭਾ. ਗੁ.); ਢਾਢੀ ਸਚੈ ਮਹਲਿ ਖਸਮਿ ਬੁਲਾਇਆ ੧੫੦}। ਜਿਸ ਪੁਰਖ ਨੇ ਗੁਰੂ ਨਾਨਕ ਦੇਵ ਦੀ ਸੇਵਾ ਕੀਤੀ, ਹੁਕਮ ਮੰਨਿਆ ਉਹ ਵੀ ਨਿਰੰਕਾਰ ਦਾ ਨਜਦੀਕੀ ਹੋ ਗਿਆ।ਬਾਬਾ ਲਹਿਣਾ ਜੀ ਨੇ ਸੇਵਾ ਸਿਮਰਨ ਹੁਕਮ ਮੰਨਣ ਦੀ ਕਾਰ ਕੀਤੀ, ਅਪਣੇ ਆਪ ਨੂੰ ਗੁਰਮੱਤ ਵਿਚ ਢਾਲ ਕੇ ਗੁਰੂ ਨਾਨਕ ਦੇਵ ਅਤੇ ਕਰਤਾਰ ਦਾ ਰੂਪ ਬਣ ਗਏ।{ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ੯੬੭} ,ਅਪਣੇ ਪੁਤ੍ਰਾਂ ਬਾਬਾ ਸ਼੍ਰੀ ਚੰਦ, ਬਾਬਾ ਲਖਮੀ ਚੰਦ ਅਤੇ ਹੋਰ ਸਿੱਖਾਂ ਨੂੰ ਪਰਖ ਕੇ ਗੁਰਿਆਈ ਬਾਬਾ ਲਹਿਣਾ ਜੀ ਨੂੰ ਦੇ ਦਿਤੀ, ਲਹਿਣਾ ਜੀ ਨੂੰ ਗੁਰੂ ਅੰਗਦ ਬਣਾ ਕੇ ਰੱਬੀ ਜੋਤ ਵੀ ਉਨ੍ਹਾਂ ਵਿਚ ਧਰ ਦਿਤੀ {ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ੯੬੬}।ਜੋਤੀ ਜੋਤ ਸਮਾਉਣ ਵੇਲੇ ਗੁਰੂ ਨਾਨਕ ਦੇਵ ਜੀ ਨੇ ਸੰਗਤਾਂ ਨੂੰ ਕਿਹਾ ਕਿ ਮੈਂ ਹੁਣ ਗੁਰੂ ਅੰਗਦ ਦੇਵ ਜੀ ਦੇ ਦਿਲ ਵਿਚ ਵਸਾਂਗਾ।ਅੱਗੇ ਗੁਰੂ ਅੰਗਦ ਦੇਵ ਜੀ ਨੇ ਵੀ ਓਹੀ ਧਰਮ ਕਾਇਮ ਰਖਿਆ, {ਪੰਥੁ ਧਰਮ ਕਾ ਕੀਆ} ਦਾ ਭਾਵ ਹੈ, ਪੁਤ੍ਰਾਂ ਨੂੰ ਛੱਡ ਕੇ ਅਪਣੇ ਸੇਵਕ ਗੁਰੂ ਅਮਰਦਾਸ ਜੀ ਪਰ ਖੁਸ਼ ਹੋ ਕੇ ਗੁਰ ਗੱਦੀ ਬਖਸ਼ ਦਿਤੀ।ਇਹ ਧਰਮ ਦਾ ਨਿਰਪੱਖ ਨਿਆਂ ਕੀਤਾ ਹੈ।ਪੁਤ੍ਰਾਂ ਨੇ ਬਹੁਤ ਹੱਕ ਜਤਾਉਣ

ਦਾ ਜਤਨ ਕੀਤਾ। ਅੱਗੇ ਗੁਰਤਾ ਗੱਦੀ ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਕੋਲ ਆ ਗਈ। ਇਸ ਧਰਮ ਦੇ ਨਿਆਂ ਦਾ ਜਿਕਰ ਉਹ ਵੀ ਅਪਣੀ ਬਾਣੀ ਵਿਚ ਕਰਦੇ ਹਨ {ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ, ਹਰਿ ਸੇਵਕ ਭਾਇ ਨਿਸਤਾਰਾ ੭੩੩}। {ਥਿਰੁ ਥਪ੍ਉ} ਦਾ ਅਰਥ ਹੈ = ਗੁਰੂ ਨਾਨਕ ਦੇਵ ਜੀ ਦੀ ਸਦਾ ਥਿਰ ਰਹਿਣ ਵਾਲੀ ਗੁਰਤਾ ਗੱਦੀ ਉਤੇ ਗੁਰੂ ਰਾਮਦਾਸ ਜੀ ਨੂੰ ਬਿਠਾ ਦਿਤਾ।੧। ਅਬਿਚਲ ਨੀਵ ਧਰੀ ਗੁਰ ਨਾਨਕ, ਨਿਤ ਨਿਤ ਚੜੈ ਸਵਾਈ ॥ (੫੦੧)

(ਇਥੇ ਭੱਟ ਦਾ ਨਾਮ ਬਦਲਿਆ ਹੋਣ ਕਰਕੇ ਅੰਕ ਵੀ ਬਦਲ ਗਿਆ ਹੈ)।

ਜਿਹ ਅੰਮ੍ਰਿਤ ਬਚਨ ਬਾਣੀ, ਸਾਧੂ ਜਨ ਜਪਹਿ, ਕਰਿ ਬਿਚਿਤਿ ਚਾਓ ॥ ਜਿਸ (ਗੁਰੂ ਰਾਮਦਾਸ ਜੀ) ਦੀ ਅੰਮ੍ਰਿਤ ਬਚਨ ਰੂਪ ਬਾਣੀ ਨੂੰ ਸਾਧੂ ਲੋਕ ਚਿਤ ਵਿਚ ਵਿਸ਼ੇਸ ਚਾਓ ਰਖਦੇ ਹੋਏ ਜਪਦੇ (ਪੜ੍ਹਦੇ) ਹਨ।

ਆਨੰਦੁ ਨਿਤ ਮੰਗਲੁ, ਗੁਰ ਦਰਸਨੁ ਸਫਲੁ ਸੰਸਾਰਿ ॥ ਨਿਤ ਅਨੰਦ ਅਤੇ ਮੰਗਲ ਸਰੂਪ ਗੁਰੂ ਦਾ ਦਰਸ਼ਨ ਸੰਸਾਰ ਵਿਚ ਸਫਲ ਹੈ (ਸਦਾ ਅਨੰਦ ਅਤੇ ਖੁਸ਼ ਰਹਿਣ ਵਾਲੇ ਗੁਰੂ ਦਾ ਦਰਸਨ ਸੰਸਾਰ ਵਿਚ ਸਫਲ ਹੈ)।

ਸੰਸਾਰਿ ਸਫਲੁ ਗੰਗਾ ਗੁਰ ਦਰਸਨੁ, ਪਰਸਨ ਪਰਮ ਪਵਿਤ੍ਰ ਗਤੇ ॥ ਸੰਸਾਰ ਵਿਚ ਗੁਰੂ ਦਾ ਦਰਸ਼ਨ ਗੰਗਾ ਵਾਂਗ ਉਤਮ ਫਲ ਦੇਣ ਵਾਲਾ ਹੈ, (ਜਿਸ ਗੁਰੂ ਦੇ ਚਰਨ) ਪਰਸਨ ਨਾਲ ਪਰਮ ਪਵਿਤ੍ਰ ਮੁਕਤੀ ਮਿਲਦੀ ਹੈ।

ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ, ਹਰਿ ਜਨ ਸਿਵ ਗੁਰ ਗ੍ਯਾਨਿ ਰਤੇ ॥ ਜਿਹੜੇ ਲੋਕ (ਧਰਮ ਤੋਂ) ਗਿਰੇ ਹੋਏ ਹੁੰਦੇ ਹਨ, ਉਹ ਕਲਿਆਨ ਸਰੂਪ ਗੁਰੂ ਦੇ ਗਿਆਨ ਵਿਚ ਰੰਗੀਜ ਕੇ ਹਰੀ ਦੇ ਭਗਤ ਹੋ ਜਾਂਦੇ ਹਨ ਤੇ ਜਮ ਲੋਕ ਉਤੇ ਫਤ੍ਹੇ ਪਾ ਲੈਂਦੇ ਹਨ (ਸ਼ਬਦਾਰਥ); (ਉਹ) ਪਤਿਤ ਪ੍ਰਾਣੀ ਵੀ ਜਮ ਲੋਕ ਨੂੰ ਜਿਤ ਲੈਂਦੇ ਹਨ, ਜਿਹੜੇ ਕਲਿਆਣ ਸਰੂਪ ਹਰੀ ਦੇ ਭਗਤ ਗੁਰੂ ਦੇ ਗਿਆਨ ਵਿਚ ਰੰਗੇ ਹੋਏ ਹਨ।

ਰਘੁਬੰਸਿ ਤਿਲਕੁ, ਸੁੰਦਰੁ ਦਸਰਥ ਘਰਿ, ਮੁਨਿ ਬੰਛਹਿ ਜਾ ਕੀ ਸਰਣੰ ॥ ਰਘੂ ਕੁਲ ਦੇ ਰਾਜਾ ਦਸਰਥ ਦੇ ਘਰ ਵਿਚ (ਜਨਮੇ) ਸੁੰਦਰ ਟਿੱਕਾ (ਰਾਮ ਚੰਦਰ ਦਾ ਹੀ ਰੂਪ ਮੈਨੂੰ ਗੁਰੂ ਰਾਮਦਾਸ ਜੀ ਲਗ ਰਹੇ ਹਨ), ਜਿਨ੍ਹਾਂ ਦੀ ਸ਼ਰਣ (ਰਿਸ਼ੀ) ਮੁਨੀ ਚਾਹੁੰਦੇ ਹਨ। ਜਾਂ ਰਘੂ ਕੁਲ ਦੇ ਰਾਜਾ ਦਸਰਥ ਦੇ ਘਰ ਰਾਜ ਕੁਮਾਰ ਰਾਮ ਚੰਦ੍ਰ ਜੀ ਪੈਦਾ ਹੋਏ, (ਰਾਵਣ ਦੇ ਜੁਲਮਾਂ ਤੋਂ ਬਚਣ ਲਈ) ਜਿਨ੍ਹਾਂ ਦੀ ਸ਼ਰਣ ਮੁਨੀ (ਲੋਕ) ਚਾਹੁੰਦੇ ਰਹੇ ਸਨ। (ਹੁਣ ਕਲਜੁਗ ਵਿਚ ਗੁਰੂ ਰਾਮ ਦਾਸ ਜੀ ਜੀਵਾਂ ਦਾ ਉਧਾਰ ਕਰਨ ਲਈ ਪ੍ਰਗਟੇ ਹਨ, (ਐਸੇ) ਗੁਰੂ ਨੂੰ ਸੇਵੋ ਜਿਨ੍ਹਾਂ ਦੀ ਆਤਮਕ ਅਵਸਥਾ ਅਕਹਿ ਹੈ)।

ਅੰਗ ੧੪੦੨ = ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ, ਸ੍ਰੀ ਰਾਮਦਾਸੁ ਤਾਰਣ ਤਰਣੰ ॥੨॥ (ਹੇ ਭਾਈ) ਪੂਜਨੀਕ ਸੱਤਗੁਰੂ (ਰਾਮਦਾਸ ਜੀ ਨੂੰ) ਪੂਜਾ (ਸੇਵਾ) ਕਰੋ, ਜਿਸ ਦੀ ਆਤਮਕ ਅਵਸਥਾ ਲਖਣ ਤੋਂ ਰਹਿਤ ਹੈ, ਗੁਰੂ ਰਾਮਦਾਸ ਜੀ ਜੀਵਾਂ ਨੂੰ ਭਵ ਸਾਗਰ ਤੋਂ ਤਾਰਨ ਲਈ ਜਹਾਜ ਹਨ।੨।

ਪਦਾਰਥ = ਜਿਹ–ਜਿਸ ਦੀ। ਕਰਿ ਬਿਚਿਤਿ–ਵਿਸ਼ੇਸ ਕਰ ਕੇ ਚਿਤ ਵਿਚ; ਵਿਚਾਰ ਜਾਂ ਨਿਰਣੈ ਕਰ ਕੇ (ਮ. ਕੋ.)। ਚਾਉ–ਉਤਸ਼ਾਹ; ਲਗਨ। ਨਿਤ–ਸਦਾ; ਹਰ ਰੋਜ। ਸਫਲ–ਫ਼ਲਦਾਇਕ। ਸੰਸਾਰਿ–ਸੰਸਾਰ ਵਿਚ। ਗੰਗਾ–ਇਕ ਦਰਿਆ ਹੈ, ਜਿਸ ਦਾ ਸ਼ਨਾਨ ਪੁੰਨ ਕਰਮ ਜਾਣਿਆ ਜਾਂਦਾ ਹੈ। ਪਰਸਨ–ਛੋਹਣ ਨਾਲ। ਗਤੇ–ਮੁਕਤੀ। ਜੀਤਹਿ–ਜਿਤ ਲੈਂਦੇ ਹਨ। ਜਮ ਲੋਕ–ਜਮ ਦੀ ਪੁਰੀ (ਨਰਕ)। ਪਤਿਤ–ਧਰਮ ਤੋਂ ਗਿਰੇ ਹੋਏ; ਧਰਮ ਤੋਂ ਛੇਕੇ ਹੋਏ। ਜੇ–ਜਿਹੜੇ। ਹਰਿ ਜਨ–ਹਰੀ ਦੇ ਭਗਤ। ਸਿਵ–ਕਲਿਆਨ ਸਰੂਪ। ਗ੍ਯਾਨਿ ਰਤੇ–ਗਿਆਨ ਵਿਚ ਰੰਗੇ ਹੋਏ ਹਨ। ਰਘੁਬੰਸਿ–ਰਾਜਾ ਰਘੂ ਦੀ ਕੁਲ ਵਿਚ। ਤਿਲਕੁ–ਟਿੱਕਾ (ਰਾਜਕੁਮਾਰ); ਸ਼੍ਰੋਮਣੀ। ਦਸਰਥ–ਰਾਮ ਚੰਦ੍ਰ ਜੀ ਦਾ ਪਿਤਾ। ਮੁਨਿ–ਮੁਨੀ। ਬੰਛਹਿ–ਚਾਹੁੰਦੇ ਹਨ। ਅਲਖ ਗਤਿ–ਨਾ ਜਾਣੇ ਜਾਣ ਵਾਲੀ ਆਤਮ ਅਵਸਥਾ। ਜਾ ਕੀ–ਜਿਸ ਦੀ।੨।

ਵਿਆਖਿਆ = {ਗੰਗਾ ਜਲ ਗੁਰ ਗੋਬਿੰਦ ਨਾਮ ੧੧੩੭; ਜਨ ਕੇ ਚਰਨ ਤੀਰਥ ਕੋਟਿ ਗੰਗਾ ੮੨੮}, ਸੰਸਾਰ ਵਿਚ ਲੋਕ ਗੰਗਾ ਦੇ ਇਸ਼ਨਾਨ ਦਾ ਬੜਾ ਮਹਾਤਮ ਦਸਦੇ ਹਨ। ਗੰਗਾ ਜਾ ਕੇ ਹਸਤ ਪਾਉਂਦੇ ਹਨ, ਤਾਂ ਕਿ ਮਰੇ ਹੋਏ ਦੀ ਗਤੀ ਹੋ ਜਾਵੇ। ਗੁਰਮਤ ਵਿਚ ਗੰਗਾ ਇਕ ਦਰਿਆ ਹੈ, ਜਿਵੇਂ ਹੋਰ ਦਰਿਆ ਹਨ। ਵਾਹਿਗੁਰੂ ਨਾਮ ਹੀ ਗੰਗਾ ਹੈ, ਹਰੀ ਦੇ ਸੇਵਕਾਂ ਦੇ ਚਰਨਾਂ ਵਿਚ ਗੰਗਾ ਵਗਦੀ ਦਸੀ ਹੈ। ਜਿਵੇਂ ਭਗਤ ਰਵਿਦਾਸ ਜੀ ਨੇ ਪੰਡਤ ਨੂੰ ਅਪਣੀ ਸਿਲਾ ਦੇ ਥੱਲੇ ਗੰਗਾ ਵਗਦੀ ਦਿਖਾ ਦਿਤੀ ਸੀ। ਭਗਤ ਜੀ ਦੀ ਪੰਡਤ ਦੇ ਹੱਥ ਭੇਜੀ ਭੇਟਾ ਗੰਗਾ ਨੇ ਦੋਵੇਂ ਹੱਥਾਂ ਨਾਲ ਪ੍ਰਵਾਨ ਕੀਤੀ। ਸੋ ਜਿਵੇਂ ਲੋਕਾਂ ਦੇ ਖਿਆਲਾਂ ਵਿਚ ਗੰਗਾ ਦਾ ਸ਼ਨਾਨ ਪੁੰਨ ਕਰਮ ਜਾਣਿਆ ਜਾਂਦਾ ਹੈ, ਗੁਰੂ ਜੀ ਦਾ ਦਰਸ਼ਨ ਗੰਗਾ ਆਦਿ ਤੀਰਥਾਂ ਤੋਂ ਵੀ ਵੱਧ ਅਨੰਤ ਫਲ ਦੇਣ ਵਾਲਾ ਹੈ। ਗੁਰੂ ਦੇ ਸਿੱਖ ਜਮ ਲੋਕ ਤੇ ਵੀ ਜਿਤ ਪਾ ਲੈਂਦੇ ਹਨ ਅਤੇ ਮੁਕਤ ਹੋ ਜਾਂਦੇ ਹਨ। ਹਰੇਕ ਮਹਾਂ ਪੁਰਖ ਵਿਚ ਰੱਬੀ ਤਾਕਤ ਕੰਮ ਕਰਦੀ ਹੈ। ਰਘੂ ਕੁਲ ਦੇ ਰਾਮਚੰਦਰ ਜੀ ੧੪ ਕਲਾ ਅਵਤਾਰ ਮੰਨੇ ਜਾਂਦੇ ਹਨ। ਰਾਵਣ ਨੂੰ ਮਾਰ ਕੇ ਰਿਸ਼ੀਆਂ ਨੂੰ ਰਾਵਣ ਦੇ ਦੁਖਾਂ ਤੋਂ ਰਾਮ ਜੀ ਨੇ ਬਚਾਇਆ। ਕਲ ਜੁਗ ਵਿਚ ਉਸੇ ਰੱਬ ਦੀ ਮਹਾਨ ਸ਼ਕਤੀ ਗੁਰੂ ਰਾਮਦਾਸ ਜੀ ਅੰਦਰ ਦੁਖੀਆਂ ਦੇ ਦੁੱਖ ਦੂਰ ਕਰਨ ਵਾਸਤੇ ਵਰਤ ਰਹੀ ਹੈ। ਇਸ ਭਾਵ ਵਿਚ ਭੱਟ ਜੀ ਆਖ ਰਹੇ ਹਨ ਕਿ ਹੇ ਗੁਰੂ ਰਾਮਦਾਸ ਜੀ! ਮੈਨੂੰ ਤਾਂ ਤੁਸੀਂ ਰਾਜਾ ਦਸਰਥ ਦੇ ਪੁਤ੍ਰ ਰਾਮ ਚੰਦਰ ਹੀ ਨਜਰ ਆ ਰਹੇ ਹੋ, ਜੋ ਕਲਜੁਗੀ

ਜੀਵਾਂ ਦਾ ਉਧਾਰ ਕਰ ਰਹੇ ਹਨ। ਗੁਰੂ ਰਾਮਦਾਸ ਜੀ ਸ਼ਰਣ ਮੁਨੀ ਜਨ ਵੀ ਲੋਚਦੇ ਹਨ, ਇਹ ਇਕ ਅਲੰਕਾਰਕ ਵਡਿਆਈ ਹੈ।੨।

ਸੰਸਾਰੁ ਅਗਮ ਸਾਗਰੁ, ਤੁਲਹਾ ਹਰਿ ਨਾਮੁ, ਗੁਰੂ ਮੁਖਿ ਪਾਯਾ ॥ ਸੰਸਾਰ ਅਥਾਹ ਸਮੁੰਦਰ ਹੈ, (ਇਸ ਵਿਚੋਂ ਤਰਨ ਲਈ ਜਿਸ ਮਨੁੱਖ ਨੇ) ਹਰੀ ਦਾ ਨਾਮ ਰੂਪ ਜਹਾਜ ਗੁਰੂ ਦੁਆਰਾ ਪਾ ਲਿਆ ਹੈ।

ਜਗਿ ਜਨਮ ਮਰਣੁ ਭਗਾ, ਇਹ ਆਈ ਹੀਐ ਪਰਤੀਤਿ ॥ ਅਤੇ (ਜਿਸ ਮਨੁੱਖ ਦੇ) ਹਿਰਦੇ ਵਿਚ ਇਹ ਯਕੀਨ ਆ ਗਿਆ (ਕਿ ਨਾਮ ਭਵ ਜਲ ਤੋਂ ਤਾਰਦਾ ਹੈ, (ਉਸ ਦਾ) ਜਗਤ ਵਿਚ ਜਨਮ ਮਰਣ ਭੱਜ (ਦੂਰ ਹੋ) ਗਿਆ ਹੈ।

ਪਰਤੀਤਿ ਹੀਐ ਆਈ ਜਿਨ ਜਨ ਕੈ, ਤਿਨ੍ ਕਉ ਪਦਵੀ ਉਚ ਭਈ ॥ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਵਿਸ਼ਵਾਸ ਆ ਗਿਆ ਹੈ (ਨਾਮ ਉਤੇ ਪੂਰਾ ਨਿਸਚਾ ਹੋ ਗਿਆ ਹੈ) ਉਨ੍ਹਾਂ ਨੂੰ ਉਚੀ ਪਦਵੀ ਪ੍ਰਾਪਤ ਹੋ ਗਈ ਹੈ।

ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ, ਕਾਮ ਕ੍ਰੋਧ ਕੀ ਬ੍ਰਿਥਾ ਗਈ ॥ (ਉਚੀ ਪਦਵੀ ਵਾਲੇ ਪੁਰਖਾਂ ਨੇ) ਮਾਇਆ ਦਾ ਮੋਹ, (ਧਨ ਜੋੜਨ ਦਾ) ਲੋਭ ਅਤੇ (ਖਾਣ ਪੀਣ ਦਾ) ਲਾਲਚ ਛਡ ਦਿਤਾ ਹੈ ਐਤ ਕਾਮ ਕ੍ਰੋਧ (ਆਦਿ ਵਿਕਾਰਾਂ) ਦੀ ਪੀੜਾ ਦੂਰ ਹੋ ਗਈ।

ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ, ਦਿਬ੍ਯ ਦ੍ਰਿਸ੍ਟਿ ਕਾਰਣ ਕਰਣੰ ॥ (ਉਨ੍ਹਾਂ ਨੇ) ਸ੍ਰਿਸਟੀ ਰਚਨਾ ਦੇ ਮੂਲ ਕਾਰਨ ਪ੍ਰਮਾਤਮਾ ਨੂੰ ਦੈਵੀ ਨਜਰ ਰਾਹੀਂ ਦੇਖ ਲਿਆ ਹੈ, (ਉਨ੍ਹਾਂ ਦਾ) ਸਾਰਾ ਭਰਮ ਮਿਟ ਗਿਆ ਹੈ; (ਜਿਸ ਮਨੁੱਖ ਨੇ) ਦਿੱਬ ਦ੍ਰਿਸਟੀ ਰਾਹੀਂ ਰਚਨਾ ਦੇ ਮੂਲ ਕਾਰਨ ਪ੍ਰਮਾਤਮਾ ਦੇ ਰੂਪ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨ ਕੀਤੇ ਹਨ, ਉਸ ਦਾ ਸਾਰਾ ਭਰਮ ਛੁੱਟ (ਦੂਰ ਹੋ) ਗਿਆ ਹੈ।

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ, ਸ੍ਰੀ ਰਾਮਦਾਸੁ ਤਾਰਣ ਤਰਣੰ ॥੩॥ (ਅਰਥ ਉਪਰ ਹੋ ਚੁਕੇ ਹਨ)।੩।

ਪਦਾਰਥ = ਅਗਮ ਸਾਗਰੁ–ਅਥਾਹ ਸਮੁੰਦਰ। ਤੁਲਹਾ–ਜਹਾਜ; ਫੱਟੇ ਜਾਂ ਲੱਕੜਾਂ ਨੂੰ ਰੱਸਿਆਂ ਨਾਲ ਬੰਨ੍ਹ ਕੇ ਬਣਾਇਆ ਹੋਇਆ ਪਾਣੀ ਤੇ ਤਰਨ ਲਈ ਆਸਰਾ। ਗੁਰੂ ਮੁਖਿ–ਗੁਰੂ ਰਾਹੀਂ। ਜਗਿ–ਜਗਤ ਵਿਚ। ਭਗਾ–ਭੱਜ (ਦੂਰ ਹੋ) ਗਿਆ। ਹੀਐ–ਹਿਰਦੇ ਵਿਚ। ਪਰਤੀਤਿ–ਯਕੀਨ; ਨਿਸਚਾ। ਜਿਨ ਜਨ ਕੈ–ਜਿਨ੍ਹਾਂ ਮਨੁੱਖਾਂ ਦੇ। ਤਿਨ੍ ਕਉ–ਉਨ੍ਹਾਂ ਨੂੰ। ਪਦਵੀ ਉਚ–ਉਚੀ ਪਦਵੀ; ਉਚਾ ਦਰਜਾ (ਉਚੀ ਆਤਮਕ ਅਵਸਥਾ)। ਭਈ–(ਪ੍ਰਾਪਤ) ਹੋਈ। ਤਜਿ–ਛਡ ਦਿਤਾ। ਅਰੁ–ਅਤੇ। ਬ੍ਰਿਥਾ–ਪੀੜ; ਦਰਦ। ਅਵਲੋਕ੍ਯਾ–(ਅਵਲੋਕਿਆ ਬੋਲੋ) ਦੇਖਿਆ (ਦਰਸ਼ਨ ਕੀਤਾ)। ਬ੍ਰਹਮੁ–ਹਰੀ। ਛੁਟਕ੍ਯਾ–(ਛੁਟਕਿਆ ਬੋਲੋ) ਮਿਟ ਗਿਆ। ਦਿਬ੍ਯ ਦ੍ਰਿਸ੍ਟਿ–ਰੱਬੀ ਜੋਤ ਵਾਲੀ ਨਜਰ। ਕਾਰਣ ਕਰਣੰ–ਸ੍ਰਿਸਟੀ ਦਾ ਮੂਲ ਕਾਰਣ; ਸਾਰੇ ਕਾਰਨ ਕਾਰਜਾਂ ਨੂੰ ਕਰਨ ਵਾਲਾ ਹਰੀ।੩।

ਪਰਤਾਪੁ ਸਦਾ ਗੁਰ ਕਾ ਘਟਿ ਘਟਿ, ਪਰਗਾਸੁ ਭਯਾ ਜਸੁ ਜਨ ਕੈ ॥ ਗੁਰੂ (ਰਾਮਦਾਸ ਜੀ) ਦਾ ਪ੍ਰਤਾਪ ਸਦਾ ਹਰੇਕ ਦੇ ਹਿਰਦੇ ਵਿਚ ਅਤੇ (ਗੁਰੂ ਜੀ ਦਾ) ਜਸ ਸੇਵਕਾਂ (ਦੇ ਦਿਲਾਂ) ਵਿਚ ਪ੍ਰਗਟ ਹੋ ਰਿਹਾ ਹੈ।

ਇਕਿ ਪੜਹਿ ਸੁਣਹਿ ਗਾਵਹਿ, ਪਰਭਾਤਿਹਿ ਕਰਹਿ ਇਸ੍ਨਾਨੁ ॥ ਕਈ (ਗੁਰਮੁਖ ਜਨ) ਅੰਮ੍ਰਿਤ ਵੇਲੇ ਇਸ਼ਨਾਨ ਕਰਦੇ ਹਨ ਅਤੇ (ਜਸ ਰੂਪ ਬਾਣੀ) ਪੜ੍ਹਦੇ ਹਨ, ਕਈ (ਸ਼ਰਧਾ ਨਾਲ) ਸੁਣਦੇ ਹਨ ਅਤੇ ਕਈ ਗਾਉਂਦੇ (ਕੀਰਤਨ ਕਰਦੇ) ਹਨ।

ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ, ਗੁਰ ਪੂਜਾ ਬਿਧਿ ਸਹਿਤ ਕਰੰ ॥ (ਹੋਰ ਪ੍ਰੇਮੀ) ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਪਵਿਤ੍ਰ ਮਨ ਨਾਲ ਮਰਿਆਦਾ ਸਹਿਤ ਗੁਰੂ ਦੀ ਪੂਜਾ (ਦੱਸੀ ਸੇਵਾ) ਕਰਦੇ ਹਨ।

ਕੰਚਨੁ ਤਨੁ ਹੋਇ ਪਰਸਿ ਪਾਰਸ ਕਉ, ਜੋਤਿ ਸਰੂਪੀ ਧ੍ਯਾਨ ਧਰੰ ॥ ਪਾਰਸ ਰੂਪ ਗੁਰੂ (ਰਾਮਦਾਸ ਜੀ ਦੇ ਚਰਨਾਂ) ਨੂੰ ਪਰਸ ਕੇ ਉਨ੍ਹਾਂ ਦਾ ਤਨ ਸੋਨਾ (ਪਾਪਾਂ ਤੋਂ ਰਹਿਤ ਸ਼ੁੱਧ) ਬਣ ਜਾਂਦਾ ਹੈ ਅਤੇ ਪ੍ਰਕਾਸ਼ ਸਰੂਪ (ਵਾਹਿਗੁਰੂ) ਦਾ ਧਿਆਨ ਧਰਦੇ ਹਨ।

ਜਗਜੀਵਨੁ ਜਗੰਨਾਥ ਜਲ ਥਲ ਮਹਿ, ਰਹਿਆ ਪੂਰਿ ਬਹੁ ਬਿਧਿ ਬਰਨੰ ॥ ਜਗਤ ਦਾ ਜੀਵਨ (ਪ੍ਰਾਣ ਰੂਪ), ਜਗਤ ਦਾ ਮਾਲਕ ਨਿਰੰਕਾਰ ਜਲਾਂ ਥਲਾਂ ਵਿਚ ਪੂਰਨ (ਵਿਆਪਕ) ਹੋ ਰਿਹਾ ਹੈ, ਜਿਸ ਨੂੰ ਕਈ ਤਰ੍ਹਾਂ ਨਾਲ ਬਿਆਨ ਕੀਤਾ ਜਾਂਦਾ ਹੈ।

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ, ਸ੍ਰੀ ਰਾਮਦਾਸੁ ਤਾਰਣ ਤਰਣੰ ॥੪॥ (ਅਰਥ ਉਪਰ ਹੋ ਗਏ ਹਨ)।

ਪਦਾਰਥ = ਪਰਤਾਪੁ–ਜਾਹੋ ਜਲਾਲ। ਪਰਗਾਸੁ–ਪ੍ਰਗਟ। ਘਟਿ ਘਟਿ–ਹਰੇਕ ਹਿਰਦੇ ਵਿਚ। ਭਯਾ–(ਭਇਆ ਬੋਲੋ) ਹੋ ਰਿਹਾ ਹੈ। ਜਨ ਕੈ–ਸੇਵਕਾਂ ਦੇ ਦਿਲਾਂ ਵਿਚ। ਇਕਿ–ਕਈ (ਗੁਰਸਿਖ)। ਪਰਭਾਤਿਹਿ–ਅੰਮ੍ਰਿਤ ਵੇਲੇ। ਸੁਧ ਮਨਿ–ਪਵਿਤ੍ਰ ਮਨ ਨਾਲ। ਬਿਧਿ ਸਹਿਤ–ਮਰਿਆਦਾ ਸਹਿਤ; ਵਿਧੀ ਪੂਰਬਕ। ਕਰੰ–ਕਰਦੇ ਹਨ। ਕੰਚਨੁ–ਸੋਨਾ। ਤਨੁ–ਸਰੀਰ। ਪਰਸਿ–ਛੋਹ ਕੇ। ਪਾਰਸ ਕਉ–ਪਾਰਸ ਰੂਪ ਗੁਰੂ ਨੂੰ। ਜੋਤਿ ਸਰੂਪੀ–ਪ੍ਰਕਾਸ਼ ਸਰੂਪ ਨਿਰੰਕਾਰ ਦਾ। ਧਰੰ–ਧਰਦੇ ਹਨ। ਜਗਜੀਵਨੁ–ਜਗਤ ਦਾ ਜੀਵਨ। ਜਗੰਨਾਥ–ਜਗਤ ਦਾ ਮਾਲਕ। ਰਹਿਆ ਪੂਰਿ–ਵਿਆਪਕ ਹੋ ਰਿਹਾ ਹੈ। ਬਹੁ ਬਿਧਿ–ਕਈ ਤਰ੍ਹਾਂ ਨਾਲ। ਬਰਨੰ–ਵਰਨਣ ਕੀਤਾ ਜਾਂਦਾ ਹੈ; ਰੰਗਾਂ ਵਿਚ (ਕਈ ਰੰਗਾਂ ਵਿਚ ਜਲਾਂ ਥਲਾਂ ਵਿਚ ਵਿਆਪਕ ਹੈ (ਦਰਪਣ)। ਧ੍ਯਾਨ ਨੂੰ ਧਿਆਨ ਪੜ੍ਹੋ।੪।

ਜਿਨਹੁ ਬਾਤ ਨਿਸ੍ਚਲ ਧ੍ਰੂ ਜਾਨੀ, ਤੇਈ ਜੀਵ ਕਾਲ ਤੇ ਬਚਾ ॥ ਜਿਨ੍ਹਾਂ (ਮਨੁਖਾਂ) ਨੇ ਗੁਰੂ (ਰਾਮਦਾਸ ਜੀ) ਦੇ ਬਚਨ ਧਰੂ (ਭਗਤ) ਵਾਂਗ ਅਟੱਲ ਕਰਕੇ ਜਾਣੇ (ਦ੍ਰਿੜ ਨਿਸਚੇ ਨਾਲ ਸਮਝੇ) ਹਨ, ਓਹੀ ਜੀਵ ਕਾਲ ਤੋਂ ਬਚੇ ਹਨ।

ਤਿਨ੍ ਤਰਿਓ ਸਮੁਦ੍ਰੁ ਰੁਦ੍ਰੁ ਖਿਨ ਇਕ ਮਹਿ, ਜਲਹਰ ਬਿੰਬ ਜੁਗਤਿ ਜਗੁ ਰਚਾ ॥ ਉਨ੍ਹਾਂ ਨੇ ਭਿਆਨਕ ਸੰਸਾਰ ਸਮੁੰਦਰ ਨੂੰ ਇਕ ਖਿਨ

ਵਿਚ ਤਰ ਲਿਆ ਹੈ, ਜਗਤ ਨੂੰ ਉਹ ਬਦਲਾਂ ਦੀ ਛਾਂ ਵਾਂਗ (ਛਿਨ ਭੰਗਰ) ਰਚਿਆ ਮੰਨਦੇ ਹਨ (ਸ਼ਬਦਾਰਥ); ਇੰਦ੍ਰ ਧਨੁੱਖ ਵਾਂਗ ਅਨੇਕ ਰੰਗਾਂ ਦੀ ਸੰਸਾਰ ਰਚਨਾ ਖਿਨ ਵਿਚ ਦਿਖਾਈ ਦਿੰਦੀ ਅਤੇ ਖਿਨ ਵਿਚ ਅਲੋਪ ਹੋ ਜਾਣ ਵਾਲੀ ਹੈ (ਮ. ਕੋ.); ਹਰੀ ਨੇ ਪਾਣੀ ਦੇ ਬੁਦਬੁਦੇ ਵਾਂਗ ਜਗਤ ਨੂੰ ਰਚਿਆ ਹੈ ਜਾਂ ਬਦਲ ਵਰਸਣ ਵੇਲੇ ਜਿਵੇਂ ਬੁਦਬੁਦੇ ਉਠਦੇ ਹਨ ਤੇ ਫਿਰ ਖਤਮ ਹੋ ਜਾਂਦੇ ਹਨ (ਪਾਣੀ ਦਾ ਬੁਦਬੁਦਾ ਪਾਣੀ ਤੋਂ ਭਿੰਨ ਨਹੀ ਹੈ) ਤਿਵੇਂ ਜਗਤ ਰਚਨਾ ਹੈ (ਹਰੀ ਤੋਂ ਪੈਦਾ ਹੋ ਕੇ ਹਰੀ ਵਿਚ ਹੀ ਸਮਾ ਜਾਂਦੀ ਹੈ, ਹਰੀ ਅਬਿਨਾਸੀ ਅਤੇ ਜਗਤ ਨਾਸ਼ਵੰਤ ਹੈ)।

ਕੁੰਡਲਨੀ ਸੁਰਝੀ ਸਤ ਸੰਗਤਿ, ਪਰਮਾਨੰਦ ਗੁਰੂ ਮੁਖਿ ਮਚਾ ॥ (ਉਨ੍ਹਾਂ ਦੀ) ਕੁੰਡਲਨੀ ਸੱਤ ਸੰਗਤ ਦੁਆਰਾ ਖੁਲ੍ਹ ਗਈ ਹੈ, ਗੁਰੂ ਰਾਹੀ ਪਰਮ ਅਨੰਦ ਪ੍ਰਾਪਤ ਕਰਕੇ ਮਸਤ ਹੋ ਗਏ ਹਨ।

ਸਿਰੀ ਗੁਰੂ ਸਾਹਿਬੁ ਸਭ ਊਪਰਿ, ਮਨ ਬਚ ਕ੍ਰੰਮ ਸੇਵੀਐ ਸਚਾ ॥੫॥ ਸ਼੍ਰੀ ਗੁਰੂ (ਰਾਮਦਾਸ) ਸਾਹਿਬ ਸਭ ਤੋਂ ਉਚੇ ਹਨ, (ਇਹੋ ਜਿਹੇ) ਸੱਚੇ ਗੁਰੂ ਨੂੰ ਮਨ, ਬਚਨਾਂ ਤੇ ਸਰੀਰ ਦੁਆਰਾ ਪੂਜਣਾ ਚਾਹੀਦਾ ਹੈ।੫।

ਪਦਾਰਥ = ਜਿਨਹੁ–ਜਿਨ੍ਹਾਂ ਨੇ।ਬਾਤ–(ਗੱਲ) ਬਚਨ।ਨਿਸ੍ਚਲ–(ਨਿਸਚਲ ਬੋਲੋ) ਅਟੱਲ; ਦ੍ਰਿੜ ਕਰਕੇ।ਜਾਨੀ–ਸਮਝੇ ਹਨ।ਤੇਈ–ਓਹੀ।ਕਾਲ–ਮੌਤ।ਤੇ–ਤੋਂ।ਬਚਾ–ਬਚ ਗਏ।ਤਿਨ੍–ਉਹ।ਸਮੁਦ੍ਰ ਰੁਦ੍ਰ–ਭਿਆਨਕ ਸੰਸਾਰ ਰੂਪ ਸਮੁੰਦਰ।ਜਲਹਰ ਬਿੰਬ–ਬੱਦਲਾਂ ਦੀ ਛਾਂ (ਪ੍ਰਤੀਬਿੰਬ)।ਰਚਾ–(ਰੱਚਾ ਬੋਲੋ) ਰਚਿਆ; ਬਣਾਇਆ।ਕੁੰਡਲਨੀ–(ਜੋਗੀਆਂ ਦੀ ਮੰਨੀ ਹੋਈ ਇਕ ਨਾੜੀ ਜੋ ਸੁਖਮਨਾ ਨਾੜੀ ਦੀ ਜੜ ਵਿਚ ਸੱਪ ਵਾਂਙੂ ਸਾਢੇ ਤਿੰਨ ਕੁੰਡਲ ਮਾਰ ਕੇ ਸੁੱਤੀ ਰਹਿੰਦੀ ਹੈ, ਜੋਗ ਅਭਿਆਸ ਕਰਨ ਨਾਲ ਇਹ ਜਾਗਦੀ ਹੈ, ਸੁਖਮਨਾ ਦੇ ਰਸਤੇ ਛੇ ਚੱਕਰਾਂ ਵਿਚੋਂ ਲੰਘਦੀ ਹੋਈ ਦਸਮ ਦੁਆਰ ਵਿਚ ਸਮਾ ਜਾਂਦੀ ਹੈ); ਮਨ ਦੀ ਗੁੰਝਲ; ਜੀਵ ਅਤੇ ਈਸ਼ਵਰ ਦੇ ਭੇਦ ਦੀ ਗੰਢ; ਸੰਸਿਆਂ ਦੀ ਗੰਢ; ਅਵਿਦਿਆ ਦੀ ਗੰਢ।ਸੁਰਝੀ–ਖੁਲ੍ਹ ਗਈ।ਗੁਰੂ ਮੁਖਿ–ਗੁਰੂ ਰਾਹੀਂ।ਮਚਾ–(ਮੱਚਾ ਬੋਲੋ) ਖਚਤ ਹੋਣਾ; ਮਸਤ ਹੋਣਾ; ਰਸ (ਤਦਾਕਾਰ ਹੋ) ਜਾਣਾ; ਨਸ਼ੇ ਵਿਚ ਜਾਂ ਖੁਸ਼ੀ ਵਿਚ ਗੁੱਟ ਹੋਣਾ; ਪੀਣਾ।ਸਭ ਊਪਰਿ–ਸਭ ਤੋਂ ਉਪਰ (ਉਚੇ; ਸ਼੍ਰੋਮਣੀ)। ਬਚ–ਬਚਨਾਂ ਕਰਕੇ।ਕ੍ਰੰਮ–ਸਰੀਰ ਜਾਂ ਕਰਮਾਂ ਕਰਕੇ।ਸੇਵੀਐ–ਪੂਜਣਾ ਚਾਹੀਦਾ ਹੈ।ਸਚਾ–ਸੱਚਾ (ਗੁਰੂ)।੫।

ਵਿਆਖਿਆ = ਜਿਸ ਤਰ੍ਹਾਂ ਭਗਤ ਧਰੂ ਨੇ ਗੁਰ ਉਪਦੇਸ਼ ਨੂੰ ਦ੍ਰਿੜਤਾ ਨਾਲ ਕਮਾਇਆ {ਪਾਂਚ ਬਰਖ ਕੋ ਅਨਾਥ ਧ੍ਰੂ ਬਾਰਿਕ, ਹਰਿ ਸਿਮਰਤ ਅਮਰ ਅਟਾਰੇ ੯੯੯}, ਉਸੇ ਤਰ੍ਹਾਂ ਜਿਨਾਂ ਨੇ ਗੁਰੂ ਰਾਮਦਾਸ ਜੀ ਦੇ ਬਚਨਾਂ ਨੂੰ ਪੱਕੀ ਤਰ੍ਹਾਂ ਮਨ ਰੂਪ ਪੱਲੇ ਬੰਨ੍ਹ ਲਿਆ ਹੈ, ਉਹ ਆਤਮਕ ਮੌਤ ਤੋਂ ਬਚ ਗਏ ਹਨ।ਜਿਕੁਣ ਅਕਾਸ਼ ਵਿਚ ਧਰੂ ਤਾਰਾ ਅਚੱਲ ਹੈ (ਅਪਣੀ ਥਾਂ ਬਦਲਦਾ ਨਹੀਂ), ਇਸੇ ਤਰ੍ਹਾਂ ਸੱਤਗੁਰੂ ਜੀ ਦੇ ਬਚਨ ਅਟੱਲ ਹਨ।ਜਿਨ੍ਹਾਂ ਨੇ ਇਉਂ ਨਿਸਚਾ ਕਰਕੇ ਗੁਰਬਾਣੀ ਸਮਝੀ ਹੈ, ਉਹ ਖਿਨ ਵਿਚ ਭਵਜਲ ਤੋਂ ਪਾਰ ਹੋ ਜਾਂਦੇ ਹਨ।ਮਨ ਦੀ ਗੁੰਝਲ ਖੁਲ੍ਹ ਜਾਂਦੀ ਹੈ।ਕੁੰਡਲਨੀ ਨੇ ਪਰਮ ਅਨੰਦ ਦੇ ਦੁਆਰ ਨੂੰ ਰੋਕਿਆ ਹੋਇਆ ਹੈ।ਜਦੋਂ ਸੱਤ ਸੰਗਤ ਦੇ ਪ੍ਰਭਾਵ ਕਰਕੇ ਕੁੰਡਲਨੀ ਸਿੱਧੀ ਹੋ (ਖੁਲ੍ਹ) ਗਈ ਤਾਂ ਸੁਖਮਨਾ ਦਾ ਰਸਤਾ ਖੁਲ੍ਹ ਜਾਂਦਾ ਹੈ।ਪਰਮ ਅਨੰਦ ਰੂਪ ਅੰਮ੍ਰਿਤ ਦਾ ਪ੍ਰਵਾਹ ਸ਼ੁਰੂ ਹੋ ਜਾਂਦਾ ਹੈ, ਜਿਸ ਨੂੰ ਸਿਖ ਪੀਂਦਾ ਹੈ, ਭਾਵ ਜਦ ਮਨ ਦੀ ਗੁੰਝਲ ਖੁਲ੍ਹ ਗਈ ਤਾਂ ਨਾਮ ਅਪਣੇ ਆਪ ਚਲਣ ਲਗ ਜਾਂਦਾ ਹੈ।ਜਿਸ ਸੱਤਗੁਰੂ ਦੇ ਬਚਨਾਂ ਅਤੇ ਸੱਤ ਸੰਗਤ ਦਾ ਐਸਾ ਪ੍ਰਭਾਵ ਹੈ, ਉਸ ਸ਼੍ਰੋਮਣੀ ਗੁਰੂ ਰਾਮਦਾਸ ਜੀ ਦੇ ਬਚਨਾਂ ਵਿਚ ਮਨ ਨੂੰ ਲੀਨ ਕਰੀਏ, ਹੁਕਮ ਵਿਚ ਚਲੀਏ।ਬਾਣੀ ਕਰਕੇ ਸੇਵਾ ਇਹ ਹੈ ਕਿ ਉਨ੍ਹਾਂ ਦੀ ਸਿਫਤ ਕਰੀਏ।ਸਰੀਰ ਉਨ੍ਹਾਂ ਦੀ ਸੇਵਾ ਵਿਚ ਲਾ ਦੇਈਏ।ਕਰਮ ਗੁਰੂ ਜੀ ਦੀ ਦੱਸੀ ਮਰਿਆਦਾ ਅਨੁਸਾਰ ਕਰੀਏ।੫।

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ਕਵਲ ਨੈਨ ਮਧੁਰ ਬੈਨ, ਕੋਟਿ ਸੈਨ ਸੰਗ ਸੋਭ, ਕਹਤ ਮਾ ਜਸੋਦ ਜਿਸਹਿ, ਦਹੀ ਭਾਤੁ ਖਾਹਿ ਜੀਉ ॥ ਹੇ ਵਾਹਿਗੁਰੂ (ਨਿਰੰਕਾਰ) ਤੂੰ ਭੂਤ, ਵਰਤਮਾਨ ਕਾਲ ਅਤੇ ਭਵਿਖ ਵਿਚ ਅਚਰਜ ਰੂਪ ਹੈਂ; ਧੰਨਤਾ ਯੋਗ ਹੈਂ।(ਲੋਕਾਂ ਦੇ ਵਿਚਾਰ ਵਿਚ ਕ੍ਰਿਸ਼ਨ ਜੀ ਪ੍ਰਭੂ ਦਾ ਰੂਪ ਸਨ, ਜਿਸਦੇ) ਕਮਲ (ਫੁੱਲ) ਵਰਗੇ ਨੇਤ੍ਰ, ਬਚਨ ਮਿੱਠੇ ਸਨ, ਨਾਲ (ਯਾਦਵ ਗੁਆਲਿਆਂ ਦੀ) ਕ੍ਰੋੜਾਂ ਹੀ ਸੈਨਾ ਸੋਭ ਰਹੀ ਸੀ ਅਤੇ ਜਿਸ ਨੂੰ ਮਾਂ ਜਸੋਧਾਂ ਕਹਿੰਦੀ ਸੀ, (ਹੇ ਲਾਲ! ਮੇਰੇ ਕੋਲ ਆ ਕੇ) ਦਹੀਂ ਚੌਲ ਖਾ ਲੈ।

ਦੇਖਿ ਰੂਪੁ ਅਤਿ ਅਨੂਪੁ, ਮੋਹ ਮਹਾ ਮਗ ਭਈ, ਕਿੰਕਨੀ ਸਬਦ ਝਨਤਕਾਰ ਖੇਲ ਪਾਹਿ ਜੀਉ ॥ (ਕ੍ਰਿਸ਼ਨ ਜੀ ਦੇ) ਅਤੀ ਸੁੰਦਰ ਰੂਪ ਨੂੰ ਦੇਖ ਕੇ (ਮਾਤਾ ਜਸੋਧਾਂ) ਮੋਹ ਵਿਚ ਬਹੁਤ ਮਗਨ ਹੋ ਜਾਂਦੀ ਸੀ, ਜਦੋਂ ਖੇਡ ਪਾਉਂਦੇ ਸੀ ਤਾਂ ਤੜਾਗੀ ਛਣ ਛਣ ਦੀ ਆਵਾਜ (ਦਿੰਦੀ ਸੀ)।

ਕਾਲ ਕਲਮ ਹੁਕਮੁ ਹਾਥਿ, ਕਹਹੁ ਕਉਨੁ ਮੇਟਿ ਸਕੈ, ਈਸੁ ਬੰਮ੍ਹੁ ਗ੍ਯਾਨੁ ਧ੍ਯਾਨੁ, ਧਰਤ ਹੀਐ ਚਾਹਿ ਜੀਉ ॥ (ਪਰ) ਕਾਲ ਦੀ ਕਲਮ ਅਤੇ ਹੁਕਮ (ਵਾਹਿਗੁਰੂ ਦੇ) ਹੱਥ ਵਿਚ ਹਨ, ਦੱਸੋ! (ਉਸ ਦੇ ਹੁਕਮ ਨੂੰ) ਕੌਣ ਮੇਟ ਸਕਦਾ ਹੈ? ਸ਼ਿਵ ਜੀ (ਵਾਹਿਗੁਰੂ ਦਾ) ਧਿਆਨ ਅਤੇ ਬ੍ਰਹਮਾ (ਵਾਹਿਗੁਰੂ ਦਾ) ਗਿਆਨ ਹਿਰਦੇ ਵਿਚ ਧਾਰਨਾ ਚਾਹੁੰਦੇ ਹਨ ਭਾਵ ਕ੍ਰਿਸ਼ਨ ਜੀ ਉਹ ਪ੍ਰਭੂ ਨਹੀਂ ਹਨ ਜਿਸ ਪ੍ਰਭੂ ਦੇ ਹੱਥ ਵਿਚ ਕਾਲ ਦੀ ਕਲਮ ਅਤੇ (ਜਨਮ ਤੇ ਮੌਤ ਦੇਣ ਦਾ) ਹੁਕਮ ਹੈ, ਹੁਣ ਦੱਸੋ! ਕਾਲ ਤੇ ਉਸਦੇ ਹੁਕਮ ਨੂੰ ਕੌਣ ਮੇਟ ਸਕਦਾ ਹੈ? (ਕੀ ਕ੍ਰਿਸ਼ਨ ਜੀ, ਬ੍ਰਹਮਾ ਜਾਂ ਸ਼ਿਵ ਜੀ ਮੇਟ ਸਕਦੇ ਹਨ?) ਸ਼ਿਵ ਜੀ ਪ੍ਰਭੂ ਦੇ ਧਿਆਨ ਨੂੰ ਅਤੇ ਬ੍ਰਹਮਾ ਪ੍ਰਭੂ ਦੇ ਗਿਆਨ ਨੂੰ ਹਿਰਦੇ ਵਿਚ

ਧਾਰਦੇ ਹਨ ਅਤੇ ਉਸਦੇ ਦਰਸ਼ਨ ਕਰਨਾ ਚਾਹੁੰਦੇ ਹਨ; (ਹੇ ਗੁਰੂ ਰਾਮਦਾਸ ਜੀ!) ਕਾਲ ਦੀ ਕਲਮ ਅਤੇ ਹੁਕਮ ਆਪ ਜੀ ਦੇ ਹੱਥ ਵਿਚ ਹਨ, ਦੱਸੋ! (ਆਪ ਜੀ ਦੇ ਹੁਕਮ ਨੂੰ) ਕੌਣ ਮੇਟ ਸਕਦਾ ਹੈ, ਸ਼ਿਵ ਜੀ (ਆਪ ਜੀ ਦੇ) ਧਿਆਨ ਨੂੰ ਅਤੇ ਬ੍ਰਹਮਾ (ਆਪ ਜੀ ਦੇ) ਗਿਆਨ ਨੂੰ ਹਿਰਦੇ ਵਿਚ ਧਾਰਨ ਕਰਨਾ ਚਾਹੁੰਦੇ ਹਨ।

ਸਤਿ ਸਾਚੁ ਸ੍ਰੀ ਨਿਵਾਸੁ, ਆਦਿ ਪੁਰਖੁ ਸਦਾ ਤੁਹੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੧॥੬॥ (ਹੇ ਵਾਹਿਗੁਰੂ!) ਤੂੰ ਸਦਾ ਥਿਰ ਰਹਿਣ ਵਾਲਾ, ਸੱਚ ਸਰੂਪ ਹੈਂ, ਲੱਛਮੀ ਦਾ (ਤੇਰੇ ਚਰਨਾਂ ਵਿਚ) ਨਿਵਾਸ ਹੈ, (ਸਭ ਦੀ) ਆਦਿ ਹੈ, ਵਿਆਪਕ ਹੈਂ, ਸਦਾ ਤੂੰ ਹੀ ਹੈਂ, ਹੇ ਵਾਹਿਗੁਰੂ! ਤੂੰ ਤਿੰਨਾਂ ਕਾਲਾਂ ਵਿਚ ਅਚਰਜ ਰੂਪ ਹੈਂ, ਧੰਨਤਾ ਯੋਗ ਹੈਂ।੧।੬।

ਪਦਾਰਥ = ਵਾਹਿਗੁਰੁ-ਮਨ ਬੁੱਧੀ ਤੋਂ ਪਰੇ ਸਭ ਤੋਂ ਵੱਡਾ ਨਿਰੰਕਾਰ; ਧੰਨਤਾ ਯੋਗ ਨਿਰੰਕਾਰ {ਵਾਹਿ ਨਾਮ ਅਚਰਜ ਪਹਿਚਾਨੋ।ਜਿਹ ਕੀ ਸੱਤਯਾ ਜਗ ਪ੍ਰਗਟਾਨੋ (ਨਾ. ਪ੍ਰ. ਉਤ੍ਰਾਰਧ ਅ. ੪੩)}।ਕਵਲ ਨੈਨ-ਕਮਲ ਫੁੱਲ ਵਰਗੇ ਸੁੰਦਰ ਨੇਤ੍ਰ।ਮਧੁਰ ਬੈਨ-ਮਿੱਠੇ ਬਚਨ।ਕੋਟਿ ਸੈਨ-ਕ੍ਰੋੜਾਂ ਫੌਜਾਂ।ਸੰਗ ਸੋਭ-(ਤੇਰੇ) ਨਾਲ ਸੋਭਦੀਆਂ ਹਨ।ਕਹਤ-ਆਖਦੀ ਸੀ।ਮਾ ਜਸੋਦ-ਮਾਤਾ ਜਸੋਧਾਂ (ਨੰਦ ਗੁਆਲੇ ਦੀ ਘਰ ਵਾਲੀ, ਜਿਸ ਨੇ ਕ੍ਰਿਸ਼ਨ ਜੀ ਨੂੰ ਪਾਲਿਆ ਸੀ)।ਜਿਸਹਿ-ਜਿਸ ਨੂੰ।ਭਾਤ-ਰਿੱਝੇ ਹੋਏ ਚੌਲ।ਖਾਹਿ ਜੀਉ-ਖਾ ਲਓ ਜੀ; ਹੇ ਪਿਆਰੇ ਖਾ ਲੈ।ਰੂਪ ਅਤਿ ਅਨੂਪ-ਬਹੁਤ ਸੋਹਣਾ ਰੂਪ।ਮਹਾ ਮਗ ਭਈ-ਬਹੁਤ ਮਗਨ ਹੋ ਜਾਂਦੀ ਸੀ।ਕਿੰਕਨੀ-ਘੰਘਰੂਆਂ ਵਾਲੀ ਤੜਾਗੀ।ਝਨਤਕਾਰ-(ਘੁੰਘਰੂਆਂ ਦੀ) ਛਣਕਾਰ।ਸਬਦ-ਆਵਾਜ।ਖੇਲ ਪਾਹਿ ਜੀਓ-(ਜਦੋਂ) ਖੇਡ ਪਾਉਂਦਾ ਸੀ।ਕਾਲ ਕਲਮ-ਕਾਲ ਦੀ ਕਲਮ।ਹਾਥਿ-ਹੱਥ ਵਿਚ।ਕਹਹੁ-ਦੱਸੋ!।ਈਸ-ਸ਼ਿਵ।ਬੰਮ੍ਰ-ਬ੍ਰਹਮਾ।ਗ੍ਯਾਨ ਧ੍ਯਾਨ-(ਗਿਆਨ ਧਿਆਨ ਬੋਲੋ) ਗਿਆਨ ਅਤੇ ਧਿਆਨ।ਧਰਤ ਚਾਹਿ-ਧਾਰਨ ਕਰਨਾ ਚਾਹੁੰਦੇ ਹਨ; ਇਛਾ ਰਖਦੇ ਹਨ।ਹੀਐ-ਹਿਰਦੇ ਵਿਚ।ਸ੍ਰੀ ਨਿਵਾਸੁ-ਲੱਛਮੀ ਦਾ ਵਾਸਾ।ਆਦਿ-ਸਾਰੇ ਜਗਤ ਦਾ ਆਦਿ।ਪੁਰਖੁ-ਸਰਬ ਵਿਆਪਕ ਪਾਰਬ੍ਰਹਮ।੧।੬।

ਵਿਆਖਿਆ = ਸੰਸਾਰ ਵਿਚ ਪੈਦਾ ਹੋਏ ਅਵਤਾਰ, ਗੁਰੂ, ਜਾਂ ਮਹਾਂ ਪੁਰਖ ਲੋਕਾਂ ਦਾ ਉਧਾਰ ਕਰਕੇ ਆਪੋ ਅਪਣੀ ਉਮਰ ਭੋਗ ਕੇ ਇਥੋਂ ਚਲੇ ਜਾਂਦੇ ਹਨ।ਉਨ੍ਹਾਂ ਦਾ ਸਰੀਰ ਬੇਸ਼ਕ ਸੰਸਾਰ ਵਿਚ ਨਹੀ ਰਹਿੰਦਾ ਪਰ ਉਹ ਅਪਣੀ ਸਿਖਿਆਂਵਾਂ ਦੇ ਰੂਪ ਵਿਚ ਸਦਾ ਸੰਸਾਰ ਵਿਚ ਜਿਉਂਦੇ ਰਹਿੰਦੇ ਹਨ।ਸਿਖਿਆ ਉਨ੍ਹਾਂ ਦੀ ਧੁਰ ਆਤਮਾ ਵਿਚੋਂ ਨਿਕਲੇ ਬੋਲ ਹੁੰਦੇ ਹਨ ਜੋ ਪ੍ਰਮਾਤਮਾ ਦਾ ਹੀ ਰੂਪ ਹਨ।ਵੱਖ ਵੱਖ ਸਮੇਂ ਵਿਚ ਸੰਸਾਰ ਵਿਚ ਅਵਤਾਰ, ਗੁਰੂ, ਸੰਤ ਅਤੇ ਹੋਰ ਮਹਾਨ ਆਤਮਾ ਵਾਲੇ ਆਏ।ਉਨ੍ਹਾਂ ਨੇ ਅਕਾਲ ਪੁਰਖ ਦੀ ਸ਼ਕਤੀ ਨਾਲ ਹੀ ਪਰ ਉਪਕਾਰ ਕੀਤੇ, ਲੋਕਾਂ ਦੀ ਜਾਲਮਾਂ ਤੋਂ ਰੱਖਿਆ ਕੀਤੀ, ਪਾਪੀਆਂ ਦਾ ਉਧਾਰ ਕੀਤਾ ਤੇ ਜਾਲਮਾਂ ਨੂੰ ਨਾਸ਼ ਕੀਤਾ।ਪਰ ਲੋਕ ਅਕਾਲ ਪੁਰਖ ਨੂੰ ਭੁੱਲ ਕੇ ਅਵਤਾਰਾਂ ਮਹਾਂ ਪੁਰਖਾਂ ਗੁਰੂਆਂ ਨੂੰ ਵਡਿਆਈ ਦੇਣ ਲਗ ਗਏ ਸਨ।ਬ੍ਰਹਮ ਦ੍ਰਿਸਟੀ ਵਾਲਾ ਮਨੁੱਖ ਸਭ ਵਿਚ ਰੱਬੀ ਜੋਤ ਦੇ ਜਲਵੇ ਦਾ ਦਰਸ਼ਨ ਕਰਦਾ ਹੈ, ਉਹ ਭਾਈ ਘਨੱਈਆ ਜੀ ਵਾਂਗ ਸਭ ਵਿਚ ਪ੍ਰਭੂ ਦਾ ਜ਼ਹੂਰ ਦੇਖਦਾ ਹੈ।ਗੁਰਮਤ ਅਨੁਸਾਰ ਇਹ ਸੰਸਾਰ ਵਾਹਿਗੁਰੂ ਦਾ ਹੀ ਦਿਸਦਾ (ਸਰਗੁਣ) ਰੂਪ ਹੈ।ਗੁਰੂ ਸਾਹਿਬਾਨਾਂ ਦੇ ਸਮੇਂ ਲੋਕਾਂ ਦਾ ਰੱਬ ਰਾਮ ਚੰਦਰ, ਕ੍ਰਿਸਨ ਜੀ, ਸ਼ਿਵ, ਬ੍ਰਹਮਾ ਅਤੇ ਬਿਸ਼ਨ ਆਦਿ ਸਨ।ਜਿਨ੍ਹਾਂ ਨੂੰ ਗੁਰੂ ਜੀ ਨੇ ਉਪਦੇਸ਼ ਦੇਣਾ ਸੀ, ਉਹ ਲੋਕ ਇਨ੍ਹਾਂ ਅਵਤਾਰਾਂ ਦੇ ਭਗਤ ਸਨ।ਗੁਰੂ ਜੀ ਨੇ ਇਨ੍ਹਾਂ ਅਵਤਾਰਾਂ ਲਈ ਵਰਤੇ ਜਾਂਦੇ ਨਾਵਾਂ ਨੂੰ ਵਾਹਿਗੁਰੂ ਲਈ ਵਰਤਿਆ ਹੈ।ਜਿਵੇਂ ਰਾਮ, ਕਾਨ੍ਹ, ਕ੍ਰਿਸਨ, ਸ਼ਿਵ, ਬਹ੍ਰਮਾ, ਅੱਲਾ, ਰਹੀਮ, ਕਰੀਮ, ਬਿਸ਼ਨ, ਰਘੁਨਾਥ, ਸਿਆਮ ਆਦਿ।ਭੱਟ ਜੀ ਆਖ ਰਹੇ ਹਨ ਕਿ ਹੇ ਗੁਰੂ ਰਾਮਦਾਸ ਜੀ! ਮੈਨੂੰ ਤਾਂ ਤੁਸੀਂ ਹੀ ਕ੍ਰਿਸ਼ਨ, ਸ਼ਿਵ ਅਤੇ ਬ੍ਰਹਮਾ ਹੀ ਨਜਰ ਆ ਰਹੇ ਹੋ।ਫਿਰ ਇਨ੍ਹਾਂ ਸਭ ਨੂੰ ਨਿਰੰਕਾਰ ਦੇ ਕਾਲ ਅਤੇ ਹੁਕਮ ਅਧੀਨ ਦਸਿਆ ਹੈ ਅਤੇ ਨਿਰੰਕਾਰ ਦੇ ਹੁਕਮ ਨੂੰ ਕੌਣ ਮੇਟ ਸਕਦਾ ਦਸ ਕੇ ਅਕਾਲ ਪੁਰਖ ਨੂੰ ਸਭ ਤੋਂ ਸ਼੍ਰੋਮਣੀ ਬਿਆਨ ਕੀਤਾ ਹੈ।ਸਿਵ ਅਤੇ ਬ੍ਰਹਮਾ ਵੀ ਜਿਸ ਦਾ ਗਿਆਨ ਅਤੇ ਧਿਆਨ ਧਾਰਨ ਦੀ ਇਛਾ ਰਖਦੇ ਹਨ।ਮਾਇਆ ਵੀ ਨਿਰੰਕਾਰ ਦੇ ਚਰਨਾਂ ਵਿਚ ਵਸਦੀ ਦਸੀ ਹੈ। ਵਾਹਿਗੁਰੂ ਦੀ ਜੋਤੀ ਦਾ ਪ੍ਰਕਾਸ਼ ਭੱਟ ਜੀ ਗੁਰੂ ਰਾਮਦਾਸ ਜੀ ਵਿਚ ਤੱਕ ਰਹੇ ਹਨ।ਗੁਰੂ ਜੀ ਨੂੰ ਬੀਤ ਚੁਕੇ ਅਵਤਾਰਾਂ ਦਾ ਅਤੇ ਗੁਰੂ ਜੀ ਨੂੰ ਸਰਬ ਦਾ ਰੂਪ ਵਰਨਣ ਕਰਕੇ ਭੱਟ ਜੀ ਗੁਰੂ ਰਾਮਦਾਸ ਜੀ ਪ੍ਰਤੀ ਅਪਣੀ ਭਗਤੀ ਭਾਵਨਾ ਦੀ ਦ੍ਰਿੜ੍ਹਤਾ ਬਿਆਨ ਕਰ ਰਹੇ ਹਨ।ਗੁਰੂ ਰਾਮਦਾਸ ਜੀ ਨੂੰ ਭੱਟ ਜੀ, ਅਸਚਰਜ ਰੂਪ ਆਦਿ ਪੁਰਖ ਅਤੇ ਸਦਾ ਥਿਰ ਵਾਹਿਗੁਰੂ ਦਾ ਹੀ ਰੂਪ ਪ੍ਰਗਟ ਕਰਦੇ ਹਨ।੧।੬।

ਇਥੇ ਛੋਟਾ ਅੰਕ ਬਦਲਿਆ ਹੈ, ਪਰ ਵੱਡਾ ਨਹੀਂ, ਕਿਉਂਕਿ ਛੰਦ ਦੀ ਚਾਲ ਬਦਲ ਗਈ ਹੈ।

ਰਾਮ ਨਾਮ ਪਰਮ ਧਾਮ, ਸੁਧ ਬੁਧ ਨਿਰੀਕਾਰ ਬੇਸੁਮਾਰ, ਸਰਬਰ ਕਉ ਕਾਹਿ ਜੀਉ ॥ (ਹੇ ਸਰਬ ਵਿਆਪਕ) ਰਾਮ ਦੇ ਨਾਮ ਵਾਲੇ, ਬੈਕੁੰਠ ਵਿਚ ਬਸਣ ਵਾਲੇ, ਪਵਿਤ੍ਰ ਗਿਆਨ ਵਾਲੇ, ਤੂੰ ਅਕਾਰ ਤੋਂ ਰਹਿਤ ਅਤੇ ਬੇਅੰਤ ਹੈਂ, ਤੇਰੇ ਬਰਾਬਰ ਦਾ ਕੌਣ ਹੋ ਸਕਦਾ ਹੈ ਜੀ; (ਕਿਸ ਨੂੰ ਆਖੀਏ)?; ਹੇ ਰਾਮ ਦੇ ਨਾਮ ਵਾਲੇ (ਗੁਰੂ ਰਾਮਦਾਸ ਜੀਓ! ਆਪ ਦਾ ਰਚਿਆ ਸ੍ਰੀ ਅੰਮ੍ਰਿਤਸਰ) ਮਹਾਨ ਅਸਥਾਨ ਹੈ, ਸ਼ੁੱਧ ਬੁਧੀ ਵਾਲੇ ਹੋ, ਅਕਾਰ ਰਹਿਤ ਬੇਅੰਤ (ਪ੍ਰਭੂ) ਦਾ ਰੂਪ ਹੋ, (ਆਪ ਦੇ) ਬਰਾਬਰ ਦਾ ਕੌਣ ਹੈ? (ਕੋਈ ਨਹੀਂ)।

ਸੁਥਰ ਚਿਤ ਭਗਤ ਹਿਤ ਭੇਖੁ ਧਰਿਓ, ਹਰਨਾਖਸੁ ਹਰਿਓ ਨਖ ਬਿਦਾਰਿ ਜੀਉ ॥ (ਜਿਸ ਨੇ) ਸਾਫ ਦਿਲ ਭਗਤ (ਪ੍ਰਹਲਾਦ) ਲਈ (ਨਰ ਸਿੰਘ ਦਾ) ਰੂਪ ਧਾਰਿਆ ਅਤੇ ਹਰਨਾਖਸ਼ ਨੂੰ ਨਹੁੰਆਂ ਨਾਲ ਪਾੜ ਕੇ ਮਾਰ ਦਿਤਾ (ਸ਼ਬਦਾਰਥ); (ਗੁਰੂ ਰਾਮਦਾਸ ਜੀ) ਅਡੋਲ

ਚਿਤ ਵਾਲੇ ਹਨ ਜਾਂ ਅਡੋਲ ਚਿਤ ਵਾਲੇ ਭਗਤ (ਪ੍ਰਹਲਾਦ) ਲਈ (ਆਪ ਜੀ ਨੇ ਹੀ ਨਰ ਸਿੰਘ ਦਾ) ਭੇਖ ਧਾਰਿਆ ਤੇ ਹਰਨਾਖਸ਼ ਨੂੰ ਨਹੁੰਆਂ ਨਾਲ ਪਾੜ ਕੇ ਮਾਰ ਦਿਤਾ (ਸੰ. ਸ.)।

ਸੰਖ ਚਕ੍ਰ ਗਦਾ ਪਦਮ, ਆਪਿ ਆਪੁ ਕੀਓ ਛਦਮ, ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ ॥ ਸਤਿ ਸਾਚੁ ਸ੍ਰੀ ਨਿਵਾਸੁ , ਆਦਿ ਪੁਰਖੁ ਸਦਾ ਤੁਹੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੨॥੭॥ ਸੰਖ ਚੱਕਰ ਗਦਾ ਤੇ ਪਦਮ (ਵਿਸ਼ਨੂੰ ਵਾਲੇ ਚਿਨ੍ਹ ਹੇ ਗੁਰੂ ਰਾਮਦਾਸ ਜੀ! ਆਪ ਜੀ ਦੇ ਹੀ ਹਨ ਅਤੇ ਹੁਣ) ਆਪ ਨੇ ਅਪਣੇ (ਉਹ ਚਿੰਨ੍ਹ) ਛੁਪਾਏ ਹੋਏ ਹਨ ਜਾਂ ਆਪ ਨੇ ਹੀ ਅਪਣਾ (ਬਾਵਨ ਦਾ ਬਲ ਨੂੰ) ਛਲਣ ਵਾਲਾ ਰੂਪ ਬਣਾਇਆ ਸੀ, (ਗੁਰੂ ਰਾਮਦਾਸ ਜੀ) ਬੇਅੰਤ ਪਾਰਬ੍ਰਹਮ ਦਾ ਰੂਪ ਹਨ, ਤੇਰੇ ਉਸ ਰੂਪ ਨੂੰ ਕੌਣ ਜਾਣ ਸਕਦਾ ਹੈ? (ਅਖੀਰਲੀ ਤੁਕ ਦੇ ਅਰਥ ਉਪਰ ਹੋ ਚੁੱਕੇ ਹਨ)।੨।੭।

ਪਦਾਰਥ = ਰਾਮ ਨਾਮ–ਸਰਬ ਵਿਆਪਕ ਵਾਹਿਗੁਰੂ ਦਾ ਨਾਮ ਰਾਮ ਹੈ ਅਤੇ ਗੁਰੂ ਰਾਮਦਾਸ ਜੀ ਦੇ ਨਾਮ ਵਿਚ ਵੀ ਰਾਮ ਦਾ ਨਾਮ ਹੈ।ਪਰਮ ਧਾਮ–ਬੈਕੁੰਠ ਧਾਮ, ਉਚਾ ਟਿਕਾਣਾ; ਹਰਿਮੰਦਰ ਸਾਹਿਬ (ਅੰਮ੍ਰਿਤਸਰ); ਸੱਤ ਸੰਗਤ।ਸੁਧ ਬੁਧ–ਪਵਿਤ੍ਰ ਗਿਆਨ ਵਾਲਾ। ਨਿਰੀਕਾਰ–ਅਕਾਰ ਰਹਿਤ।ਬੇਸੁਮਾਰ–ਬੇਅੰਤ।ਸਰਬਰ ਕਉ–ਬਰਾਬਰ ਦਾ।ਕਾਹਿ–ਕਿਸ ਨੂੰ; ਕੌਣ।ਜੀਉ–(ਸਨਮਾਨ ਵਾਚਕ) ਜੀ। ਸੁਥਰ ਚਿਤ–ਸਾਫ ਦਿਲ; ਸਥਿਰ (ਅਡੋਲ) ਚਿਤ।ਭਗਤ ਹਿਤ–ਭਗਤ ਪ੍ਰਹਲਾਦ ਵਾਸਤੇ।ਭੇਖੁ ਧਰਿਓ–ਭੇਖ ਧਾਰਿਆ।ਹਰਿਓ–ਮਾਰਿਆ।ਨਖ–ਨਹੁੰਆਂ ਨਾਲ।ਬਿਦਾਰਿ–ਪਾੜ ਕੇ।ਚਕ੍ਰ–ਦੰਦੇਦਾਰ ਗੋਲ ਸ਼ਸਤ੍ਰ ਜੋ ਘੁਮਾ ਕੇ ਵੈਰੀ ਦਾ ਸਿਰ ਕੱਟਣ ਲਈ ਚਲਾਇਆ ਜਾਂਦਾ ਹੈ।ਗਦਾ–ਮੁਦਗਰ।ਪਦਮ–ਵਿਸ਼ਨੂੰ ਦਾ ਇਕ ਸ਼ਸਤ੍ਰ ਜੋ ਕਮਲ ਫੁੱਲ ਦੇ ਅਕਾਰ ਦਾ ਹੈ, ਇਹ ਗਦਾ ਅਤੇ ਗੁਰਜ ਵਾਂਗ ਵੈਰੀ ਤੇ ਚਲਾਇਆ ਜਾਂਦਾ ਸੀ।ਆਪਿ ਆਪੁ–ਆਪ ਨੇ ਅਪਣੇ ਆਪ ਨੂੰ।ਛਦਮ–ਛੁਪਾਇਆ ਹੈ; ਛਲਣ ਵਾਲਾ (ਬੌਣਾ ਅਵਤਾਰ)।ਅਪਰੰਪਰ –ਪਰੇ ਤੋਂ ਪਰੇ; ਬੇਅੰਤ।ਲਖੈ ਕਉਨੁ–ਕੌਣ ਜਾਣਦਾ ਹੈ? ਤਾਹਿ–ਉਸ ਨੂੰ।੨।੭।

ਵਿਆਖਿਆ = ਇਸ ਸਵੱਯੇ ਵਿਚ ਵੀ ਭੱਟ ਜੀ ਗੁਰੂ ਰਾਮਦਾਸ ਜੀ ਨੂੰ ਵਾਹਿਗੁਰੂ ਦਾ ਰੂਪ ਬਿਆਨ ਕਰਦੇ ਹਨ।ਕਵੀ ਜੀ ਕਹਿੰਦੇ ਹਨ ਕਿ ਮੇਰੇ ਲਈ ਸੰਖ ਚੱਕ੍ਰ ਗਦਾ ਪਦਮ ਆਦਿ ਸ਼ਸ਼ਤ੍ਰ ਰੱਖਣ ਵਾਲਾ ਵਿਸ਼ਨੂੰ ਅਤੇ ਪ੍ਰਹਲਾਦ ਦੀ ਰਖਿਆ ਕਰਨ ਵਾਲਾ ਨਰ ਸਿੰਘ ਅਵਤਾਰ ਵੀ ਸ਼੍ਰੀ ਗੁਰੂ ਰਾਮਦਾਸ ਜੀ ਹੀ ਹੈ।

ਪੀਤ ਬਸਨ ਕੁੰਦ ਦਸਨ, ਪ੍ਰਿਅ ਸਹਿਤ ਕੰਠ ਮਾਲ, ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ ॥ (ਹੇ ਗੁਰੂ ਰਾਮਦਾਸ ਜੀ! ਮੇਰੇ ਵਾਸਤੇ ਤੂੰ ਹੀ) ਪੀਲੇ ਬਸਤ੍ਰਾਂ ਵਾਲਾ ਕ੍ਰਿਸਨ ਰੂਪ ਹੈਂ, (ਜਿਸ ਦੇ) ਚਿੱਟੀਆਂ ਕਲੀਆਂ ਵਰਗੇ ਦੰਦ ਹਨ, ਪਿਆਰੀ (ਰਾਧਾ) ਨਾਲ ਹੈ, ਗਲੇ ਵਿਚ ਮਾਲਾ, (ਅਤੇ ਜਿਸ ਨੇ) ਸਿਰ ਤੇ ਮੋਰ ਦੇ ਖੰਭਾਂ ਵਾਲਾ ਮੁਕਟ ਚਾਅ ਨਾਲ ਪਹਿਨਿਆ ਹੈ।

ਬੇ ਵਜੀਰ ਬਡੇ ਧੀਰ, ਧਰਮ ਅੰਗ ਅਲਖ ਅਗਮ, ਖੇਲੁ ਕੀਆ ਆਪਣੈ ਉਛਾਹਿ ਜੀਉ ॥ (ਨਿਰਗੁਣ ਸਰੂਪ ਵਿਚ ਸਲਾਹ ਲੈਣ ਲਈ ਆਪ ਜੀ ਕਿਸੇ) ਵਜੀਰ ਤੋਂ ਬਿਨਾ ਹੋ, ਵੱਡੇ ਧੀਰਜ ਵਾਲੇ, ਧਰਮ ਸਰੂਪ (ਧਰਮੀਆਂ ਦਾ ਪੱਖ ਕਰਨ ਵਾਲੇ) ਹੋ, ਮਨ ਬੁੱਧੀ ਦੀ ਪਹੁੰਚ ਤੋਂ ਪਰੇ ਤੇ ਜਾਨਣ ਤੋਂ ਰਹਿਤ ਹੋ, ਇਹ ਸਾਰਾ ਖੇਲ (ਸੰਸਾਰ ਰਚਨਾ ਦਾ) ਅਪਣੀ ਖੁਸ਼ੀ ਨਾਲ ਕੀਤਾ (ਰਚਿਆ) ਹੈ।

ਅੰਗ ੧੪੦੩ = ਅਕਥ ਕਥਾ ਕਥੀ ਨ ਜਾਇ, ਤੀਨਿ ਲੋਕ ਰਹਿਆ ਸਮਾਇ, ਸੁਤਹ ਸਿਧ ਰੂਪੁ ਧਰਿਓ, ਸਾਹਨ ਕੈ ਸਾਹਿ ਜੀਉ ॥ ਆਪ ਜੀ ਦੀ ਕਥਾ ਅਕਹਿ ਹੈ, (ਇਕ ਜੀਭ ਨਾਲ ਇਹ ਜਸ ਰੂਪ ਕਥਾ) ਕਹੀ ਨਹੀ ਜਾ ਸਕਦੀ, ਤਿੰਨਾਂ ਲੋਕਾਂ ਵਿਚ ਸਮਾ ਰਹੇ ਹੋ, ਹੇ ਸ਼ਾਹਾਂ ਦੇ ਸਹਿਨਸ਼ਾਹ! ਸੁਤੇ ਸਿੱਧ ਹੀ (ਸੁਭਾਵਕ ਹੀ ਅਪਣੀ ਇੱਛਾ ਅਨੁਸਾਰ ਗੁਰੂ ਰਾਮਦਾਸ ਜੀ ਦਾ) ਰੂਪ ਧਾਰਨ ਕੀਤਾ ਹੈ।

ਸਤਿ ਸਾਚੁ ਸ੍ਰੀ ਨਿਵਾਸੁ, ਆਦਿ ਪੁਰਖੁ ਸਦਾ ਤੁਹੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥੩॥੮॥ ਹੇ ਵਾਹਿਗੁਰੂ! (ਰੂਪ ਗੁਰੂ ਰਾਮਦਾਸ ਜੀ!) ਤੂੰ ਹੀ ਸੱਤ ਸਰੂਪ ਹੈਂ, ਸਦਾ ਥਿਰ ਹੈਂ, (ਤੇਰੇ ਚਰਨਾਂ ਵਿਚ) ਲੱਛਮੀ ਦਾ ਵਾਸਾ ਹੈ, ਤੂੰ ਸਭ ਦਾ ਆਦਿ (ਅਤੇ) ਪਰੀ ਪੂਰਨ ਹੈਂ, ਸਦਾ ਥਿਰ ਹੈਂ, ਤਿੰਨਾਂ ਕਾਲਾਂ ਵਿਚ ਅਚਰਜ (ਵਿਸਮਾਦ) ਰੂਪ ਹੈਂ, ਧੰਨਤਾ ਯੋਗ ਹੈਂ।੩।੮।

ਪਦਾਰਥ = ਪੀਤ ਬਸਨ–ਪੀਲੇ ਬਸਤ੍ਰਾਂ ਵਾਲਾ।ਕੁੰਦ ਦਸਨ–ਬਰਦਮਾਨ ਜਾਂ ਚਮੇਲੀ ਦੇ ਚਿੱਟੇ ਫੁੱਲ (ਕਵੀ ਇਨ੍ਹਾਂ ਫੁੱਲਾਂ ਦੀ ਉਪਮਾ ਦੰਦਾਂ ਨੂੰ ਦਿੰਦੇ ਹਨ)।ਪ੍ਰਿਅ ਸਹਿਤ–ਪਿਆਰੀ (ਰਾਧਾ) ਦੇ ਸਮੇਤ; ਪਿਆਰੀ ਰਾਧਾ ਨਾਲ ਹੈ।ਕੰਠ ਮਾਲ–ਗਲੇ ਵਿਚ ਮਾਲਾ।ਮੁਕਟੁ ਸੀਸਿ–ਸਿਰ ਉਤੇ ਤਾਜ।ਮੋਰ ਪੰਖ–ਮੋਰ ਦੇ ਖੰਭਾਂ ਵਾਲਾ।ਚਾਹਿ–ਚਾਅ (ਖੁਸ਼ੀ) ਨਾਲ।ਜੀਉ–(ਸਨਮਾਨ ਬੋਧਕ ਹੈ)।ਬੇ ਵਜੀਰ–ਵਜੀਰ (ਸਲਾਹਕਾਰ ਜਾਂ ਮੰਤ੍ਰੀ) ਰਹਿਤ ਹੈ।ਬਡੇ ਧੀਰ–ਵੱਡੇ ਧੀਰਜ ਵਾਲੇ।ਧਰਮ ਅੰਗ–ਧਰਮ ਸਰੂਪ; ਧਰਮ ਦਾ ਪੱਖ ਕਰਨ ਵਾਲਾ। ਅਲਖ–ਅਦ੍ਰਿਸਟ; ਲੱਖਤਾ ਤੋਂ ਰਹਿਤ।ਅਗਮ–ਅਪਹੁੰਚ; ਮਨ ਬੁੱਧੀ ਦੀ ਪਹੁੰਚ ਤੋਂ ਪਰੇ।ਆਪਨੈ ਉਛਾਹਿ–ਅਪਣੀ ਖੁਸ਼ੀ (ਇਛਾ) ਨਾਲ।ਅਕਥ ਕਥਾ–ਨਿਰੰਕਾਰ ਦਾ ਜਸ; ਅਕਹਿ ਕਥਾ (ਜੋ ਕਥਾ ਕਥਨ ਕਰਨੀ ਅਸੰਭਵ ਹੋਵੇ)।ਤੀਨਿ ਲੋਕ–ਤਿੰਨ (ਮਾਤ, ਪਤਾਲ ਤੇ ਅਕਾਸ਼) ਲੋਕਾਂ ਵਿਚ।ਰਹਿਆ ਸਮਾਇ–ਵਿਆਪਕ ਹੋ ਰਿਹਾ ਹੈ।ਸੁਤਹ ਸਿਧ–ਸੁਤੇ ਸਿਧ (ਸੁਭਾਵਕ)।ਰੂਪੁ ਧਰਿਓ–ਰੂਪ ਧਾਰਿਆ ;ਪ੍ਰਗਟ ਹੋਇਆ।ਸਾਹਨ ਕੈ ਸਾਹਿ ਜੀਉ–ਹੇ ਸ਼ਾਹਾਂ ਦੇ ਸ਼ਹਿਨਸ਼ਾਹ!।

ਵਿਆਖਿਆ = ਭੱਟ ਗਯੰਦ ਜੀ ਗੁਰੂ ਰਾਮਦਾਸ ਜੀ ਦੇ ਧਿਆਨ ਵਿਚ ਲੀਨ ਹੋ ਕੇ ਉਚੀ ਆਤਮਕ ਅਵਸਥਾ ਵਿਚ ਪੁਜ ਕੇ ਬੜੇ ਪ੍ਰੇਮ

ਦੇ ਰੰਗ ਵਿਚ ਗੁਰੂ ਜੀ ਦਾ ਜਸ ਕਰਦੇ ਹਨ।ਗੁਰੂ ਜੀ ਹੀ ਸਰਬ ਰੂਪ ਵਿਚ ਦਿਖ ਰਹੇ ਹਨ, ਜਿਵੇਂ ਪਿਛੇ ੧੩੯੦ ਅੰਗ ਤੇ ਸਤਜੁਗਿ ਤੈ ਮਾਣਿਓ...ਵਾਲੇ ਸਵੱਯੇ ਵਿਚ ਬਿਆਨ ਕੀਤਾ ਹੈ।ਅਕਾਲ ਪੁਰਖ ਦੀ ਜੋ ਸ਼ਕਤੀ ਪਹਿਲਾਂ ਹੋ ਚੁੱਕੇ ਅਵਤਾਰਾਂ ਵਿਚ ਵਰਤ ਰਹੀ ਸੀ, ਹੁਣ ਕਲਜੁਗ ਵਿਚ ਰੱਬੀ ਸ਼ਕਤੀ ਗੁਰੂ ਸਾਹਿਬਾਨਾਂ ਵਿਚ ਵਰਤ ਰਹੀ ਹੈ।ਪਿਛਲੇ ਜੁਗਾਂ ਵਿਚ ਵਿਸ਼ਨੂੰ ਅਵਤਾਰ ਧਾਰ ਕੇ ਜਗਤ ਵਿਚ ਆਉਂਦੇ ਰਹੇ ਹਨ।ਵਿਸ਼ਨੂੰ ਵੀ ਸੰਸਾਰ ਵਿਚ ਅਵਤਾਰ ਲੈ ਕੇ ਨਿਰੰਕਾਰ ਦੀ ਤਾਕਤ ਨਾਲ ਹੀ ਵੈਰੀਆਂ ਨਾਲ ਲੜਦੇ ਰਹੇ ਹਨ।ਪਰ ਵਿਸ਼ਨੂੰ ਦੇ ਅਵਤਾਰਾਂ ਵਿਚ ਰੱਬੀ ਸ਼ਕਤੀ ਘੱਟ ਸੀ, ਪਰ ਗੁਰੂ ਸਾਹਿਬ ਸੰਸਾਰ ਵਿਚ ਰੱਬ ਦੀਆਂ ਅਨੰਤ ਸ਼ਕਤੀਆਂ ਲੇ ਕੇ ਆਏ। ਕਿਉਂਕਿ ਕਲਜੁਗ ਵਿਚ ਬਿਕਾਰਾਂ ਅਤੇ ਪਾਪਾਂ ਦਾ ਜਿਆਦਾ ਜੋਰ ਹੈ।ਕਲਜੁਗ ਵਿਚ ਅਤਿਅੰਤ ਸ਼ਕਤੀ ਸ਼ਾਲੀ ਮਹਾਂ ਪੁਰਖ ਦੀ ਲੋੜ ਸੀ।ਗੁਰੂ ਜੀ ਦੇ ਰੰਗ ਵਿਚ ਰੰਗੇ ਹੋਏ ਭੱਟਾਂ ਨੂੰ ਪਿਛਲੇ ਜੁਗਾਂ ਦੇ ਅਵਤਾਰ ਗੁਰੂ ਰਾਮਦਾਸ ਜੀ ਹੀ ਦਿਸ ਰਹੇ ਹਨ।{ਬਨਮਾਲਾ ਬਿਭੂਖਨ ਕਮਲ ਨੈਨ।ਸੁੰਦਰ ਕੁੰਡਲ ਮੁਕਟ ਬੈਨ।ਸੰਖ ਚਕ੍ਰ ਗਦਾ ਹੈ ਧਾਰੀ, ਮਹਾ ਸਾਰਥੀ ਸਤਸੰਗਾ।ਪੀਤ ਪੀਤੰਬਰ ਤ੍ਰਿਭਵਣ ਧਣੀ ।ਜਗੰਨਾਥੁ ਗੋਪਾਲੁ ਮੁਖਿ ਭਣੀ ੧੦੮੨; ਆਪੇ ਗੋਪੀ ਆਪੇ ਕਾਨਾ।ਆਪੇ ਗਊ ਚਰਾਵੈ ਬਾਨਾ ੧੦੮੩}।ਗੁਰੂ ਅਰਜਨ ਦੇਵ ਜੀ ਨੇ ਵੀ ਇਨ੍ਹਾਂ ਅਵਤਾਰਾਂ ਦਾ ਜਿਕਰ ਨਿਰੰਕਾਰ ਦੇ ਰੂਪ ਵਿਚ ਕੀਤਾ ਹੈ।ਸਾਰੇ ਅਵਤਾਰਾਂ ਵਿਚ ਵਾਹਿਗੁਰੂ ਦੀ ਵਡਿਆਈ ਹੁੰਦੀ ਦਸੀ ਹੈ। ਸਾਰੇ ਅਵਤਾਰਾਂ ਦੇ ਨਾਵਾਂ ਰਾਹੀ ਵਾਹਿਗੁਰੂ ਨੂੰ ਹੀ ਯਾਦ ਕੀਤਾ ਹੈ {ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ੧੧੬੮; ਅਨੇਕ ਅਸੰਖ ਨਾਮ ਹਰਿ ਤੇਰੇ, ਨ ਜਾਹੀ ਜਿਹਵਾ ਇਤੁ ਗਨਣੇ ੧੧੩੫}।ਸੱਤਨਾਮ ਤੋਂ ਬਿਨਾ ਹੋਰ ਨਾਮ ਕਿਰਤਮ ਦਸੇ ਹਨ। 'ਸਤਿ ਸਾਚੁ ਸ੍ਰੀ ਨਿਵਾਸੁ' ਕਹਿ ਕੇ ਨਿਰੰਕਾਰ ਨੂੰ ਸਦਾ ਥਿਰ 'ਆਦਿ ਪੁਰਖ ਸਦਾ ਤੁਹੀ' ਬਿਆਨ ਕਰਦੇ ਹਨ।੩।੮।

ਸਤਿਗੁਰੂ ਸਤਿਗੁਰੂ ਸਤਿਗੁਰੁ ਗੁਬਿੰਦ ਜੀਉ ॥ (ਭੱਟ ਗਯੰਦ ਜੀ ਦਸਦੇ ਹਨ ਕਿ ਮੇਰੀ ਨਜਰਾਂ ਵਿਚ) ਸੱਤਗੁਰੂ (ਰਾਮਦਾਸ ਜੀ) ਤਿੰਨਾਂ ਕਾਲਾਂ ਵਿਚ ਗੋਬਿੰਦ ਰੂਪ ਹਨ।

ਬਲਿਹਿ ਛਲਨ, ਸਬਲ ਮਲਨ, ਭਗ੍ਤਿ ਫਲਨ, ਕਾਨ੍ ਕੁਅਰ, ਨਿਹਕਲੰਕ ਬਜੀ ਡੰਕ, ਚੜ੍ਹੂ ਦਲ ਰਵਿੰਦ ਜੀਉ ॥ (ਗੁਰੂ ਰਾਮਦਾਸ ਜੀ ਹੀ) ਰਾਜਾ ਬਲ ਨੂੰ ਛਲਨ ਵਾਲੇ (ਬਾਵਨ ਰੂਪ) {ਬਾਵਨ ਰੂਪੁ ਕੀਆ ਤੁਧੁ ਕਰਤੇ...੧੦੮੨}, ਬਲ ਵਾਲੇ (ਹੰਕਾਰੀ ਦੈਂਤਾਂ ਨੂੰ) ਮਾਰਨ ਵਾਲੇ, (ਭਗਤਾਂ ਨੂੰ) ਭਗਤੀ ਦਾ ਫਲ ਦੇਣ ਵਾਲੇ, ਰਾਜ ਕੁਮਾਰ ਕ੍ਰਿਸ਼ਨ ਹਨ ਅਤੇ (ਭਵਿਖ ਵਿਚ ਪੈਦਾ ਹੋਣ ਵਾਲੇ) ਕਲਕੀ ਅਵਤਾਰ ਜਿਸ ਦਾ ਡੰਕਾ ਵਜਣਾ ਹੈ, (ਜਿਸਦੇ ਨਾਲ ਸੈਨਾਪਤੀ) ਸੂਰਜ ਚੰਦ ਦਾ ਦਲ ਚੜ੍ਹੇਗਾ; (ਸ਼ਬਦਾਰਥ; ਭਾ. ਵੀਰ ਸਿੰਘ; ਸੰ. ਸ.; ਫ. ਸ.); (ਗੁਰੂ ਜੀ) ਕਲੰਕ ਰਹਿਤ ਹਨ, (ਸਾਰੇ ਪਾਸੇ ਆਪ ਜੀ ਦਾ) ਡੰਕਾ ਵਜ ਰਿਹਾ ਹੈ, (ਆਪ ਜੀ ਦੀ ਸੋਭਾ ਵਧਾਉਣ ਲਈ) ਸੂਰਜ ਚੰਦ ਦਾ ਦਲ (ਤਾਰਿਆਂ ਸਮੇਤ ਰੋਜ ਅਕਾਸ਼ ਵਿਚ) ਚੜ੍ਹਦੇ ਹਨ (ਦਰਪਣ; ਸੰ. ਸ.)।

ਰਾਮ ਰਵਣ, ਦੁਰਤ ਦਵਣ, ਸਕਲ ਭਵਣ, ਕੁਸਲ ਕਰਣ, ਸਰਬ ਭੂਤ, ਆਪਿ ਹੀ ਦੇਵਾਧਿ ਦੇਵ, ਸਹਸ ਮੁਖਿ ਫਨਿੰਦ ਜੀਉ ॥ (ਗੁਰੂ ਰਾਮਦਾਸ ਜੀ) ਵਾਹਿਗੁਰੂ ਨਾਮ ਦਾ ਸਿਮਰਨ ਕਰਨ ਵਾਲੇ, ਪਾਪਾਂ ਦੇ ਨਾਸ਼ ਕਰਨ ਵਾਲੇ, ਸਭ ਥਾਂਵਾਂ ਤੇ ਸੁੱਖ ਵਰਤਾਉਣ ਵਾਲੇ ਹਨ, ਸਾਰੇ ਜੀਵਾਂ ਵਿਚ (ਸਰਬ ਜੀਵ ਰੂਪ ਆਪ ਜੀ) ਹੀ ਹਨ, ਸਾਰੇ ਦੇਵਤਿਆਂ ਦੇ ਦੇਵਤਾ, ਹਜਾਰਾਂ ਮੂਹਾਂ ਵਾਲਾ ਸ਼ੇਸਨਾਗ ਵੀ ਆਪ ਜੀ ਹੀ ਹਨ (ਜਾਂ ਹਜਾਰ ਮੂੰਹਾਂ ਰਾਹੀਂ ਸ਼ੇਸਨਾਗ ਆਪ ਦਾ ਹੀ ਨਾਮ ਜਪਦਾ ਹੈ)।

ਜਰਮ ਕਰਮ, ਮਛ ਕਛ ਹੁਅ ਬਰਾਹ, ਜਮੁਨਾ ਕੈ ਕੂਲਿ, ਖੇਲੁ ਖੇਲਿਓ ਜਿਨਿ ਗਿੰਦ ਜੀਉ ॥ (ਆਪ ਨੇ ਹੀ) ਮੱਛ ਕੱਛੂ ਅਤੇ ਵਰਾਹ ਦਾ ਜਨਮ ਲੈ ਕੇ (ਜੀਵਾਂ ਦੇ ਉਧਾਰ ਕਰਨ ਦੇ ਅਲੌਕਿਕ) ਕਰਮ ਕੀਤੇ, (ਫਿਰ ਕ੍ਰਿਸ਼ਨ ਦਾ ਅਵਤਾਰ ਲੈ ਕੇ) ਜਿਸ ਨੇ ਜਮੁਨਾ ਦੇ ਕੰਢੇ ਗੇਂਦ ਦੀ ਖੇਡ ਖੇਡੀ ਸੀ।

ਨਾਮੁ ਸਾਰੁ, ਹੀਏ ਧਾਰੁ, ਤਜੁ ਬਿਕਾਰੁ, ਮਨ ਗਯੰਦ, ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥੪॥੯॥ ਹੇ ਗਯੰਦ ਦੇ ਮਨ! (ਗੁਰੂ ਰਾਮਦਾਸ ਜੀ ਦਾ) ਸ੍ਰੇਸਟ ਨਾਮ ਹਿਰਦੇ ਵਿਚ ਧਾਰ ਲੈ ਅਤੇ ਬਿਕਾਰ ਛੱਡ ਦੇਹ, (ਕਿਉਂਕਿ ਇਹੋ) ਸੱਤਗੁਰੂ ਜੀ ਤਿੰਨਾਂ ਕਾਲਾਂ ਵਿਚ ਗੋਬਿੰਦ (ਵਾਹਿਗੁਰੂ) ਦਾ ਰੂਪ ਹਨ।੪।੯।

ਪਦਾਰਥ = ਬਲਿਹਿ-ਰਾਜਾ ਬਲ ਨੂੰ।ਛਲਨ-ਛਲਣ ਵਾਲਾ।ਸਬਲ-(ਸ-ਬਲ ਬੋਲੋ) ਬਲ ਵਾਲੇ (ਹੰਕਾਰੀਆਂ ਨੂੰ)।ਮਲਨ-ਮਸਲਣ ਵਾਲਾ।ਭਗ੍ਤਿ ਫਲਨ-ਭਗਤੀ ਦਾ ਫਲ ਦੇਣ ਵਾਲਾ।ਕਾਨ੍ ਕੁਅਰ-(ਕੁਆਰ ਪੜ੍ਹਨਾ ਅਸ਼ੁੱਧ ਹੈ) ਰਾਜ ਕੁਮਾਰ ਕ੍ਰਿਸ਼ਨ (ਕਾਨ੍ਹ ਬਚਪਨ ਦਾ ਨਾਮ ਸੀ)।ਨਿਹਕਲੰਕ-ਕਲਜੁਗ ਦੇ ਅੰਤ ਸਮੇਂ ਹੋਣ ਵਾਲਾ ਕਲਕੀ ਅਵਤਾਰ; ਕਲੰਕ ਰਹਿਤ।ਬਜੀ ਡੰਕ-ਧੌਂਸਿਆਂ ਤੇ ਚੋਟ ਬਜੇਗੀ।ਚੜ੍ਹੂ-ਚੜ੍ਹੇਗਾ।ਦਲ-ਫੌਜਾਂ ਦਾ ਦਲ।ਰਵਿੰਦ-ਰਵ+ਇੰਦ-ਸੂਰਜ ਚੰਦ।ਰਵਣ-ਜਪਣ ਵਾਲੇ।ਦੁਰਤ-ਪਾਪ।ਦਵਣ-ਨਾਸ਼ ਕਰਨ ਵਾਲਾ।ਸਕਲ ਭਵਣ-ਸਭ ਥਾਂਵਾਂ ਤੇ; ਸਭ ਦੇ ਘਰਾਂ ਵਿਚ।ਕੁਸਲ ਕਰਣ-ਸੁੱਖ ਵਰਤਾਉਣ ਵਾਲੇ।ਸਰਬ ਭੂਤ-ਸਾਰੇ ਜੀਵਾਂ; ਸਰਬ ਜੀਵ ਰੂਪ।ਦੇਵਾਧਿ ਦੇਵ-ਦੇਵਤਿਆਂ ਦਾ ਦੇਵਤਾ (ਪ੍ਰਭੂ)।ਸਹਸ ਮੁਖਿ-ਹਜਾਰ ਮੂੰਹ ਵਾਲਾ।ਫਨਿੰਦ-ਸ਼ੇਸਨਾਗ।ਜਰਮ-ਜਨਮ। ਕਰਮ-ਕੰਮ।ਹੁਅ-(ਹੋਇ ਨਾ ਬੋਲੋ) ਹੋ ਕੇ; ਲੈ ਕੇ।ਬਰਾਹ-ਸੂਰ (ਅਵਤਾਰ)।ਜਮਨਾ ਕੈ-ਜਮਨਾ ਨਦੀ ਦੇ।ਕੂਲਿ-ਕੰਢੇ ਤੇ।ਖੇਲੁ ਖੇਲਿਓ-ਖੇਡ ਖੇਡੀ।ਜਿਨਿ-ਜਿਸ ਨੇ।ਗਿੰਦ-ਗੇਂਦ; ਖੁੱਦੋ।ਸਾਰੁ-ਸ੍ਰੇਸਟ।ਹੀਏ-ਹਿਰਦੇ ਵਿਚ।ਧਾਰੁ-ਧਾਰ (ਟਿਕਾ) ਲੈ।ਤਜੁ-ਛਡ

ਦੇਹ।ਮਨ ਗਯੰਦ-(ਗਇਅੰਦ ਬੋਲੋ) ਹੇ ਭੱਟ ਗਯੰਦ ਦੇ ਮਨ! ।੪।੯।

ਵਿਅਖਿਆ = ਹਿੰਦੂ ਲੋਕ ਕ੍ਰਿਸ਼ਨ ਜੀ ਨੂੰ ਨਿਰਗੁਣ ਗੋਬਿੰਦ ਦਾ ਸਰਗੁਣ ਰੂਪ ਮੰਨਦੇ ਹਨ।ਭੱਟ ਜੀ ਵਰਨਣ ਕਰਦੇ ਹਨ, ਹੇ ਗੁਰੂ ਰਾਮਦਾਸ ਜੀ! ਮੈਨੂੰ ਤਾਂ ਤੁਸੀਂ ਹੀ ਕ੍ਰਿਸ਼ਨ ਬਾਵਨ ਮਛ ਕਛ ਬਰਾਹ ਦੇ ਰੂਪ ਦਿਖ ਰਹੇ ਹੋ।ਅਤੇ ਭਵਿਖ ਵਿਚ ਪੈਦਾ ਹੋਣ ਵਾਲੇ ਕਲਕੀ ਵੀ ਤੁਸੀਂ ਹੀ ਹੋਵੋਗੇ।ਬਲ ਵਾਲੇ ਹੰਕਾਰੀ ਦੈਂਤਾਂ ਨੂੰ ਮਾਰ ਕੇ ਸਭ ਜਗ੍ਹਾ ਸੁੱਖ ਵਰਤਾਉਣ ਵਾਲੇ, ਭਗਤਾਂ ਨੂੰ ਫਲ ਦੇਣ ਵਾਲੇ ਤੁਸੀਂ ਹੀ ਹੋ।ਸਥੂਲ ਮੰਡਲ ਦੇ ਸਾਰੇ ਅਵਤਾਰ ਬੀਜ ਰੂਪ ਵਿਚ ਗੁਰੂ ਜੀ ਵਿਚ ਪ੍ਰਗਟ ਹਨ, ਉਵੇਂ ਹੀ ਸੂਖਮ ਸਰੂਪ ਜਿਸ ਦੇ ਇਹ ਕੌਤਕ ਹਨ, ਉਹ ਸਰਬ ਵਿਆਪਕ ਪਾਪ ਨਾਸ਼ਕ ਅਨੰਦ ਪ੍ਰਕਾਸ਼ਕ ਨਿਰਗੁਣ ਨਿਰੰਕਾਰ ਭੀ ਗੁਰੂ ਰਾਮਦਾਸ ਜੀ ਵਿਚ ਪ੍ਰਗਟ ਹੈ।ਭੱਟ ਗਯੰਦ ਜੀ ਗੁਰੂ ਰਾਮਦਾਸ ਜੀ ਦੀ ਸਿਫਤ ਕਰਦੇ ਹਨ।ਆਦਿ ਅਨੰਤ ਨਿਰੰਕਾਰ ਦਾ ਰੂਪ ਜਾਣ ਕੇ ਜੋ ਜੋ ਸਿਫਤਾਂ ਲੋਕ ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਦੀ ਕਰਦੇ ਆਏ ਸਨ, ਉਸ ਤਰ੍ਹਾਂ ਦੀ ਸਿਫਤ ਇਹ ਭੱਟ ਗੁਰੂ ਜੀ ਦੀ ਕਰਦਾ ਹੈ।ਉਨ੍ਹਾਂ ਵਿਚ ਗੁਰੂ ਰਾਮਦਾਸ ਜੀ ਦੀ ਸ਼ਕਤੀ ਨੂੰ ਹੀ ਕੰਮ ਕਰਦਾ ਦੇਖਦਾ ਹੈ।੪।੯।

ਸਿਰੀ ਗੁਰੂ ਸਿਰੀ ਗੁਰੂ, ਸਿਰੀ ਗੁਰੂ ਸਤਿ ਜੀਉ ॥ ਸ੍ਰੀ ਗੁਰੂ (ਰਾਮਦਾਸ ਜੀ) ਤਿੰਨਾਂ ਕਾਲਾਂ ਵਿਚ ਸੱਤ (ਸਦਾ ਥਿਰ) ਸਰੂਪ ਹਨ।

ਗੁਰ ਕਹਿਆ ਮਾਨੁ, ਨਿਜ ਨਿਧਾਨੁ, ਸਚੁ ਜਾਨੁ ਮੰਤ੍ਰੁ ਇਹੈ, ਨਿਸਿ ਬਾਸੁਰ ਹੋਇ ਕਲ੍ਯ੍ਯਾਨ, ਲਹਹਿ ਪਰਮ ਗਤਿ ਜੀਉ ॥ ਗੁਰੂ ਦਾ ਕਿਹਾ (ਹੋਇਆ ਉਪਦੇਸ਼) ਮੰਨ, (ਏਹੀ ਅਸਲੀ) ਅਪਨਾ ਖਜਾਨਾ ਹੈ, ਇਸੇ ਨੂੰ ਸਚਾ ਮੰਤ੍ਰ ਸਮਝ, ਦਿਨ ਰਾਤ (ਜਪ, ਇਸ ਨਾਲ ਤੈਨੂੰ) ਸੁਖ ਹੋਵੇਗਾ ਅਤੇ ਅੰਤ ਮੁਕਤੀ ਮਿਲੇਗੀ।

ਕਾਮੁ ਕ੍ਰੋਧੁ ਲੋਭੁ ਮੋਹੁ, ਜਣ ਜਣ ਸਿਉ ਛਾਡੁ ਧੋਹੁ, ਹਉਮੈ ਕਾ ਫੰਧੁ ਕਾਟੁ, ਸਾਧ ਸੰਗਿ ਰਤਿ ਜੀਉ ॥ ਕਾਮ ਕ੍ਰੋਧ ਲੋਭ ਮੋਹ ਅਤੇ ਜਣੇ ਖਣੇ ਨਾਲ ਧੋਖਾ ਕਰਨਾ ਛਡ ਦੇਹ, ਹਉਮੈ ਦਾ ਫੰਧਾ ਕਟ ਦੇਹ ਤੇ ਸਾਧ ਸੰਗਤ ਵਿਚ ਪ੍ਰੇਮ ਪਾ।

ਦੇਹ ਗੇਹੁ ਤ੍ਰਿਅ ਸਨੇਹੁ, ਚਿਤ ਬਿਲਾਸੁ ਜਗਤ ਏਹੁ, ਚਰਨ ਕਮਲ ਸਦਾ ਸੇਉ, ਦ੍ਰਿੜਤਾ ਕਰੁ ਮਤਿ ਜੀਉ ॥ ਸਰੀਰ, ਘਰ, ਇਸਤ੍ਰੀ ਦਾ ਪਿਆਰ ਤੇ ਸੰਸਾਰ ਇਹ (ਸਭ ਕੁਝ) ਮਨ ਦੇ ਹੀ ਪ੍ਰਚਾਵੇ ਹਨ, (ਸਾਰੀ ਖੇਡ ਮਨ ਤੋਂ ਪੈਦਾ ਹੋਈ ਹੈ); ਚੇਤਨ ਪ੍ਰਭੂ ਦੀ ਖੇਡ ਹੈ, (ਤੂੰ ਇਸ ਵਿਚ ਰਚਣ ਦੀ ਥਾਂ, ਗੁਰੂ ਦੇ) ਪਵਿਤ੍ਰ ਚਰਨਾਂ ਦੀ ਸਦਾ ਸੇਵਾ ਕਰ, ਇਹੋ ਸਿਖਿਆ ਪੱਕੀ ਤਰ੍ਹਾਂ ਗ੍ਰਹਿਣ ਕਰ (ਸ਼ਬਦਾਰਥ); ਬੁੱਧੀ ਵਿਚ ਐਸੀ ਭਾਵਨਾ ਦ੍ਰਿੜ ਕਰ।

ਨਾਮੁ ਸਾਰੁ ,ਹੀਏ ਧਾਰੁ ਤਜੁ ਬਿਕਾਰੁ, ਮਨ ਗਯੰਦ, ਸਿਰੀ ਗੁਰੂ ਸਿਰੀ ਗੁਰੂ, ਸਿਰੀ ਗੁਰੂ ਸਤਿ ਜੀਉ ॥੫॥੧੦॥ ਹੇ ਗਯੰਦ ਦੇ ਮਨ! (ਸੱਤਗੁਰੂ ਦਾ) ਸ੍ਰੇਸਟ ਨਾਮ ਹਿਰਦੇ ਵਿਚ ਧਾਰ ਲੈ, ਬਿਕਾਰ ਛੱਡ ਦੇਹ, ਸ੍ਰੀ ਗੁਰੂ (ਰਾਮਦਾਸ ਜੀ) ਤਿੰਨਾਂ ਕਾਲਾਂ ਵਿਚ ਸੱਤ ਸਰੂਪ (ਸਦਾ ਥਿਰ ਰਹਿਣ ਵਾਲੇ) ਹਨ।੫।੧੦।

ਪਦਾਰਥ = ਸਤਿ-ਅਟੱਲ; ਸਦਾ ਕਾਇਮ ਰਹਿਣ ਵਾਲਾ।ਕਹਿਆ-ਬਚਨ; ਕਿਹਾ ਉਪਦੇਸ਼।ਮਾਨੁ-ਮੰਨ।ਨਿਜ-ਅਪਣਾ।ਨਿਧਾਨੁ-ਖਜਾਨਾ।ਨਿਸਿ-ਰਾਤ।ਬਾਸੁਰ-ਦਿਨ।ਕਲ੍ਯ੍ਯਾਨ-(ਕਲਿਆਨ ਪੜ੍ਹੋ) ਸੁੱਖ।ਲਹਹਿ-ਮਿਲੇਗਾ।ਪਰਮ ਗਤਿ-ਜਨਮ ਮਰਨ ਤੋਂ ਰਹਿਤ ਹੋ ਕੇ ਨਿਰੰਕਾਰ ਵਿਚ ਲੀਨ ਹੋਣ ਵਾਲੀ ਅਵਸਥਾ।ਜਣ ਜਣ ਸਿਉ-ਜਣੇ ਖਣੇ (ਹਰ ਇਕ) ਨਾਲ।ਧੋਹੁ-ਛਲ; ਧੋਖਾ।ਫੰਧੁ-ਫੰਧਾ।ਰਤਿ-ਪਿਆਰ।ਦੇਹ-ਸਰੀਰ।ਗੇਹੁ-ਘਰ।ਤ੍ਰਿਅ ਸਨੇਹੁ-ਇਸਤ੍ਰੀ ਦਾ ਪਿਆਰ।ਚਿਤ ਬਿਲਾਸੁ-ਮਨ ਦਾ ਪ੍ਰਚਾਵਾ; ਖੇਡ; ਚੇਤਨ ਹਰੀ ਦੀ ਖੇਡ ।ਸੇਉ-ਸੇਵਾ ਕਰ।ਦ੍ਰਿੜਤਾ ਕਰਿ-ਦ੍ਰਿੜ (ਪੱਕੀ) ਕਰ।ਮਤਿ-ਬੁੱਧੀ; ਸਿਖਿਆ।ਸਾਰੁ-ਸ੍ਰੇਸਟ।ਹੀਏ ਧਾਰੁ-ਹਿਰਦੇ ਵਿਚ ਧਾਰਨ ਕਰ ।ਤਜੁ-ਛਡ ਦੇਹ।ਗਯੰਦ-(ਭੱਟ ਕਵੀ ਰਾਜ) ਗਇਅੰਦ।੫।੧੦।

ਵਿਆਖਿਆ = ਗੁਰੂ ਦੇ ਉਚਾਰੇ ਹੋਏ ਬਚਨ ਮੰਨਣ ਨਾਲ ਸੁਖ ਅਤੇ ਮੁਕਤੀ ਮਿਲਦੇ ਹਨ।ਬਚਨ ਮੰਨਣ ਦੇ ਰਾਹ ਵਿਚ ਦੋ ਰੋਕਾਂ ਹਨ ।ਤਮੋ ਗੁਣੀ ਬ੍ਰਿਤੀਆਂ ਕਾਮ ਆਦਿਕ ਅੰਦਰ ਦੀਆਂ ਰੋਕਾਂ ਹਨ ਅਤੇ ਬਾਹਰ ਦੀਆਂ ਇਸਤ੍ਰੀ ਦਾ ਪਿਆਰ, ਘਰ ਤੇ ਸਰੀਰ ਆਦਿ। ਇਨ੍ਹਾਂ ਦੇ ਵਸ ਹੋ ਕੇ ਸਭ ਨਾਲ ਛਲ ਕਰਦਾ ਹੈ।ਇਨ੍ਹਾਂ ਰੋਕਾਂ ਤੋਂ ਸੱਤ ਸੰਗਤ ਦੇ ਪ੍ਰਭਾਵ ਕਰਕੇ ਬਚੀਦਾ ਹੈ।

ਚਿਤ ਬਿਲਾਸੁ ਜਗਤ ਏਹੁ = (ਦਾ ਅਰਥ ਇਹ ਵੀ ਹੈ) ਇਹ ਜਗਤ ਮਨ ਦੀ ਖੇਡ (ਕੌਤਕ) ਮਾਤ੍ਰ ਹੀ ਹੈ।੫।੧੦।

ਸੇਵਕ ਕੈ ਭਰਪੂਰ ਜੁਗੁ ਜੁਗੁ, ਵਾਹਗੁਰੂ ਤੇਰਾ ਸਭੁ ਸਦਕਾ ॥ ਧੰਨ ਹੈਂ, ਹੇ ਗੁਰੂ! ਹਰੇਕ ਜੁਗ ਤੋਂ ਸੇਵਕਾਂ ਦੇ ਭੰਡਾਰੇ ਭਰਨ ਵਾਲੇ ਹੋ, (ਇਹ ਸਭ) ਤੇਰਾ ਪ੍ਰਤਾਪ ਹੈ; ਹੇ ਵਾਹਿਗੁਰੂ! ਸੇਵਕਾਂ ਦੇ ਖਜਾਨੇ ਸਦਾ ਹੀ ਭਰਪੂਰ ਰਹਿੰਦੇ ਹਨ, (ਇਹ ਸਭ) ਤੇਰਾ ਸਦਕਾ ਹੈ।

ਨਿਰੰਕਾਰੁ ਪ੍ਰਭੁ ਸਦਾ ਸਲਾਮਤਿ, ਕਹਿ ਨ ਸਕੈ ਕੋਊ ਤੂ ਕਦ ਕਾ ॥ ਬ੍ਰਹਮਾ ਬਿਸਨੁ ਸਿਰੇ ਤੈ ਅਗਨਤ, ਤਿਨ ਕਉ ਮੋਹੁ ਭਯਾ ਮਨ ਮਦ ਕਾ ॥ ਹੇ ਨਿਰੰਕਾਰ! ਤੂੰ ਸਦਾ ਕਾਇਮ ਰਹਿਣ ਵਾਲਾ ਹੈ, ਕੋਈ ਵੀ ਨਹੀ ਆਖ ਸਕਦਾ ਕਿ ਤੂੰ ਕਦੋਂ ਦਾ (ਪੈਦਾ ਹੋਇਆ ਹੋਇਆ) ਹੈਂ।ਤੂੰ ਅਣ ਗਿਣਤ ਬ੍ਰਹਮਾ ਤੇ ਵਿਸ਼ਨੂੰ ਪੈਦਾ ਕੀਤੇ ਹਨ, (ਪਰ ਤੈਥੋਂ ਭੁੱਲ ਕੇ) ਉਨ੍ਹਾਂ ਨੂੰ ਮੋਹ ਅਤੇ ਮਨ ਦਾ ਹੰਕਾਰ ਹੋ ਗਿਆ। ਕੋਟਿ ਬਿਸਨ ਕੀਨੇ ਅਵਤਾਰ।ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ।(੧੧੫੬)

ਚਵਰਾਸੀਹ ਲਖ ਜੋਨਿ ਉਪਾਈ, ਰਿਜਕੁ ਦੀਆ ਸਭ ਹੂ ਕਉ ਤਦ ਕਾ ॥ ਸੇਵਕ ਕੈ ਭਰਪੂਰ ਜੁਗੁ ਜੁਗੁ, ਵਾਹਗੁਰੂ ਤੇਰਾ ਸਭੁ ਸਦਕਾ

॥੧॥੧੧॥ (ਫਿਰ ਆਪ ਨੇ) ਚੁਰਾਸੀ ਲਖ ਜੂਨ ਪੈਦਾ ਕੀਤੀ, ਓਦੋਂ ਦਾ ਹੀ (ਉਸ ਦਿਨ ਤੋਂ ਲੈ ਕੇ) ਸਭ ਜੀਵਾਂ ਨੂੰ ਰਿਜਕ (ਖਾਣ ਪੀਣ ਲਈ) ਦਿਤਾ ਹੋਇਆ ਹੈ। ਹੇ ਅਚਰਜ ਗੁਰੂ! ਹਰੇਕ ਜੁਗ ਤੋਂ ਸੇਵਕਾਂ ਦੇ ਖਜਾਨੇ ਭਰਨ ਵਾਲੇ ਹੋ (ਇਹ ਸਭ) ਤੇਰਾ ਪ੍ਰਤਾਪ ਹੈ; ਹੇ ਗੁਰੂ! ਤੂੰ ਧੰਨ ਹੈਂ, ਤੂੰ ਅਪਣੇ ਸੇਵਕਾਂ ਦੇ ਹਿਰਦੇ ਵਿਚ ਹਰੇਕ ਜੁਗ ਤੋਂ ਭਰਪੂਰ (ਹਾਜਰ ਨਾਜਰ) ਹੈਂ, ਤੇਰੀ ਹੀ ਸਾਰੀ ਬਰਕਤ ਹੈ (ਦਰਪਣ)।੧।੧੧।

ਪਦਾਰਥ = ਸੇਵਕ ਕੈ-ਸੇਵਕਾਂ ਦੇ। ਭਰਪੂਰ-ਭਰਨ ਵਾਲਾ; ਭਰਿਆ ਹੋਇਆ; ਵਿਆਪਕ। ਜੁਗੁ ਜੁਗੁ-ਹਰੇਕ ਜੁਗ ਤੋਂ (ਜੁੱਗਾਂ ਜੁੱਗਾਂ ਤੋਂ ਅਰਥ ਨਹੀ ਹੋ ਸਕਦਾ); ਸਦੀਵ ਕਾਲ ਤੋਂ। ਵਾਹ ਗੁਰੂ-ਧੰਨ ਹੈ ਗੁਰੂ। ਸਦਕਾ-ਆਸਰਾ; ਪ੍ਰਤਾਪ; ਬਰਕਤ। ਸਲਾਮਤਿ-ਸਦਾ ਥਿਰ (ਸਦਾ ਕਾਇਮ ਰਹਿਣ ਵਾਲਾ)। ਕੋਉ-ਕੋਈ। ਕਦ ਕਾ-ਕਦੋਂ ਦਾ। ਸਿਰੇ ਤੈ-ਤੂੰ ਹੀ ਪੈਦਾ ਕੀਤੇ ਹਨ। ਅਗਨਤ-ਅਣ ਗਿਣਤ। ਮੋਹੁ ਭਯਾ-(ਮਾਇਆ ਦਾ) ਮੋਹ ਹੋ ਗਿਆ। ਮਨ ਮਦ ਕਾ-ਮਨ ਦਾ ਹੰਕਾਰ। ਉਪਾਈ-ਪੈਦਾ ਕੀਤੀ। ਰਿਜਕ-ਖਾਧ ਖੁਰਾਕ। ਸਭਹੂ ਕਉ-ਸਾਰੇ ਜੀਵਾਂ ਨੂੰ। ਤਦ ਕਾ-ਉਦੋਂ ਦਾ (ਜਦ ਤੋਂ ਪੈਦਾ ਕੀਤੀ)।੧।੧੧।

ਵਿਆਖਿਆ = ਸੇਵਕਾਂ ਦੇ (ਦਿਲਾਂ ਵਿਚ ਨਿਸਚਾ ਹੈ ਕਿ) ਆਪ ਜੀ ਹਰੇਕ ਜੁਗ ਤੋਂ ਸਾਰੇ ਸੰਸਾਰ ਵਿਚ (ਵਿਆਪਕ) ਪੂਰਨ ਹੋ; ਹਰੇਕ ਜੁਗ ਤੋਂ ਸੇਵਕਾਂ ਦੀ ਆਸਾਂ ਪੂਰਨ ਕਰਨ ਵਾਲੇ ਹੋ। ਵਾਹਿਗੁਰੂ ਅਤੇ ਗੁਰੂ ਇਕ ਰੂਪ ਹਨ। ਵਾਹਿਗੁਰੂ ਅਨਾਦੀ ਹੈ, ਕੋਈ ਨਹੀ ਜਾਣਦਾ ਕਿ ਉਹ ਕਦੋਂ ਪੈਦਾ ਹੋਇਆ। ਸਭ ਨੂੰ ਰਿਜਕ ਦੇਣਾ ਉਸਦਾ ਬਿਰਦ ਹੈ। ਬ੍ਰਹਮਾ ਬਿਸਨੂੰ ਆਦਿ ਦੇਵਤੇ ਵੀ ਉਸੇ ਨੇ ਪੈਦਾ ਕੀਤੇ ਹਨ, ਪਰ ਅਪਣੀ ਪੂਜਾ ਹੁੰਦੀ ਦੇਖ ਕੇ ਮਨ ਵਿਚ ਮੋਹ ਅਤੇ ਹੰਕਾਰ ਹੋ ਗਿਆ। ਮਛ ਕਛ ਬਰਾਹ ਰਾਮ ਕ੍ਰਿਸ਼ਨ ਜਿਤਨੇ ਵੀ ਗਿਣੇ ਹਨ, ਸਭ ਵਿਸ਼ਨੂੰ ਦੇ ਅਵਤਾਰ ਹਨ। ਇਨ੍ਹਾਂ ਵਿਚ ਰੱਬੀ ਤਾਕਤ ਜਰੂਰ ਹੈ, ਪਰ ਰੱਬ ਨਹੀ ਹਨ। ਰੱਬ ਸਭ ਦੇ ਉਪਰ ਹੈ।

ਛੰਦ ਦੀ ਚਾਲ ਬਦਲਣ ਕਰਕੇ ਛੋਟਾ ਅੰਕ ਬਦਲਿਆ ਹੈ ਪਰ ਅਗਲੇ ਦੋ ਸਵੱਯੇ ਵੀ ਗਯੰਦ ਭੱਟ ਦੇ ਹੀ ਹਨ।

ਵਾਹੁ ਵਾਹੁ ਕਾ ਬਡਾ ਤਮਾਸਾ ॥ ਧੰਨਤਾ ਯੋਗ, ਅਚਰਜ ਕਰਤਾਰ (ਵਿਰੋਧੀ ਪੰਜਾਂ ਤੱਤਾਂ ਨੂੰ ਮੇਲ ਕੇ ਜਗਤ ਰਚਨਾ) ਦਾ ਵੱਡਾ ਖੇਲ (ਹੋ ਰਿਹਾ) ਹੈ; ਧੰਨਤਾ ਯੋਗ ਗੁਰੂ (ਰਾਮਦਾਸ ਜੀ) ਦਾ (ਸੰਸਾਰ ਰੂਪ) ਵੱਡਾ ਖੇਲ ਹੋ ਰਿਹਾ ਹੈ (ਦਰਪਣ)।

ਆਪੇ ਹਸੈ ਆਪਿ ਹੀ ਚਿਤਵੈ, ਆਪੇ ਚੰਦੁ ਸੂਰੁ ਪਰਗਾਸਾ ॥ (ਪ੍ਰਭੂ ਦਾ ਰੂਪ ਗੁਰੂ) ਆਪ ਹੀ (ਖੇਲ ਨੂੰ ਦੇਖ ਕੇ) ਪ੍ਰਸੰਨ ਹੁੰਦਾ ਹੈ, ਆਪੇ ਹੀ (ਖੇਲ ਨੂੰ) ਵਿਚਾਰਦਾ ਹੈ, ਆਪੇ ਚੰਦ ਸੂਰਜ ਨੂੰ (ਅਪਣੀ ਸੱਤਾ ਦਾ) ਪ੍ਰਕਾਸ਼ ਦੇ ਰਿਹਾ ਹੈ।

ਆਪੇ ਜਲੁ ਆਪੇ ਥਲੁ ਥੰਮ੍ਹਨੁ, ਆਪੇ ਕੀਆ ਘਟਿ ਘਟਿ ਬਾਸਾ ॥ (ਪ੍ਰਭੂ ਰੂਪ ਗੁਰੂ) ਆਪੇ ਜਲ ਰੂਪ ਹੈ ਆਪੇ ਉਸ ਜਲ ਨੂੰ ਠਹਿਰਾਉਣ ਲਈ ਧਰਤੀ ਰੂਪ ਹੈ (ਆਪੇ ਅਪਣੀ ਸ਼ਕਤੀ ਦੁਆਰਾ ਧਰਤੀ ਦਾ ਬਹਾਨਾ ਪਾ ਕੇ ਜਲ ਨੂੰ ਰੋਕੀ ਖੜਾ ਹੈ (ਸੰ.ਸ.); ਧਰਤੀ ਤੇ ਜਲ ਨੂੰ ਠਹਿਰਾਉਣ ਵਾਲਾ ਆਸਰਾ ਰੂਪ ਵੀ ਆਪੇ ਹੈ ਅਤੇ ਆਪੇ ਹੀ ਹਰੇਕ ਸਰੀਰ ਵਿਚ ਵਾਸਾ ਕੀਤਾ ਹੋਇਆ ਹੈ।

ਆਪੇ ਨਰੁ ਆਪੇ ਫੁਨਿ ਨਾਰੀ, ਆਪੇ ਸਾਰਿ ਆਪ ਹੀ ਪਾਸਾ ॥ ਗੁਰਮੁਖਿ ਸੰਗਤਿ ਸਭੈ ਬਿਚਾਰਹੁ, ਵਾਹੁ ਵਾਹੁ ਕਾ ਬਡਾ ਤਮਾਸਾ ॥੨॥੧੨॥ ਆਪ ਹੀ ਪੁਰਖ, ਫਿਰ ਆਪ ਹੀ ਇਸਤ੍ਰੀ ਰੂਪ ਹੈ ਅਤੇ ਆਪ ਹੀ ਜੀਵ ਰੂਪ ਨਰਦਾਂ, ਆਪ ਹੀ ਤਿੰਨ ਗੁਣਾਂ (ਜਾਂ ਚਾਰ ਖਾਣੀਆਂ) ਰੂਪ ਪਾਸਾ ਹੈ। ਹੇ ਗੁਰਮੁਖੋ! ਸੰਗਤ ਵਿਚ ਸਾਰੇ ਰਲ ਕੇ (ਐਸੇ ਵਾਹਿਗੁਰੂ ਦਾ) ਬਿਚਾਰ ਕਰੋ, (ਜਿਸ) ਧੰਨਤਾ ਯੋਗ ਅਚਰਜ ਕਰਤਾਰ ਦਾ ਵੱਡਾ ਭਾਰੀ ਅਚਰਜ ਖੇਲ ਹੋ ਰਿਹਾ ਹੈ (ਉਸ ਕਰਤਾਰ ਦਾ ਰੂਪ ਗੁਰੂ ਰਾਮਦਾਸ ਜੀ ਹਨ)।੨।੧੨।

ਪਦਾਰਥ = ਵਾਹੁ-ਅਜਰਜ ਰੂਪ ਜਾਂ ਧੰਨਤਾ ਯੋਗ ਨਿਰੰਕਾਰ। ਤਮਾਸਾ-ਸੰਸਾਰ ਰਚਨਾ ਦਾ ਖੇਲ। ਚਿਤਵੈ-ਵਿਚਾਰਦਾ ਹੈ। ਸੂਰੁ-ਸੂਰਜ। ਥਲੁ-ਧਰਤੀ। ਥੰਮਨੁ-ਆਸਰਾ; ਥੰਮ। ਘਟਿ ਘਟਿ-ਹਰ ਸਰੀਰ ਵਿਚ। ਬਾਸਾ-ਨਿਵਾਸ। ਨਰੁ-ਮਨੁੱਖ ਰੂਪ। ਫੁਨਿ-ਫਿਰ; ਅਤੇ। ਨਾਰੀ-ਇਸਤ੍ਰੀ ਰੂਪ। ਸਾਰਿ-ਨਰਦਾਂ। ਪਾਸਾ-ਚੌਪੜ ਦੀ ਬਾਜੀ ਖੇਡਣ ਲਈ ਛੋਟੀਆਂ ਛੋਟੀਆਂ ਚਾਰ ਕੋਣੀਆਂ ਟੁਕੜੀਆਂ, ਜਿਨ੍ਹਾਂ ਤੇ ਬਿੰਦੀਆਂ ਦੇ ਨਿਸ਼ਾਨ ਲੱਗੇ ਹੁੰਦੇ ਹਨ, ਖਿਲਾੜੀ ਇਨ੍ਹਾਂ ਨੂੰ ਸੁੱਟ ਕੇ ਬਿੰਦੀਆਂ ਦੇ ਹਿਸਾਬ ਨਾਲ ਗੋਟੀਆਂ ਦੀ ਚਾਲ ਚਲਦੇ ਹਨ। ਗੁਰਮਖਿ ਸੰਗਤਿ-ਹੇ ਗੁਰਮੁਖੋ! ਸੰਗਤ ਵਿਚ; ਗੁਰੂ ਦੀ ਸੰਗਤ ਵਿਚ; ਹੇ ਸੰਗਤ ਜੀ! ਗੁਰੂ ਦੁਆਰਾ। ਸਭੈ-ਸਾਰੇ।੨।੧੨।

ਕੀਆ ਖੇਲੁ ਬਡ ਮੇਲੁ ਤਮਾਸਾ, ਵਾਹਿਗੁਰੂ ਤੇਰੀ ਸਭ ਰਚਨਾ ॥ ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ, ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ॥ ਹੇ ਵਾਹਿਗੁਰੂ! (ਤੂੰ ਪੰਜ ਵਿਰੋਧੀ ਤੱਤਾਂ ਦਾ ਆਪਸ ਵਿਚ) ਵੱਡਾ ਮੇਲ (ਕਰਕੇ ਜਗਤ ਦਾ) ਖੇਲ ਰੂਪ ਤਮਾਸ਼ਾ ਬਣਾਇਆ ਹੈ, ਇਹ ਸਭ ਤੇਰੀ (ਰਚੀ ਹੋਈ) ਸ੍ਰਿਸਟੀ ਹੈ। ਤੂੰ ਜਲ ਵਿਚ, ਧਰਤੀ ਵਿਚ, ਅਕਾਸ਼ ਵਿਚ ਅਤੇ ਪਤਾਲ ਵਿਚ ਵਿਆਪਕ (ਸਭ ਥਾਂਵਾਂ ਤੇ ਪੂਰਨ) ਹੋ ਰਿਹਾ ਹੈਂ, ਜਿਸ (ਆਪ ਜੀ) ਦੇ ਅੰਮ੍ਰਿਤ ਤੋਂ ਵੀ ਮਿੱਠੇ ਬਚਨ ਹਨ।

ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ, ਕਾਲ ਕਾ ਕਾਲੁ ਨਿਰੰਜਨ ਜਚਨਾ ॥ ਬ੍ਰਹਮਾ ਆਦਿ (ਤੋਂ ਲੈ ਕੇ) ਅਤੇ ਸ਼ਿਵ ਆਦਿ (ਸਾਰੇ ਦੇਵਤੇ ਤੈਨੂੰ) ਪੂਜਦੇ ਹਨ, ਤੂੰ ਕਾਲ ਦਾ ਕਾਲ ਹੈਂ, ਮਾਯਾ ਤੋਂ ਨਿਰਲੇਪ ਹੈਂ, (ਇਹ ਸਾਰੇ ਤੈਨੂੰ) ਮੰਗਦੇ ਹਨ; ਹੇ ਕਾਲ ਦੇ ਕਾਲ ਨਿਰੰਜਨ ਰੂਪ! (ਸਾਰੇ ਤੈਥੋਂ ਹੀ) ਮੰਗਦੇ ਹਨ; ਕਾਲ ਤੇ ਕਾਲਕਾ (ਦੋਵੇਂ) ਹੇ ਨਿਰੰਜਨ! ਇਹ ਤੇਰੇ (ਜਾਚਕ) ਮੰਗਤੇ ਹਨ (ਭਾ.ਵੀਰ ਸਿੰਘ ਨੇ) ਕਾਲਕਾ ਕਾਲੁ (ਨੂੰ ਇਕੱਠਾ ਕਰਕੇ ਅਰਥ ਕੀਤਾ ਹੈ)।

ਅੰਗ ੧੪੦੪ = ਗੁਰ ਪ੍ਰਸਾਦਿ ਪਾਈਐ ਪਰਮਾਰਥੁ, ਸਤਸੰਗਤਿ ਸੇਤੀ ਮਨੁ ਖਚਨਾ ॥ (ਜਿਸ ਮਨੁੱਖ ਦਾ) ਮਨ ਸੱਤ ਸੰਗਤ ਨਾਲ ਜੜਿਆ (ਖਚਿਤ ਹੋ) ਜਾਂਦਾ ਹੈ, ਉਹ ਗੁਰੂ ਦੀ ਕ੍ਰਿਪਾ ਨਾਲ ਮੁਕਤੀ (ਆਤਮਾ ਦੀ ਕਲਿਆਣ ਦਾ ਰਸਤਾ) ਪਾ ਲੈਂਦਾ ਹੈ।

ਕੀਆ ਖੇਲੁ ਬਡ ਮੇਲੁ ਤਮਾਸਾ, ਵਾਹਗੁਰੂ ਤੇਰੀ ਸਭ ਰਚਨਾ ॥੩॥੧੩॥੪੨॥ ਹੇ ਅਚਰਜ ਗੁਰੂ ! ਤੂੰ (ਪੰਜਾਂ ਤੱਤਾਂ ਦਾ) ਵੱਡਾ ਮੇਲ (ਕਰ ਕੇ ਜਗਤ) ਤਮਾਸ਼ੇ ਦਾ ਖੇਲ ਕੀਤਾ (ਬਣਾਇਆ) ਹੈ, (ਇਹ) ਸਭ ਤੇਰੀ ਰਚਨਾ (ਸ੍ਰਿਸਟੀ ਰਚੀ ਹੋਈ) ਹੈ।੩।੧੩।੪੨।

ਪਦਾਰਥ = ਬਡ ਮੇਲੁ-(ਤੱਤਾਂ ਦਾ ਆਪਸੀ) ਵੱਡਾ ਮੇਲ।ਵਾਹਿਗੁਰੂ-ਹੇ ਅਚਰਜ ਰੂਪ ਗੁਰੂ।ਰਚਨਾ-ਸ੍ਰਿਸਟੀ।ਜਲਿ-ਪਾਣੀ ਵਿਚ। ਥਲਿ-ਧਰਤੀ ਵਿਚ।ਗਗਨਿ-ਅਕਾਸ਼ ਵਿਚ।ਪਯਾਲਿ-ਪਤਾਲ ਵਿਚ।ਪੂਰਿ ਰਹ੍ਯਾ-(ਰਹਿਆ ਉਚਾਰੋ) ਵਿਆਪਕ ਹੋ ਰਿਹਾ ਹੈ।ਤੇ-ਤੋਂ। ਬਚਨਾ-ਬਚਨ (ਬਾਣੀ)।ਮਾਨਹਿ-ਮੰਨਦੇ (ਪੂਜਦੇ) ਹਨ।ਬ੍ਰਹਮਾਦਿਕ-ਬ੍ਰਹਮਾ ਅਤੇ ਉਸ ਦੇ ਪੁਤ੍ਰ ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ ਆਦਿਕ।ਰੁਦ੍ਰਾਦਿਕ-ਸ਼ਿਵ ਜੀ, ਪਾਰਬਤੀ, ਗਣੇਸ਼ ਅਤੇ ਹੋਰ ਨਾਲ ਦੇ ਸਬੰਧਤ ਟੋਣਾ ਸ਼ੋਣਾ ਆਦਿ ਦੇਵਤੇ।ਕਾਲ ਕਾ ਕਾਲੁ-ਕਾਲ ਦਾ ਵੀ ਕਾਲ (ਕਾਲ ਨੂੰ ਮਾਰਨ ਵਾਲਾ)।ਨਿਰੰਜਨ-ਮਾਯਾ ਰਹਿਤ ਨਿਰੰਕਾਰ।ਜਚਨਾ-ਮੰਗਦੇ ਹਨ।ਗੁਰ ਪ੍ਰਸਾਦਿ-ਗੁਰੂ ਦੀ ਕਿਰਪਾ ਨਾਲ।ਪਰਮਾਰਥ-ਮੁਕਤੀ; ਉਚੀ ਆਤਮਕ ਅਵਸਥਾ; ਆਤਮਾ ਦੀ ਕਲਿਆਣ ਦਾ ਰਸਤਾ।ਸੇਤੀ-ਨਾਲ।ਖਚਨਾ-ਜੁੜਨਾ; ਰਚ ਜਾਣਾ; ਮਗਨ (ਖਚਿਤ; ਲੀਨ) ਹੋਣਾ।੩।੧੩।੪੨।

ਵਿਆਖਿਆ = ਇਸ ਸਵੱਯੇ ਦੀ ਪਹਿਲੀ ਤੁਕ ਵਿਚ ਵਾਹਿਗੁਰੂ ਆਇਆ ਹੈ ਅਤੇ ਅਖੀਰਲੀ ਤੁਕ ਵਿਚ ਵਾਹਗੁਰੂ ਹੈ।ਦੋਹਾਂ ਦਾ ਇਕੋ ਹੀ ਅਰਥ ਭਾਵ ਹੈ।ਗਯੰਦ ਜੀ ਦੀਆਂ ਨਜਰਾਂ ਵਿਚ ਗੁਰੂ ਜੀ ਅਤੇ ਵਾਹਿਗੁਰੂ ਇਕੋ ਰੂਪ ਹਨ।ਗੁਰੂ ਜੀ ਦੀ ਆਤਮਾ ਦਾ ਪਰਮਾਤਮਾ ਨਾਲ ਪੂਰਨ ਮਿਲਨ ਹੈ।ਪਰਮਾਤਮਾ ਸਭ ਥਾਂ ਵਿਆਪਕ ਹੈ ਅਤੇ ਗੁਰੂ ਜੀ ਜੋ ਮਿੱਠੇ ਬਚਨ ਬੋਲਦੇ ਹਨ, ਉਹ ਪ੍ਰਮਾਤਮਾ ਵੱਲੋਂ ਹੀ ਬੋਲਦੇ ਹਨ, ਪ੍ਰਮਾਤਮਾ ਦੇ ਬੁਲਾਏ ਹੀ ਬੋਲ ਰਹੇ ਹਨ {ਭਗਤ ਸੰਗਿ ਪ੍ਰਭੁ ਗੋਸਟਿ ਕਰਤ ੮੯੪}।ਵਿਰੋਧੀ ਚੀਜਾਂ ਨੂੰ ਕੱਠਾ ਕਰ ਦੇਣਾ ਇਕ ਤਮਾਸ਼ੇ ਵਾਲੀ ਬਾਤ ਹੈ।ਅੱਗ ਪਾਣੀ ਆਦਿ ਵਿਰੋਧੀ ਤੱਤਾਂ ਨੂੰ ਮਿਲਾ ਕੇ ਹਰੀ ਨੇ ਜਗਤ ਦਾ ਤਮਾਸ਼ਾ ਰਚਿਆ ਹੈ।ਜਿਵੇਂ ਖੇਲ ਤਮਾਸ਼ਾ ਦੇਖਣ ਵਾਲੇ ਲੋਕ ਥੋੜਾ ਸਮਾਂ ਕੱਠੇ ਹੋ ਕੇ ਵਿਛੜ ਜਾਂਦੇ ਹਨ, ਤਿਵੇਂ ਇਹ ਜਗਤ ਹੈ।ਬ੍ਰਹਮਾ, ਸ਼ਿਵ ਵਰਗੇ ਦੇਵਤੇ ਵੀ ਜਿਸ ਨੂੰ ਪੂਜਦੇ ਹਨ ਅਤੇ ਆਗਿਆ ਵਿਚ ਹਨ।ਕਾਲ ਵੀ ਹਰੀ ਦੀ ਆਗਿਆ ਅਤੇ ਭੈ ਵਿਚ ਹੈ।ਪ੍ਰਮਾਰਥ ਦਾ ਅਰਥ 'ਪਰਮ ਪ੍ਰਯੋਜਨ' ਹੈ, ਏਹੀ ਮਨੁੱਖਾ ਦੇਹ ਪਾਉਣ ਦਾ ਅਸਲ ਮਕਸਦ ਹੈ।ਭਾਵ ਵਿਚ ਵਾਹਿਗੁਰੂ ਪ੍ਰਾਪਤੀ ਹੀ 'ਪਰਮ ਪ੍ਰਯੋਜਨ' ਹੈ।ਏਹ ਸਤ ਸੰਗਤ ਵਿਚ ਮਨ ਜੋੜਨ ਨਾਲ ਅਤੇ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤੀ ਹੁੰਦੀ ਹੈ।੩।੧੩।੪੨।

ਇਥੇ ਗਯੰਦ ਜੀ ਦੇ ਸਵੱਯੇ ਸਮਾਪਤ ਹੁੰਦੇ ਹਨ ਅਤੇ ਅੱਗੇ ਮਥੁਰਾ ਭੱਟ ਦੇ ਸਵੱਯੇ ਅਰੰਭ ਹੁੰਦੇ ਹਨ।

ਅਗਮੁ ਅਨੰਤੁ ਅਨਾਦਿ, ਆਦਿ ਜਿਸੁ ਕੋਇ ਨ ਜਾਣੈ ॥ ਵਾਹਿਗੁਰੂ ਅਪਹੁੰਚ ਹੈ, ਬੇਅੰਤ, ਆਦਿ ਤੋਂ ਰਹਿਤ ਹੈ ਅਤੇ ਜਿਸ ਦਾ ਆਦਿ ਕੋਈ ਨਹੀਂ ਜਾਣਦਾ; ਮੂਲ ਕਾਰਣ ਅਤੇ ਉਤਪਤੀ ਨੂੰ ਕੋਈ ਨਹੀ ਜਾਣਦਾ।

ਸਿਵ ਬਿਰੰਚਿ ਧਰਿ ਧ੍ਯਾਨ, ਨਿਤਹਿ ਜਿਸੁ ਬੇਦੁ ਬਖਾਣੈ ॥ ਨਿਰੰਕਾਰੁ ਨਿਰਵੈਰੁ, ਅਵਰੁ ਨਹੀ ਦੂਸਰ ਕੋਈ ॥ ਸ਼ਿਵ ਜੀ ਅਤੇ ਬ੍ਰਹਮਾ ਜਿਸਦਾ ਧਿਆਨ ਧਰਦੇ ਹਨ, ਜਿਸਦਾ ਜਸ ਬੇਦ ਨਿਤ (ਸਦਾ) ਬਿਆਨ ਕਰਦਾ ਹੈ; ਸ਼ਿਵ ਜੀ ਜਿਸਦਾ ਧਿਆਨ ਧਰਦੇ ਹਨ ਤੇ ਬ੍ਰਹਮਾ ਜਿਸਦਾ ਜਸ ਬੇਦ ਸਹਿਤ ਨਿਤ ਉਚਾਰਣ ਕਰਦਾ ਹੈ (ਫ.ਸ.)।ਨਿਰਾਕਾਰ ਤੇ ਵੈਰ ਰਹਿਤ ਪ੍ਰਭੂ ਵਰਗਾ ਦੂਜਾ ਹੋਰ ਕੋਈ ਨਹੀਂ ਹੈ।

ਭੰਜਨ ਗੜ੍ਹਣ ਸਮਥੁ, ਤਰਣ ਤਾਰਣ ਪ੍ਰਭੁ ਸੋਈ ॥ (ਵਾਹਿਗੁਰੂ) ਜੀਵਾਂ ਨੂੰ ਪੈਦਾ ਕਰਨ ਅਤੇ ਨਾਸ਼ ਕਰਨ ਦੀ ਤਾਕਤ ਰਖਣ ਵਾਲਾ ਹੈ, ਉਹ ਪ੍ਰਭੂ (ਜੀਵਾਂ ਨੂੰ ਸੰਸਾਰ ਸਾਗਰ ਤੋਂ) ਤਾਰਨ ਲਈ ਜਹਾਜ ਹੈ।

ਨਾਨਾ ਪ੍ਰਕਾਰ ਜਿਨਿ ਜਗੁ ਕੀਓ, ਜਨੁ ਮਥੁਰਾ ਰਸਨਾ ਰਸੈ ॥ ਸ੍ਰੀ ਸਤਿ ਨਾਮੁ ਕਰਤਾ ਪੁਰਖੁ, ਗੁਰ ਰਾਮਦਾਸ ਚਿਤਹ ਬਸੈ ॥੧॥ ਜਿਸ ਵਾਹਿਗੁਰੂ ਨੇ ਅਨੇਕ ਤਰ੍ਹਾਂ ਦਾ ਜਗਤ ਰਚਿਆ ਹੈ, ਉਸ ਨੂੰ ਮਥਰਾ ਸੇਵਕ ਜੀਭ ਨਾਲ ਸਿਮਰਦਾ ਹੈ।ਸ੍ਰੀ ਸਤਿਨਾਮ ਕਰਤਾ ਪੁਰਖ (ਸਰਬ ਵਿਆਪਕ ਸਿਰਜਣ ਹਾਰ ਨਿਰੰਕਾਰ ਦਾ ਸ੍ਰੋਮਣੀ ਸੱਤਨਾਮ ਮੰਤ੍ਰ) ਗੁਰੂ ਰਾਮਦਾਸ ਜੀ ਦੇ ਚਿਤ ਵਿਚ ਵਸਦਾ ਹੈ।੧।

ਪਦਾਰਥ = ਅਗਮੁ-ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਨੰਤੁ-ਦੇਸ਼ ਕਾਲ ਵਸਤੂ ਦੇ ਅੰਤ ਤੋਂ ਪਰੇ (ਬੇਅੰਤ)।ਆਦਿ-ਮੁੱਢ; ਮੂਲ ਕਾਰਣ।ਅਨਾਦਿ-ਆਦਿ (ਉਤਪਤੀ) ਤੋਂ ਰਹਿਤ।ਬਿਰੰਚਿ-ਬ੍ਰਹਮਾ।ਧਰਿ-ਧਰਦਾ ਹੈ।ਧ੍ਯਾਨ-(ਧਿਆਨ ਬੋਲੋ) ਧਿਆਨ।ਨਿਤਹਿ-ਨਿਤ ;ਸਦਾ।ਬਖਾਣੈ-ਵਖਿਆਨ ਕਰਦਾ ਹੈ।ਨਿਰੰਕਾਰੁ-ਅਕਾਰ ਰਹਿਤ।ਨਿਰਵੈਰੁ-ਵੈਰ ਰਹਿਤ।ਭੰਜਨ-ਨਾਸ਼ ਕਰਨ ਵਾਲਾ।ਗੜ੍ਹਣ-ਘੜਨ (ਪੈਦਾ ਕਰਨ) ਵਾਲਾ।ਸਮਥੁ-ਸਮਰੱਥ-ਤਾਕਤ ਵਾਲਾ।ਤਰਣ-ਜਹਾਜ।ਸੋਈ-ਉਹ ਹੀ।ਨਾਨਾ ਪ੍ਰਕਾਰ-ਅਨੇਕ ਪ੍ਰਕਾਰ ਦਾ।ਜਿਨਿ-ਜਿਸ ਨੇ।ਜਗੁ ਕੀਓ-ਜਗਤ ਨੂੰ ਪੈਦਾ ਕੀਤਾ ਹੈ।ਜਨੁ ਮਥੁਰਾ-ਦਾਸ (ਸੇਵਕ) ਮਥਰਾ ਭੱਟ।ਰਸਨਾ ਰਸੈ-ਜੀਭ ਨਾਲ ਸਿਮਰਦਾ ਹੈ। ਸ੍ਰੀ-ਆਦਰ ਬੋਧਕ; ਸ੍ਰੇਸਟ।ਚਿਤਹ-ਚਿਤ ਵਿਚ।੧।

ਗੁਰੂ ਸਮਰਥੁ ਗਹਿ ਕਰੀਆ, ਧ੍ਰੁਵ ਬੁਧਿ ਸੁਮਤਿ ਸਮ੍ਹਾਰਨ ਕਉ ॥ (ਮਥਰਾ ਭੱਟ ਕਹਿੰਦਾ ਹੈ ਕਿ ਮੈਂ ਅਪਣੀ) ਬੁੱਧੀ ਨੂੰ (ਧਰੂ ਵਾਂਙ) ਅਚੱਲ ਕਰਨ ਲਈ ਅਤੇ ਸ੍ਰੇਸਟ ਮੱਤ ਨੂੰ ਸੰਭਾਲਣ ਲਈ ਸਮਰੱਥ ਗੁਰੂ (ਰਾਮਦਾਸ ਜੀ) ਦੀ ਸ਼ਰਣ ਗ੍ਰਹਿਣ ਕੀਤੀ ਹੈ।

ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ, ਅਘ ਪੁੰਜ ਤਰੰਗ ਨਿਵਾਰਨ ਕਉ ॥ ਪੁਨਾ (ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ) ਧਰਮ ਦਾ ਝੰਡਾ ਸਦਾ ਲਹਿਰਾ ਰਿਹਾ ਹੈ, ਜੋ ਪਾਪਾਂ ਦੀਆਂ ਸਮੂਹ ਲਹਿਰਾਂ ਨੂੰ ਦੂਰ ਕਰਨ ਲਈ ਸਮਰੱਥ ਹੈ।

ਮਥੁਰਾ ਜਨ ਜਾਨਿ ਕਹੀ ਜੀਅ ਸਾਚੁ, ਸੁ ਅਉਰ ਕਛੂ ਨ ਬਿਚਰਨ ਕਉ ॥ ਹਰਿ ਨਾਮੁ ਬੋਹਿਥੁ ਬਡੌ ਕਲਿ ਮੈ, ਭਵ ਸਾਗਰ ਪਾਰਿ ਉਤਾਰਨ ਕਉ ॥੨॥ ਦਾਸ ਮਥਰਾ ਭੱਟ ਨੇ ਦਿਲ ਵਿਚ ਸੱਚ ਜਾਣ ਕੇ ਇਹ ਗੱਲ ਆਖੀ ਹੈ, ਇਸ ਤੋਂ ਬਿਨਾ ਬਿਚਾਰਨ ਯੋਗ ਹੋਰ ਕੋਈ ਗੱਲ ਨਹੀ ਹੈ (ਜੋ ਕਿਹਾ ਹੈ ਨਿਸਚੇ ਨਾਲ ਸੱਚ ਕਿਹਾ ਹੈ ਕਿ।ਜੀਵਾਂ ਨੂੰ) ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਲਈ ਕਲਜੁਗ ਵਿਚ ਹਰੀ ਦਾ ਨਾਮ ਵੱਡਾ ਜਹਾਜ ਹੈ।੨।

ਪਦਾਰਥ = ਸਮਰੱਥ-ਤਾਕਤ ਵਾਲਾ।ਗਹਿ ਕਰੀਆ-ਗ੍ਰਹਿਣ ਕੀਤੀ।ਧ੍ਰੁਵ-(ਧਰੁੱਵ ਬੋਲੋ) ਅਡੋਲ; ਅਚੱਲ।ਸੁਮਤਿ-ਸ੍ਰੇਸ਼ਟ ਬੁਧੀ; ਉਤਮ ਸਿਖਿਆ।ਸਮ੍ਹਾਰਨ ਕਉ-ਸੰਭਾਲਣ ਲਈ; ਪ੍ਰਾਪਤ ਕਰਨ ਲਈ (ਮ. ਕੋ.)।ਫੁਨਿ-ਪੁਨਾ; ਫਿਰ।ਧ੍ਰੰਮ ਧੁਜਾ-(ਧਰੰਮ ਬੋਲੋ) ਧਰਮ ਦਾ (ਝੰਡਾ) ਨਿਸ਼ਾਨ ਸਾਹਿਬ।ਫਹਰੰਤਿ-ਲਹਿਰਾ ਰਿਹਾ ਹੈ।ਅਘ-ਪਾਪ।ਪੁੰਜ-ਸਮੂਹ; ਸਮਦਾਇ।ਤਰੰਗ-ਲਹਿਰਾਂ (ਸੰਕਲਪਾਂ ਵਿਕਲਪਾਂ ਦੀਆਂ ਭਾਵ ਚੰਗੇ ਮੰਦੇ ਫੁਰਨਿਆਂ ਦੀਆਂ ਲਹਿਰਾਂ)।ਨਿਵਾਰਨ ਕਉ-ਦੂਰ ਕਰਨ ਲਈ।ਮਥੁਰਾ ਜਨ-ਦਾਸ ਮਥਰਾ ਭੱਟ। ਜਾਨਿ-ਜਾਣ (ਸਮਝ) ਕੇ।ਜੀਅ-ਦਿਲ ਵਿਚ।ਸੁ ਅਉਰ-ਹੋਰ।ਬਿਚਾਰਨ ਕਉ-ਵਿਚਾਰਨ ਲਈ।ਬਹਿਥੁ ਬਡੌ-ਵੱਡਾ ਜਹਾਜ।ਕਲਿ ਮੈ -ਕਲਜੁਗ ਵਿਚ।ਪਾਰਿ ਉਤਾਰਨ ਕਉ-ਪਾਰ ਲੰਘਾਉਣ ਲਈ।੨।

ਵਿਆਖਿਆ = ਭਟਕਣ ਅਤੇ ਦੌੜਨ ਵਾਲੀ ਡਾਵਾਂਡੋਲ ਬੁੱਧੀ ਨੂੰ ਗੁਰੂ ਜੀ ਨੇ ਫੜ ਕੇ ਅਡੋਲ ਕਰ ਦਿਤਾ ਅਤੇ ਹਰੀ ਦੇ ਸਿਮਰਨ ਦੀ ਸਿਖਿਆ ਦਿਤੀ।ਇਸ ਘਾਲ ਵਿਚ ਗੁਰੂ ਨੇ ਆਪ ਕਿਰਪਾ ਕਰਕੇ ਲਾਇਆ ਹੈ।ਮਨ ਵਿਚ ਪਾਪਾਂ ਦੇ ਸੰਸਕਾਰਾਂ (ਜਾਂ ਪਾਪਾਂ ਅਤੇ ਸੰਕਲਪਾਂ ਵਿਕਲਪਾਂ) ਦੀਆਂ ਲਹਿਰਾਂ ਨੂੰ ਦੂਰ ਕਰਨ ਲਈ ਹਿਰਦੇ ਵਿਚ ਗੁਰੂ ਦਾ ਧਿਆਨ ਰੂਪ ਨਿਸ਼ਾਨ ਸਾਹਿਬ ਲਹਿਰਾ ਰਿਹਾ ਹੈ। ਸੰਸਾਰ ਵਿਚ ਕੁਸੰਗ ਦਾ ਦਰਿਆ ਚਲ ਰਿਹਾ ਹੈ, ਜਿਸ ਵਿਚ ਪਾਪਾਂ ਦੀਆਂ ਲਹਿਰਾਂ ਉਠਦੀਆਂ ਹਨ, ਧਰਮ ਰੂਪ ਝੰਡਾ ਗੁਰੂ ਦੇ ਉਪਦੇਸ਼ਾਂ ਦਾ ਹੋਕਾ ਦੇ ਕੇ ਸਿਖਾਂ ਨੂੰ ਕੁਸੰਗ ਤੇ ਪਾਪਾਂ ਤੋਂ ਰੋਕ ਰਿਹਾ ਹੈ।ਗੁਰੂ ਜੀ ਦੇ ਦਰਬਾਰ ਵਿਚ ਲਹਿਰਾ ਰਹੇ ਨਿਸ਼ਾਨ ਸਾਹਿਬ ਦੂਰ ਬੈਠੀਆਂ ਸੰਗਤਾਂ ਨੂੰ ਆਵਾਜਾਂ ਮਾਰ ਰਹੇ ਹਨ।ਇਸ ਦਰਬਾਰ ਵਿਚ ਪੇਟ ਦੀ ਭੁੱਖ ਮਿਟਾਉਣ ਲਈ ਗੁਰੂ ਕਾ ਲੰਗਰ ਚਲਦਾ ਹੈ, ਮਨ ਦੀ ਭੁੱਖ ਦੂਰ ਕਰਨ ਲਈ ਚਲ ਰਹੇ ਕਥਾ ਕੀਰਤਨ ਤੇ ਨਾਮ ਰਸ ਦਾ ਅਨੰਦ ਮਾਣੋ।ਗੁਰੂ ਜੀ ਦੀ ਕਿਰਪਾ ਦਾ ਸਦਕਾ ਮਥਰਾ ਜੀ ਨੂੰ ਗੁਰਮਤ ਮਾਰਗ ਪ੍ਰਾਪਤ ਹੋਇਆ ਹੈ, ਦਿਲ ਵਿਚੋਂ ਨਿਕਲੀ ਸੱਚ ਦੀ ਅਵਾਜ ਰਾਹੀਂ ਕਹਿ ਰਹੇ ਹਨ ਕਿ ਕਲਜੁਗ ਵਿਚ ਹਰੀ ਦਾ ਨਾਮ ਹੀ ਸੰਸਾਰ ਤੋਂ ਪਾਰ ਲੰਘਣ ਲਈ ਵੱਡਾ ਜਹਾਜ ਹੈ।ਹੁਣ ਨਾਮ ਮਾਰਗ ਤੇ ਐਸਾ ਅਚੱਲ ਨਿਸਚਾ ਬੱਝਾ ਕਿ ਹੋਰ ਬਿਚਾਰ ਕਰਨ ਦੀ ਲੋੜ ਹੀ ਨਹੀ ਰਹੀ।੨।

ਸੰਤਤ ਹੀ ਸਤਸੰਗਤਿ ਸੰਗ, ਸੁਰੰਗ ਰਤੇ ਜਸੁ ਗਾਵਤ ਹੈ ॥ ਧ੍ਰਮ ਪੰਥੁ ਧਰਿਓ ਧਰਨੀਧਰ ਆਪਿ, ਰਹੇ ਲਿਵ ਧਾਰਿ, ਨ ਧਾਵਤਿ ਹੈ ॥ (ਜਿਹੜੇ ਮਨੁੱਖ ਗੁਰੂ ਰਾਮਦਾਸ ਜੀ ਦੀ) ਸੱਤਸੰਗਤ ਨਾਲ ਜੁੜ ਕੇ ਸ੍ਰੇਸ਼ਟ ਪ੍ਰੇਮ ਵਿਚ ਰੱਤੇ ਹੋਏ ਨਿਰੰਤਰ ਹੀ (ਹਰੀ ਦਾ) ਜਸ ਗਾਉਂਦੇ ਹਨ।ਧਰਤੀ ਦਾ ਆਸਰਾ ਹਰੀ ਨੇ ਆਪ (ਗੁਰੂ ਰੂਪ ਹੋ ਕੇ) ਧਰਮ ਦਾ ਰਸਤਾ (ਨਾਮ ਸਿਮਰਨ) ਕਾਇਮ ਕੀਤਾ, (ਜਿਹੜੇ ਪ੍ਰੇਮੀ ਜਨ ਇਸੇ ਵਿਚ) ਬਿਰਤੀ ਜੋੜਦੇ ਹਨ, ਉਹ ਕਿਸੇ ਹੋਰ ਪਾਸੇ ਨਹੀਂ ਦੌੜਦੇ; (ਹੋਰ ਜੋਨੀਆਂ ਵਿਚ) ਨਹੀਂ ਭਟਕਦੇ ਫਿਰਦੇ।

ਮਥੁਰਾ ਭਨਿ ਭਾਗ ਭਲੇ ਉਨ੍ ਕੇ, ਮਨ ਇਛਤ ਹੀ ਫਲ ਪਾਵਤ ਹੈ ॥ ਰਵਿ ਕੇ ਸੁਤ ਕੋ ਤਿਨ੍ ਤ੍ਰਾਸੁ ਕਹਾ, ਜੁ ਚਰੰਨ ਗੁਰੂ ਚਿਤੁ ਲਾਵਤ ਹੈ ॥੩॥ ਮਥਰਾ ਜੀ ਆਖਦੇ ਹਨ ਕਿ ਉਨ੍ਹਾਂ (ਮਨੁੱਖਾਂ) ਦੇ ਚੰਗੇ ਭਾਗ ਹਨ, ਮਨ ਭਾਉਂਦੇ ਫਲ ਪਾ ਲੈਂਦੇ ਹਨ।ਸੂਰਜ ਦੇ ਪੁਤ੍ਰ ਧਰਮਰਾਜ ਦਾ ਡਰ ਉਨ੍ਹਾਂ ਮਨੁੱਖਾਂ ਨੂੰ ਕਿਥੇ ਰਹਿੰਦਾ ਹੈ? ਜੋ ਗੁਰੂ (ਰਾਮਦਾਸ ਜੀ) ਦੇ ਚਰਨਾਂ ਵਿਚ ਚਿਤ ਜੋੜਦੇ ਹਨ।੩।

ਪਦਾਰਥ = ਸੰਤਤ ਹੀ-ਨਿਰੰਤਰ (ਲਗਾਤਾਰ) ਹੀ।ਸੰਗ-ਨਾਲ।ਸੁਰੰਗ ਰਤੇ-ਸ੍ਰੇਸ਼ਟ ਪ੍ਰੇਮ ਵਿਚ ਮਗਨ ਹੋ ਕੇ।ਧ੍ਰਮ ਪੰਥੁ-ਧਰਮ ਦਾ ਰਸਤਾ।ਧਰਨੀਧਰ-ਧਰਤੀ ਦਾ ਆਸਰਾ।ਲਿਵ ਧਾਰਿ-ਲਿਵ ਲਾਉਂਦੇ ਹਨ।ਨ ਧਾਵਤਿ ਹੈ-(ਹੋਰ ਪਾਸੇ) ਨਹੀਂ ਦੌੜਦੇ ਹਨ।ਭਨਿ-ਆਖਦੇ ਹਨ।ਭਾਗ ਭਲੇ-ਚੰਗੇ ਭਾਗ ਹਨ।ਉਨ ਕੇ-ਉਨ੍ਹਾਂ ਦੇ।ਮਨ ਇਛਤ-ਮਨ ਭਾਉਂਦੇ।ਰਵਿ ਕੇ ਸੁਤ-ਸੂਰਜ ਦਾ ਪੁਤ੍ਰ ਧਰਮਰਾਜ ।ਤਿਨ੍-ਉਨ੍ਹਾਂ ਨੂੰ।ਤ੍ਰਾਸੁ-ਡਰ।ਕਹਾ-ਕਿਥੇ; ਕੀ।ਜੁ-ਜੋ।ਚਿਤ ਲਾਵਤ ਹੈ-ਚਿਤ ਲਾਉਂਦੇ ਹਨ।੩।

ਨਿਰਮਲ ਨਾਮੁ ਸੁਧਾ ਪਰਪੂਰਨ, ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥ (ਗੁਰੂ ਰਾਮਦਾਸ ਜੀ ਦਾ ਦਰਬਾਰ) ਪਵਿਤ੍ਰ ਨਾਮ ਰੂਪ ਅੰਮ੍ਰਿਤ (ਜਲ) ਦਾ ਨਕੋ ਨਕ ਭਰਿਆ ਹੋਇਆ ਸਰੋਵਰ ਹੈ, ਜਿਸ ਵਿਚ ਦਿਨ ਚੜ੍ਹਨ ਤੋਂ ਪਹਿਲਾਂ (ਅੰਮ੍ਰਿਤ ਵੇਲੇ ਰੱਬੀ) ਸ਼ਬਦ ਦੀਆਂ ਲਹਿਰਾਂ ਪ੍ਰਗਟ ਹੁੰਦੀਆਂ ਹਨ (ਆਸਾ ਦੀ ਵਾਰ ਦੇ ਕੀਰਤਨ ਦੀਆਂ ਧੁਨਾਂ ਗੂੰਜਦੀਆਂ ਹਨ)।

ਗਹਿਰ ਗੰਭੀਰੁ ਅਥਾਹ, ਅਤਿ ਬਡ ਸੁਭਰੁ, ਸਦਾ ਸਭ ਬਿਧਿ ਰਤਨਾਗਰੁ ॥ ਸੰਤ ਮਰਾਲ ਕਰਹਿ ਕੰਤੂਹਲ, ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥ (ਇਹ ਸਰੋਵਰ) ਬਹੁਤ ਡੂੰਘਾ, ਅਡੋਲ, ਬਹੁਤ ਅਥਾਹ, ਬਹੁਤ ਭਰਿਆ ਰਹਿੰਦਾ ਹੈ, ਤੇ ਸਦਾ ਸਭ ਤਰ੍ਹਾਂ ਦੇ ਰਤਨਾਂ ਦਾ (ਭਰਿਆ ਹੋਇਆ) ਭੰਡਾਰ ਹੈ (ਸਦਾ, ਦੇਹਲੀ ਦੀਪਕ ਹੈ,'ਅਤਿ ਬਡ ਸੁਭਰ ਸਦਾ'।ਉਸ ਸਰੋਵਰ ਵਿਚ) ਸੰਤ ਰੂਪ ਹੰਸ ਅਨੰਦ

ਮਾਣਦੇ ਹਨ, ਉਨ੍ਹਾਂ ਦਾ ਮੌਤ ਦਾ ਡਰ ਅਤੇ ਦੁਖਾਂ ਦਾ ਲੇਖਾ ਮਿਟ ਗਿਆ ਹੈ; ਦੁਖਾਂ ਦੀ ਤਾਂ ਗਲ ਹੀ ਕੀ ਹੈ (ਸੰ.ਸ.; ਭਾ.ਵੀਰ ਸਿੰਘ)
ਕਲਜੁਗ ਦੁਰਤ ਦੂਰਿ ਕਰਬੇ ਕਉ, ਦਰਸਨੁ ਗੁਰੂ ਸਗਲ ਸੁਖ ਸਾਗਰੁ ॥੪॥ ਕਲਜੁਗ ਦੇ ਪਾਪ ਦੂਰ ਕਰਨ ਲਈ ਗੁਰੂ (ਰਾਮਦਾਸ ਜੀ) ਦੇ ਦਰਸ਼ਨ ਸਾਰੇ ਸੁਖਾਂ ਦਾ ਸਾਗਰ ਹੈ।੪।

ਪਦਾਰਥ = ਨਿਰਮਲ-ਮੈਲ ਰਹਿਤ ਪਵਿਤ੍ਰ।ਸੁਧਾ-ਅੰਮ੍ਰਿਤ।ਪਰਪੂਰਨ-ਨਕੋ ਨਕ (ਕੰਢਿਆਂ ਤਕ ਪੂਰਾ) ਭਰਿਆ ਹੋਇਆ।ਤਰੰਗ-ਲਹਿਰਾਂ।ਪ੍ਰਗਟਿਤ-ਪ੍ਰਗਟ ਹੁੰਦੀਆਂ (ਉਠਦੀਆਂ) ਹਨ।ਦਿਨ ਆਗਰੁ-ਦਿਨ ਚੜ੍ਹਨ ਤੋਂ ਅੱਗੋਂ (ਪਹਿਲਾਂ, ਅੰਮ੍ਰਿਤ ਵੇਲੇ)।ਗਹਿਰ-ਡੂੰਘਾ।ਗੰਭੀਰ-ਅਡੋਲ; ਨਿਰਹੱਲ।ਅਥਾਹ-ਬੇਅੰਤ।ਅਤਿ ਬਡ-ਬਹੁਤ ਵੱਡਾ।ਸੁਭਰੁ-ਚੰਗੀ ਤਰ੍ਹਾਂ (ਨਕੋ ਨਕ) ਭਰਿਆ ਹੋਇਆ।ਸਭ ਬਿਧਿ-ਸਭ ਤਰ੍ਹਾਂ ਦੇ।ਰਤਨਾਗਰੁ-ਸਮੁੰਦਰ; (ਸ਼ੁੱਭ ਗੁਣਾਂ ਰੂਪ) ਰਤਨਾਂ ਦੀ ਖਾਣ।ਮਰਾਲ-ਹੰਸ।ਕਰਹਿ ਕੰਤੂਹਲ-ਅਨੰਦ ਮਾਣਦੇ ਹਨ ;ਅਸਚਰਜ ਤਮਾਸਾ; ਕਲੋਲਾਂ ਕਰਦੇ ਹਨਤਿਨ-ਉਨ੍ਹਾਂ ਦਾ।ਤ੍ਰਾਸ-ਡਰ।ਦੁਖ ਕਾਗਰੁ-ਦੁਖਾਂ ਦਾ ਕਾਗਜ (ਲੇਖਾ); ਦੁਖਾਂ ਦੀ ਕੀ ਗਲ ਹੈ?।ਦੁਰਤ-ਪਾਪ।ਕਰਬੇ ਕਉ-ਕਰਨ ਵਾਸਤੇ।ਸਗਲ-ਸਾਰੇ।ਸੁਖ ਸਾਗਰੁ-ਸੁੱਖਾਂ ਦਾ ਸਮੁੰਦਰ।੪।

ਜਾਕਉ ਮੁਨਿ ਧ੍ਯਾਨ ਧਰੈ, ਫਿਰਤ ਸਗਲ ਜੁਗ, ਕਬਹੁ ਕ ਕੋਊ ਪਾਵੈ, ਆਤਮ ਪ੍ਰਗਾਸ ਕਉ ॥ ਜਿਸ ਵਾਹਿਗੁਰੂ ਦਾ (ਦਰਸ਼ਨ ਕਰਨ) ਲਈ ਰਿਸ਼ੀ ਮੁਨੀ ਸਾਰੇ ਜੁਗਾਂ ਵਿਚ ਧਿਆਨ ਧਾਰਦੇ ਫਿਰਦੇ ਹਨ, (ਪਰ ਉਨ੍ਹਾਂ ਵਿਚੋਂ) ਕਦੇ ਹੀ ਕੋਈ ਵਿਰਲਾ ਆਤਮ ਪ੍ਰਕਾਸ਼ ਨੂੰ ਪ੍ਰਾਪਤ ਕਰਦਾ ਹੈ।

ਬੇਦ ਬਾਣੀ ਸਹਿਤ, ਬਿਰੰਚਿ ਜਸੁ ਗਾਵੈ ਜਾ ਕੋ, ਸਿਵ ਮੁਨਿ ਗਹਿ, ਨ ਤਜਾਤ ਕਬਿਲਾਸ ਕਉ ॥ ਬ੍ਰਹਮਾ ਜਿਸ ਦਾ ਜਸ ਬੇਦਾਂ ਦੀ ਬਾਣੀ ਸਮੇਤ ਗਾਉਂਦਾ ਹੈ ਅਤੇ ਜਿਸ ਦਾ (ਧਿਆਨ ਧਾਰ) ਗ੍ਰਹਿਣ ਕਰ ਕੇ ਮੁਨੀ ਸ਼ਿਵ ਜੀ ਕੈਲਾਸ਼ ਪਰਬਤ ਨੂੰ ਛਡਦਾ ਨਹੀਂ (ਕੈਲਾਸ਼ ਪਰਬਤ ਤੇ ਇਕਾਂਤ ਹੋਣ ਕਰਕੇ ਲਗਾਤਾਰ ਸਮਾਧੀ ਲਾਈ ਬੈਠਾ ਹੈ)।

ਜਾ ਕੌ ਜੋਗੀ ਜਤੀ, ਸਿਧ ਸਾਧਿਕ ਅਨੇਕ ਤਪ, ਜਟਾ ਜੂਟ ਭੇਖ ਕੀਏ, ਫਿਰਤ ਉਦਾਸ ਕਉ ॥ ਜਿਸ ਨੂੰ (ਪ੍ਰਾਪਤ ਕਰਨ ਵਾਸਤੇ) ਅਨੇਕਾਂ ਜੋਗੀ, ਜਤੀ, ਸਿਧ, ਅਭਿਆਸੀ ਤਪ ਕਰਦੇ ਹਨ (ਜਾਂ ਤਪ ਕਰਨ ਵਾਲੇ ਤਪੀਸਰ, ਸਿਰ ਤੇ) ਜਟਾਂ ਦਾ ਜੂੜਾ ਕਰਕੇ ਤਿਆਗੀ ਭੇਖ ਧਾਰ ਕੇ ਫਿਰਦੇ ਹਨ।

ਸੁ ਤਿਨਿ ਸਤਿਗੁਰਿ, ਸੁਖ ਭਾਇ ਕ੍ਰਿਪਾ ਧਾਰੀ ਜੀਅ, ਨਾਮ ਕੀ ਬਡਾਈ ਦਈ, ਗੁਰ ਰਾਮਦਾਸ ਕਉ ॥੫॥ ਉਸ (ਵਾਹਿਗੁਰੂ ਦੇ ਸਰੂਪ) ਸਤਿਗੁਰੂ (ਅਮਰਦਾਸ ਜੀ) ਨੇ ਉਨ੍ਹਾਂ ਜੀਵਾਂ ਉਤੇ ਸੁਖ ਦਾਇਕ ਭਾਵਨਾ ਨਾਲ ਕ੍ਰਿਪਾ ਕੀਤੀ ਅਤੇ ਨਾਮ ਦੀ ਵਡਿਆਈ ਗੁਰੂ ਰਾਮਦਾਸ ਜੀ ਨੂੰ ਬਖਸ਼ੀ ਭਾਵ ਜਿਸ ਹਰੀ ਨੂੰ ਰਿਸ਼ੀ ਮੁਨੀ, ਬ੍ਰਹਮਾ, ਸ਼ਿਵ ਜੀ, ਜੋਗੀ, ਜਤੀ ਅਤੇ ਹੋਰ ਤਪ ਕਰਨ ਵਾਲੇ ਲੱਭਦੇ ਫਿਰਦੇ ਹਨ, ਉਨ੍ਹਾਂ ਨੂੰ ਹਰੀ ਦੇ ਦਰਸ਼ਨ ਕਰਾਉਣ ਲਈ ਉਸ ਗੁਰੂ ਅਮਰਦਾਸ ਜੀ ਨੇ ਨਾਮ ਦੀ ਵਡਿਆਈ ਗੁਰੂ ਰਾਮਦਾਸ ਜੀ ਨੂੰ ਬਖਸ਼ੀ ਹੈ ਕਿ ਗੁਰੂ ਰਾਮਦਾਸ ਜੀ ਨਾਮ ਵੰਡ ਕਰਿਆ ਕਰਨਗੇ।੫।

ਪਦਾਰਥ = ਜਾ ਕਉ-ਜਿਸ ਦਾ (ਦਰਸ਼ਨ ਕਰਨ) ਲਈ।ਧਰੈ-ਧਰਦੇ ਜਾਂ ਕਰਦੇ ਹਨ।ਫਿਰਤ-ਫਿਰਦੇ ਹਨ।ਸਗਲ-ਸਾਰੇ।ਕਬਹੁ ਕ-ਕਦੇ ਹੀ; ਕਿਸੇ ਵੇਲੇ; ਕਿਸੇ ਇਕ ਸਮੇਂ।ਕੋਊ-ਕੋਈ।ਆਤਮ ਪ੍ਰਗਾਸ ਕਉ-ਨਿਜ ਸਰੂਪ ਦੇ ਗਿਆਨ ਨੂੰ; ਆਤਮਕ ਪ੍ਰਕਾਸ਼ ਨੂੰ। ਸਹਿਤ-ਸਮੇਤ।ਬਿਰੰਚਿ-ਬ੍ਰਹਮਾ।ਜਾ ਕੋ-ਜਿਸ ਦਾ।ਗਹਿ-ਗ੍ਰਹਿਣ ਕਰਕੇ।ਸਿਵ ਮੁਨਿ-ਸ਼ਿਵ ਮੁਨੀ।ਨ ਤਜਾਤ-ਨਹੀਂ ਛਡਦਾ। ਕਬਿਲਾਸ ਕਉ-ਕੈਲਾਸ਼ ਪਰਬਤ ਨੂੰ।ਸਾਧਿਕ-ਸਾਧਨਾ ਕਰਨ ਵਾਲੇ; ਅਭਿਆਸੀ।ਤਪ-ਤਪ ਕਰਦੇ ਹਨ; ਤਪੀ।ਜਟਾ ਜੂਟ-ਜਟਾਂ ਦਾ ਜੂੜਾ।ਉਦਾਸ ਕਉ-ਤਿਆਗ ਭੇਖ ਨੂੰ।ਸੁ-ਉਸ; ਇਸ ਲਈ।ਤਿਨਿ ਸਤਿਗੁਰਿ-ਉਸ ਸਤਿਗੁਰੂ ਨੇ।ਸੁਖ ਭਾਇ-ਸੁਖ ਦੇਣ ਵਾਲੇ ਖਿਆਲ ਨਾਲ ਜਾਂ ਸੁਖਦਾਇਕ ਭਾਵ ਹੈ ਜਿਸ ਦਾ (ਮ. ਕੋ.); ਸਹਿਜ ਸੁਭਾਵਕ ਜਾਂ ਸੁਖੈਨ ਹੀ (ਸਭ ਨੇ ਇਹ ਅਰਥ ਕੀਤੇ ਹਨ)। ਜੀਅ-ਜੀਵਾਂ ਉਤੇ।ਦਈ-ਦਿਤੀ।ਕਉ-ਨੂੰ।੫।

ਵਿਆਖਿਆ = ਅਨੇਕ ਭੇਖਾਂ ਦੇ ਸਾਧੂ ਅਨੇਕਾਂ ਜਤਨਾਂ ਨਾਲ ਵਾਹਿਗੁਰੂ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ।ਪਰ ਉਹ ਜਤਨ ਸਫਲ ਨਹੀਂ ਹੁੰਦੇ।ਕਿਉਂਕਿ ਉਹ ਨਾਮ ਨੂੰ ਛਡ ਕੇ ਹੋਰ ਕਰਮ ਕਾਂਡ ਦੇ ਯਤਨ ਕਰਦੇ ਹਨ।ਹਰੀ ਨੂੰ ਮਿਲਣ ਵਾਲਿਆਂ ਉਨ੍ਹਾਂ ਜੀਵਾਂ ਦੀ ਕਲਿਆਣ ਵਾਸਤੇ ਹਰੀ ਰੂਪ ਗੁਰੂ ਅਮਰਦਾਸ ਨੇ ਕ੍ਰਿਪਾ ਕੀਤੀ, ਨਾਮ ਦੀ ਵਡਿਆਈ ਗੁਰੂ ਰਾਮ ਦਾਸ ਜੀ ਨੂੰ ਬਖਸੀ (ਤਾਂ ਕਿ ਅੱਗੋਂ ਹੁਣ ਨਾਮ ਗੁਰੂ ਰਾਮਦਾਸ ਜੀ ਦਿਆ ਕਰਨਗੇ, ਉਨ੍ਹਾਂ ਤੋਂ ਇਹ ਦਾਤ ਲੈ ਕੇ ਲੋਕ) ਸੁੱਖ ਭਾਵਨਾ (ਪਿਆਰ) ਨਾਲ ਦੁਨੀਆਂ ਵਿਚ ਰਹਿਣ।

ਨਾਮੁ ਨਿਧਾਨੁ, ਧਿਆਨ ਅੰਤਰ ਗਤਿ, ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥ ਦੇਖਤ ਦਰਸੁ ਭਟਕਿ ਭ੍ਰਮੁ ਭਜਤ, ਦੁਖ ਪਰਹਰਿ ਸੁਖ ਸਹਜ ਬਿਗਾਸੇ ॥ (ਗੁਰੂ ਰਾਮਦਾਸ ਜੀ) ਨਾਮ ਰੂਪ ਖਜਾਨਾ ਹਨ, (ਗੁਰੂ ਜੀ ਦਾ) ਧਿਆਨ ਹਿਰਦੇ ਅੰਦਰ ਟਿਕਿਆ ਰਹਿੰਦਾ ਹੈ (ਅੰਤਰ ਮੁਖੀ ਬ੍ਰਿਤੀ ਵਾਲੇ ਹਨ), (ਗੁਰੂ ਜੀ ਦਾ) ਸਮੂਹ ਤੇਜ ਤਿੰਨਾਂ ਲੋਕਾਂ ਵਿਚ ਪ੍ਰਕਾਸ਼ ਰਿਹਾ ਹੈ।(ਗੁਰੂ ਜੀ ਦੇ) ਦਰਸ਼ਨ ਦੇਖਣ ਕਰ ਕੇ ਭਰਮ ਘਬਰਾ ਕੇ ਭੱਜ ਜਾਂਦਾ ਹੈ ਅਤੇ ਦੁੱਖ ਦੂਰ ਹੋ ਕੇ ਸਹਿਜੇ ਹੀ ਸੁੱਖ ਖਿੜ ਆਉਂਦੇ ਹਨ; ਆਤਮਕ ਸੁਖ ਪ੍ਰਗਟ ਹੋ ਜਾਂਦੇ ਹਨ।

ਸੇਵਕ ਸਿਖ ਸਦਾ ਅਤਿ ਲੁਭਿਤ, ਅਲਿ ਸਮੂਹ ਜਿਉ ਕੁਸਮ ਸੁਬਾਸੇ ॥ ਬਿਦ੍ਮਾਨ ਗੁਰਿ ਆਪਿ ਥਪ੍ਯਉ ਥਿਰੁ, ਸਾਚਉ ਤਖਤੁ ਗੁਰੂ

ਰਾਮਦਾਸੈ ॥੬॥ ਸਿਖ ਸੇਵਕ ਸਦਾ ਹੀ (ਆਪ ਦੇ ਚਰਨਾਂ ਤੇ) ਬਹੁਤ ਹੀ ਲੁਭਾਇਮਾਨ ਹੋਏ ਰਹਿੰਦੇ ਹਨ, ਜਿਸ ਤਰ੍ਹਾਂ ਸਮੂਹ ਭੌਰੇ ਫੁੱਲਾਂ ਦੀ ਵਾਸ਼ਨਾਂ ਉਤੇ (ਮਸਤ ਹੁੰਦੇ ਹਨ)। ਗੁਰੂ (ਅਮਰਦਾਸ ਜੀ) ਨੇ ਆਪ ਅਪਣੇ ਹੁੰਦਿਆਂ (ਗੁਰਿਆਈ ਦੇ) ਸੱਚੇ ਅਚੱਲ (ਸਥਿਰ) ਤਖਤ ਉਤੇ ਗੁਰੂ ਰਾਮਦਾਸ ਜੀ ਨੂੰ ਅਸਥਾਪਨ ਕੀਤਾ ਹੈ।੬।

ਪਦਾਰਥ = ਨਿਧਾਨ-ਖਜਾਨਾ। ਧਿਆਨ ਅੰਤਰ ਗਤਿ-ਧਿਆਨ ਅੰਦਰ (ਹਿਰਦੇ ਵਿਚ) ਟਿਕਿਆ ਰਹਿੰਦਾ ਹੈ; ਅੰਤਰ ਮੁਖੀ ਬ੍ਰਿਤੀ। ਤੇਜ ਪੁੰਜ-ਸਾਰਾ ਤੇਜ; ਪ੍ਰਕਾਸ਼ ਦਾ ਸੋਮਾ; ਸ਼ਕਤੀ ਦਾ ਸਮੂਹ। ਤਿਹੁ ਲੋਗ-ਤਿੰਨਾਂ ਲੋਕਾਂ ਵਿਚ। ਪ੍ਰਗਾਸੇ-ਪ੍ਰਕਾਸ਼ ਹੋ ਰਿਹਾ ਹੈ। ਭਟਕਿ-ਭਟਕਾਉਣ ਵਾਲਾ; ਘਬਰਾ ਕੇ; ਛੇਤੀ (ਗੁ. ਗ੍ਰੰ. ਸਾ. ਕੋਸ਼; ਸੰ. ਸ.)। ਭ੍ਰਮ ਭਜਤ-ਭਰਮ ਭੱਜ ਜਾਂਦਾ ਹੈ। ਪਰਹਰਿ-ਦੂਰ ਹੋ ਕੇ। ਸੁਖ ਸਹਜ-ਕੁਦਰਤੀ ਸੁਖ; ਆਤਮਕ ਸੁਖ। ਬਿਗਾਸੇ-ਪ੍ਰਗਟ ਹੁੰਦੇ ਹਨ। ਅਤਿ-ਬਹੁਤ। ਲੁਭਿਤ-ਲੁਭਾਇਮਾਨ; ਮਸਤ। ਅਲਿ-ਭੌਰੇ। ਸਮੂਹ-ਸਾਰੇ; ਸਮਦਾਇ। ਜਿਉ-ਜਿਵੇਂ। ਕੁਸਮ-ਫੁੱਲਾਂ ਦੀ। ਸੁਬਾਸੇ-ਮਹਿਕ। ਬਿਦ੍ਮਾਨ-ਅਪਣੀ ਮੌਜੂਦਗੀ ਚ; ਅਪਣੇ ਹੁੰਦਿਆਂ; ਅਪਣੇ ਸਾਮ੍ਹਣੇ। ਗੁਰਿ-ਗੁਰੂ (ਅਮਰਦਾਸ ਜੀ) ਨੇ। ਥਪ੍ਹਉ-(ਥਪਿਅਉ ਬੋਲੋ) ਅਸਥਾਪਨ ਕੀਤਾ; ਬਿਠਾ ਦਿਤਾ। ਥਿਰੁ-ਅਚੱਲ। ਗੁਰੂ ਰਾਮਦਾਸੈ-ਗੁਰੂ ਰਾਮਦਾਸ ਜੀ ਨੂੰ।੬।

ਤਾਰ੍ਹਉ ਸੰਸਾਰੁ ਮਾਯਾ ਮਦ ਮੋਹਿਤ, ਅੰਮ੍ਰਿਤ ਨਾਮੁ ਦੀਅਉ ਸਮਰਥੁ ॥ ਫੁਨਿ ਕੀਰਤਿਵੰਤ ਸਦਾ ਸੁਖ ਸੰਪਤਿ, ਰਿਧਿ ਅਰੁ ਸਿਧਿ ਨ ਛੋਡਇ ਸਥੁ ॥ (ਗੁਰੂ ਰਾਮਦਾਸ ਜੀ ਨੇ) ਮਾਇਆ ਦੇ ਹੰਕਾਰ ਨਾਲ ਮੋਹਿਤ ਹੋਏ ਸੰਸਾਰ ਨੂੰ ਤਾਰ ਦਿਤਾ ਹੈ, (ਆਪ ਨੇ ਜੀਵਾਂ ਨੂੰ ਅਮਰ ਕਰਨ ਵਾਲਾ) ਸਮਰੱਥ ਅੰਮ੍ਰਿਤ ਨਾਮ ਬਖਸ਼ਿਆ ਹੈ। ਪੁਨਾ ਆਪ ਸੋਭਾ ਵਾਲੇ ਹੋ, ਸੁੱਖ ਅਤੇ ਧਨ ਮਾਲ (ਦੇਣ) ਵਾਲੇ ਹੋ, ਰਿਧੀਆਂ ਸਿਧੀਆਂ ਤਾਂ ਆਪ ਦਾ ਸਾਥ ਛਡਦੀਆਂ ਹੀ ਨਹੀ ਹਨ।

ਅੰਗ ੧੪੦੫ = ਦਾਨਿ ਬਡੌ ਅਤਿਵੰਤ ਮਹਾ ਬਲਿ, ਸੇਵਕਿ ਦਾਸਿ ਕਹਿਓ ਇਹੁ ਤਥੁ ॥ ਤਾਹਿ ਕਹਾ ਪਰਵਾਹ ਕਾਹੂ ਕੀ, ਜਾ ਕੈ ਬਸੀਸਿ ਧਰਿਓ ਗੁਰਿ ਹਥੁ ॥੭॥੪੯॥ (ਗੁਰੂ ਰਾਮਦਾਸ ਜੀ) ਬੜੇ ਦਾਨੀ ਅਤੇ (ਕਾਮ ਆਦਿਕਾਂ ਨੂੰ ਜਿੱਤਣ ਲਈ) ਅਤਿਅੰਤ ਮਹਾਂ ਬਲੀ ਹਨ, (ਮੈਂ ਮਥਰਾ) ਸੇਵਕ ਨੇ ਦਾਸਾ ਭਾਵ ਨਾਲ ਇਹ ਸਿਧਾਂਤ ਆਖਿਆ ਹੈ। ਉਸ (ਮਨੁੱਖ) ਨੂੰ ਕਿਸੇ ਦੀ ਕੀ ਪ੍ਰਵਾਹ ਹੈ? ਜਿਸ ਦੇ ਸਿਰ ਉਤੇ ਗੁਰੂ (ਰਾਮਦਾਸ ਜੀ) ਨੇ ਹੱਥ ਰਖਿਆ ਹੈ।੭।੪੭।

ਪਦਾਰਥ = ਤਾਰ੍ਹਉ-(ਤਾਰਿਅਉ ਬੋਲੋ) ਤਾਰ ਦਿਤਾ। ਮਾਯਾ ਮਦ-ਮਾਇਆ ਦਾ ਨਸ਼ਾ (ਹੰਕਾਰ)। ਮੋਹਿਤ-ਮੋਹਿਆ ਹੋਇਆ। ਸਮਰਥੁ-ਤਾਕਤ ਵਾਲਾ। ਫੁਨਿ-ਫਿਰ। ਕੀਰਤਿਵੰਤ-ਸੋਭਾ ਵਾਲੇ। ਸੰਪਤਿ-ਮਾਲ ਧਨ ਦੇਣ ਵਾਲੇ। ਰਿਧਿ ਸਿਧਿ-ਰਿਧੀਆਂ ਸਿਧੀਆਂ। ਨ ਛੋਡਇ-(ਛੋਡੇ ਪੜ੍ਹਨਾ ਅਸ਼ੁੱਧ ਹੈ, ਛੋਡਏ ਬੋਲੋ) ਛਡਦੀਆਂ ਨਹੀਂ। ਸਥੁ-ਸਾਥ। ਦਾਨਿ-ਦਾਨੀ। ਬਡੌ-ਵੱਡੇ। ਅਤਿਵੰਤ-ਅਤਿਅੰਤ। ਮਹਾਬਲਿ-ਮਹਾਂ ਬਲੀ। ਸੇਵਕਿ-ਸੇਵਕ ਨੇ। ਦਾਸਿ-ਦਾਸਾ ਭਾਵ ਵਿਚ। ਤਥੁ-ਨਿਚੋੜ; ਯਥਾਰਥ; ਸੱਚਾਈ ;ਸਿਧਾਂਤ। ਤਾਹਿ-ਉਸ ਮਨੁੱਖ ਨੂੰ। ਕਹਾ-ਕਿਥੇ? ਕਾਹੂ ਕੀ-ਕਿਸੇ ਦੀ। ਜਾ ਕੈ-ਜਿਸ ਦੇ। ਬਸੀਸਿ-ਸਿਰ ਉਤੇ। ਗੁਰਿ-ਗੁਰੂ ਨੇ।੭।੪੯।

ਮਥਰਾ ਭੱਟ ਦੇ ੭ ਸਵੱਯੇ ਪੂਰੇ ਹੋ ਕੇ ਭੱਟ ਬੱਲ ਦੇ ਸ਼ੁਰੂ ਹੁੰਦੇ ਹਨ।

ਤੀਨਿ ਭਵਨ ਭਰਪੂਰਿ ਰਹਿਓ ਸੋਈ ॥ ਅਪਨ ਸਰਸੁ ਕੀਅਉ ਨ ਜਗਤ ਕੋਈ ॥ ਉਹ (ਵਾਹਿਗੁਰੂ) ਤਿੰਨਾਂ ਭਵਨਾਂ ਵਿਚ ਵਿਆਪਕ ਹੈ, ਉਸ ਨੇ ਜਗਤ ਵਿਚ ਅਪਣੇ ਵਰਗਾ ਕੋਈ ਨਹੀਂ ਪੈਦਾ ਕੀਤਾ (ਅਦੁਤੀ ਹੈ) {ਰਵਿ ਰਹਿਆ ਏਕੁ ,ਅਵਰੁ ਨਹੀ ਦੂਆ ੪੭੮}।

ਆਪੁਨ ਆਪੁ, ਆਪ ਹੀ ਉਪਾਯਉ ॥ ਅਪਣਾ ਆਪ (ਉਸ ਨੇ) ਆਪ ਹੀ ਪੈਦਾ ਕੀਤਾ ਹੈ; ਉਸ ਹਰੀ ਨੇ ਆਪ ਹੀ (ਸ੍ਵੈ ਇਛਾ ਅਨੁਸਾਰ) ਅਪਣੇ ਆਪ ਤੋਂ ਜਗਤ ਨੂੰ ਪੈਦਾ ਕੀਤਾ (ਸੰ. ਸ.; ਟਕਸਾਲ) {ਆਪਨ ਆਪੁ ਆਪਹਿ ਉਪਾਇਓ। ਆਪਨ ਬਾਪ ਆਪ ਹੀ ਮਾਇਓ ੨੫੦; ਅਪਣਾ ਆਪੁ ਉਪਾਇਓਨੁ ,ਤਦਹੁ ਹੋਰੁ ਨ ਕੋਈ ੫੦੯}।

ਸੁਰਿ ਨਰ ਅਸੁਰ ਅੰਤੁ ਨਹੀ ਪਾਯਉ ॥ ਦੇਵਤੇ, ਦੈਂਤ ਤੇ ਮਨੁੱਖਾਂ (ਵਿਚੋਂ  ਕਿਸੇ) ਨੇ ਉਸਦਾ ਅੰਤ ਨਹੀਂ ਪਾਇਆ; ਦੈਵੀ ਗੁਣਾਂ (ਸੁਰੀ ਸੰਪਦਾ) ਵਾਲੇ ਮਨੱਖਾਂ ਅਤੇ ਦੈਂਤ ਬਿਰਤੀ ਵਾਲੇ ਮਨੁੱਖਾਂ ਨੇ ਵੀ ਉਸ ਦਾ ਅੰਤ ਨਹੀ ਪਾਇਆ।

ਪਾਯਉ ਨਹੀ ਅੰਤੁ, ਸੁਰੇ ਅਸੁਰਹ ਨਰ, ਗਣ ਗੰਧਰਬ ਖੋਜੰਤ ਫਿਰੇ ॥ (ਜਿਸ ਵਾਹਿਗੁਰੂ ਦਾ) ਅੰਤ ਦੇਵਤੇ ਅਤੇ ਦੈਂਤਾਂ ਤੇ ਮਨੁੱਖਾਂ ਨੇ ਨਹੀ ਪਾਇਆ, ਸ਼ਿਵ ਜੀ ਦੇ ਸੇਵਕ ਅਤੇ ਦੇਵਤਿਆਂ ਦੇ ਗਵੱਈਏ (ਜਿਸ ਨੂੰ) ਲੱਭਦੇ ਫਿਰਦੇ ਹਨ।

ਅਬਿਨਾਸੀ ਅਚਲੁ ਅਜੋਨੀ ਸੰਭਉ, ਪੁਰਖੋਤਮੁ ਅਪਾਰ ਪਰੇ ॥ (ਵਾਹਿਗੁਰੂ) ਨਾਸ਼ ਰਹਿਤ ਹੈ, ਅਚੱਲ ਹੈ, ਅਜਨਮਾ, ਸੁਤੇ ਪ੍ਰਕਾਸ਼ ਹੈ ,ਉਤਮ ਪੁਰਖ ਹੈ, ਬੇਅੰਤ ਹੈ, ਸਭ ਤੋਂ ਪਰੇ (ਅਸੰਗ) ਹੈ।

ਕਰਣ ਕਾਰਣ ਸਮਰਥੁ ਸਦਾ ਸੋਈ, ਸਰਬ ਜੀਅ ਮਨਿ ਧ੍ਯਾਇਯਉ ॥ ਉਹ ਪ੍ਰਭੂ ਸੰਸਾਰ ਰਚਨਾ ਦੇ ਕਾਰਣ ਦਾ ਬੀ ਮੂਲ ਕਾਰਣ ਹੈ, ਸਦਾ ਸਮਰੱਥ ਹੈ, (ਉਸ ਨੂੰ) ਸਾਰੇ ਜੀਵਾਂ ਨੇ ਮਨ ਵਿਚ ਧਿਆਇਆ ਹੈ।

ਸ੍ਰੀ ਗੁਰੂ ਰਾਮਦਾਸ ਜਯੋ ਜਯ ਜਗ ਮਹਿ, ਤੈ ਹਰਿ ਪਰਮ ਪਦੁ ਪਾਇਯਉ ॥੧॥ (ਉਸ ਪ੍ਰਭੂ ਦੇ ਸਰੂਪ) ਹੇ ਸ੍ਰੀ ਗੁਰੂ ਰਾਮਦਾਸ ਜੀ! (ਆਪ ਜੀ ਦੀ ਸਾਰੇ) ਜਗਤ ਵਿਚ ਜੈ ਹੀ ਜੈ ਹੋ ਰਹੀ ਹੈ, (ਕਿਉਂਕਿ) ਆਪ ਨੇ ਹਰੀ ਦਾ ਪਰਮ ਪਦ ਪ੍ਰਾਪਤ ਕਰ ਲਿਆ ਹੈ।੧।

ਪਦਾਰਥ = ਤੀਨਿ ਭਵਨ–ਤਿੰਨ ਭਵਨਾਂ ਵਿਚ। ਭਰਪੂਰਿ ਰਹਿਓ–ਵਿਆਪਕ ਹੋ ਰਿਹਾ ਹੈ। ਸੋਈ–ਉਹ (ਹਰੀ)। ਅਪਨ ਸਰਸੁ–ਅਪਣੇ ਵਰਗਾ। ਕੀਅਉ ਨ–ਪੈਦਾ ਨਹੀਂ ਕੀਤਾ। ਆਪੁਨ ਆਪੁ–ਅਪਣਾ ਆਪ (ਅਪਣੇ ਆਪ ਨੂੰ)। ਉਪਾਯਉ–(ਉਪਾਇਅਉ ਬੋਲੋ) ਪੈਦਾ ਕੀਤਾ। ਸੁਰਿ–ਦੇਵਤਿਆਂ ਨੇ। ਨਰ–ਮਨੁੱਖ। ਅਸੁਰ–ਦੈਂਤ। ਗਣ–ਸ਼ਿਵ ਜੀ ਦੇ ਸੇਵਕ। ਗੰਧਰਬ–ਦੇਵਤਿਆਂ ਦੇ ਰਾਗੀ। ਖੋਜੰਤ ਫਿਰੇ–ਖੋਜਦੇ ਫਿਰਦੇ ਹਨ। ਅਬਿਨਾਸੀ–ਨਾਸ਼ ਰਹਿਤ। ਅਚਲੁ–ਅਡੋਲ; ਇਕ ਰਸ ਰਹਿਣ ਵਾਲਾ ਹਰੀ। ਸੰਭਉ–ਅਪਣੇ ਆਪ ਤੋਂ ਪੈਦਾ ਹੋਣ ਵਾਲਾ; ਸੁਤੇ ਪ੍ਰਕਾਸ਼। ਪੁਰਖੋਤਮ–ਉਤਮ ਪੁਰਖ। ਅਪਾਰ–ਬੇਅੰਤ। ਪਰੇ–ਸਭ ਤੋਂ ਪਰੇ (ਅਸੰਗ)। ਕਰਣ ਕਾਰਣ–ਸ੍ਰਿਸਟੀ ਜਿਨ੍ਹਾਂ ਕਾਰਣਾਂ ਕਰਕੇ ਰਚੀ ਗਈ, ਹਰੀ ਉਨ੍ਹਾਂ ਸਾਰੇ ਕਾਰਣਾਂ ਦਾ ਵੀ ਕਰਨ ਵਾਲਾ ਹੈ; ਜਗਤ ਨੂੰ ਰਚਣ ਦਾ ਮੂਲ ਕਾਰਣ। ਸਰਬ ਜੀਅ–ਸਾਰੇ ਜੀਵਾਂ ਨੇ। ਮਨਿ–ਮਨ ਵਿਚ। ਧ੍ਯਾਇਯਉ–(ਧਿਆਇਅਉ ਪੜ੍ਹੋ) ਧਿਆਇਆ ਹੈ। ਜਯੋ ਜਯ–(ਜਇਅਉ ਜੈਅ ਪੜ੍ਹੋ) ਜੈ ਹੀ ਜੈ (ਮਹਿਮਾ) ਹੋ ਰਹੀ ਹੈ; ਜੈ ਜੈ ਕਾਰ। ਤੈ–ਤੁਸੀਂ। ਜਗ ਮਹਿ–ਜਗਤ ਵਿਚ। ਪਰਮ ਪਦੁ–ਸਭ ਤੋਂ ਸਿਖਰਲੀ ਪਦਵੀ।੧।

ਸਤਿਗੁਰਿ ਨਾਨਕਿ, ਭਗਤਿ ਕਰੀ ਇਕ ਮਨਿ, ਤਨੁ ਮਨੁ ਧਨੁ ਗੋਬਿੰਦ ਦੀਅਉ ॥ (ਪਹਿਲਾਂ) ਸੱਤਗੁਰੂ ਨਾਨਕ ਦੇਵ ਜੀ ਨੇ ਇਕ ਮਨ ਹੋ ਕੇ (ਵਾਹਿਗੁਰੂ ਦੀ) ਭਗਤੀ ਕੀਤੀ ਅਤੇ (ਅਪਣਾ) ਤਨ ਮਨ ਤੇ ਧਨ ਸਭ ਵਾਹਿਗੁਰੂ ਨੂੰ ਅਰਪਨ ਕਰ ਦਿਤਾ।

ਅੰਗਦਿ ਅਨੰਤ ਮੂਰਤਿ ਨਿਜ ਧਾਰੀ, ਅਗਮ ਗ੍ਯਾਨਿ ਰਸਿ ਰਸੵਉ ਹੀਅਉ ॥ (ਫਿਰ) ਗੁਰੂ ਅੰਗਦ ਦੇਵ ਨੇ ਬੇਅੰਤ ਵਾਹਿਗੁਰੂ ਦਾ ਸਰੂਪ ਅਪਣੇ (ਅੰਦਰ) ਧਾਰਨ ਕੀਤਾ; ਗੁਰੂ ਅੰਗਦ ਦੇਵ ਨੇ ਅਨੰਤ ਵਾਹਿਗੁਰੂ ਦਾ ਅਪਣਾ ਸਰੂਪ ਧਾਰਿਆ ਹੈ ਭਾਵ ਗੁਰੂ ਨਾਨਕ ਦੇਵ ਜੀ ਵਾਹਿਗੁਰੂ ਦਾ ਰੂਪ ਹੋਏ, ਓਹੀ ਰੂਪ ਗੁਰੂ ਅੰਗਦ ਦੇਵ ਜੀ ਨੇ ਅਪਣਾ ਧਾਰਿਆ ਹੈ (ਮੇਰਾ ਖਿਆਲ) ਅਤੇ ਅਪਹੁੰਚ ਪ੍ਰਭੂ ਦੇ ਗਿਆਨ ਰਸ ਵਿਚ (ਅਪਣਾ) ਹਿਰਦਾ ਰਸਾਇਆ; ਹਿਰਦਾ ਵਾਹਿਗੁਰੂ ਦੇ ਗਿਆਨ ਦੁਆਰਾ ਪ੍ਰੇਮ ਵਿਚ ਭਿੱਜ ਗਿਆ।

ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ, ਵਾਹੁ ਵਾਹੁ ਕਰਿ ਧ੍ਯਾਇਯਉ ॥ ਗੁਰੂ ਅਮਰਦਾਸ ਜੀ ਨੇ (ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਕੇ) ਕਰਤਾਰ ਨੂੰ (ਅਪਣੇ) ਵਸ ਵਿਚ ਕਰ ਲਿਆ ਅਤੇ (ਉਸ ਨੂੰ) ਵਾਹੁ ਵਾਹੁ ਕਰਕੇ ਧਿਆਇਆ; ਹੇ ਵਾਹਿਗੁਰੂ ਤੂੰ ਧੰਨ ਹੈਂ, ਹੇ ਵਾਹਿਗੁਰੂ ਤੂੰ ਅਚਰਜ ਹੈਂ ਕਰਕੇ ਸਿਮਰਿਆ ਹੈ।

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ, ਤੈ ਹਰਿ ਪਰਮ ਪਦੁ ਪਾਇਯਉ ॥੨॥ (ਅਰਥ ਉਪਰ ਹੋ ਗਏ ਹਨ)।੨।

ਪਦਰਥ = ਸਤਿਗੁਰਿ ਨਾਨਕਿ–ਸਤਿਗੁਰੂ ਨਾਨਕ ਦੇਵ ਜੀ ਨੇ। ਇਕ ਮਨਿ–ਇਕ ਮਨ ਹੋ ਕੇ; ਇਕਾਗਰ ਮਨ ਨਾਲ। ਗੋਬਿੰਦ–ਵਾਹਿਗੁਰੂ ਨੂੰ। ਦੀਅਉ–ਅਰਪਣ ਕਰ ਦਿਤਾ। ਅੰਗਦਿ–(ਗੁਰੂ) ਅੰਗਦ ਦੇਵ ਨੇ। ਅਨੰਤ ਮੂਰਤਿ–ਬੇਅੰਤ ਹਰੀ ਦਾ ਸਰੂਪ। ਨਿਜ ਧਾਰੀ –ਅਪਣੇ ਅੰਦਰ ਧਾਰਣ ਕੀਤਾ; ਆਪ ਖੁਦ ਧਾਰਿਆ। ਅਗਮ ਗ੍ਯਾਨਿ–(ਗਿਆਨ ਬੋਲੋ) ਅਪਹੁੰਚ ਹਰੀ ਗਿਆਨ ਦੁਆਰਾ। ਰਸਿ–ਰਸ ਵਿਚ; ਪ੍ਰੇਮ; ਅਨੰਦ ਵਿਚ। ਰਸੵਉ–(ਰਸਿਅਉ ਪੜ੍ਹੋ) ਰਸ ਵਾਲਾ ਹੋ ਗਿਆ; ਭਿਜ ਗਿਆ (ਗਿਆਨ ਦੁਆਰਾ ਅਨੰਦ ਵਿਚ ਭਿਜ ਗਿਆ)। ਹੀਅਉ–ਹਿਰਦਾ। ਗੁਰਿ ਅਮਰਦਾਸਿ–ਗੁਰੂ ਅਮਰਦਾਸ ਜੀ ਨੇ। ਕੀਅਉ ਵਸਿ–ਵਸ ਵਿਚ ਕਰ ਲਿਆ। ਵਾਹੁ ਵਾਹੁ–ਵਾਹ ਵਾਹ (ਧੰਨ ਧੰਨ)। ਕਰਿ–ਕਰ ਕੇ। ਧ੍ਯਾਇਯਉ–(ਧਿਆਇਅਉ ਪੜ੍ਹੋ) ਸਿਮਰਿਆ।੨।

ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ, ਪੁਬ ਭਗਤ ਹਰਿ ਕੇ ਜੁ ਗਣੰ ॥ ਨਾਰਦ (ਰਿਖੀ), ਧਰੂ ਤੇ ਪ੍ਰਹਿਲਾਦ (ਭਗਤ ਜੋ ਸਤਜੁਗ ਵਿਚ ਹੋਏ ਹਨ) ਤੇ ਸੁਦਾਮਾ (ਦੁਆਪਰ ਵਿਚ ਹੋਇਆ ਹੈ, ਇਹ) ਜੋ ਪਹਿਲੇ ਜੁਗਾਂ ਦੇ ਭਗਵਾਨ ਦੇ ਭਗਤ ਗਿਣੇ ਜਾਂਦੇ ਹਨ।

ਅੰਬਰੀਕ ਜਯਦੇਵ ਤ੍ਰਿਲੋਚਨੁ ,ਨਾਮਾ ਅਵਰੁ ਕਬੀਰੁ ਭਣੰ ॥ ਅੰਬਰੀਕ (ਵੀ ਦੁਆਪਰ ਜੁਗ ਦਾ ਭਗਤ ਹੈ, ਅਤੇ ਜਿਹੜੇ) ਜੈ ਦੇਵ, ਤ੍ਰਿਲੋਚਨ ਤੇ ਹੋਰ ਨਾਮਦੇਵ ਅਤੇ ਕਬੀਰ ਜੀ ਕਹੇ ਜਾਂਦੇ ਹਨ।

ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ, ਜਸੁ ਜਗਤ੍ਰ ਪਰਿ ਛਾਇਯਉ ॥ ਇਨ੍ਹਾਂ (ਭਗਤਾਂ) ਦਾ ਅਵਤਾਰ ਕਲਜੁਗ ਵਿਚ ਹੋਇਆ, (ਭਗਤੀ ਦੇ ਪ੍ਰਤਾਪ ਕਰਕੇ ਇਨ੍ਹਾਂ ਸਾਰਿਆਂ ਦਾ) ਜਸ ਜਗਤ ਤੇ ਫੈਲਿਆ ਹੋਇਆ ਹੈ।

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ, ਤੈ ਹਰਿ ਪਰਮ ਪਦੁ ਪਾਇਯਉ ॥੩॥ (ਇਸ ਤੁਕ ਦੇ ਅਰਥ ਉਤੇ ਹੋ ਗਏ ਹਨ)।੩।

ਪਦਾਰਥ = ਨਾਰਦ–ਇਕ ਰਿਖੀ, ਜਿਸ ਦੇ ਰਿਗ ਵੇਦ ਵਿਚ ਕਈ ਮੰਤ੍ਰ ਲਿਖੇ ਮਿਲਦੇ ਹਨ, ਸਵੱਰਗ ਦੇ ਰਾਗੀਆਂ ਦਾ ਮੋਹਰੀ ਹੈ। ਸੁਦਾਮਾ–ਕ੍ਰਿਸਨ ਦਾ ਬਚਪਨ ਦਾ ਮਿਤ੍ਰ। ਪੁਬ–ਪੂਰਬਲੇ; ਪਹਿਲਾਂ ਹੋ ਚੁਕੇ। ਜੁ ਗਣੰ–ਜੋ ਗਿਣੀਦੇ ਹਨ; ਜੁਗਣੰ–(ਪਹਿਲੇ) ਜੁੱਗਾਂ ਵਿਚ (ਟਕਸਾਲ)। ਅੰਬਰੀਕ–ਸੂਰਜ ਵੰਸੀ ਅਯੁਧਿਆ ਦਾ ਭਗਤ ਰਾਜਾ, ਜਿਸ ਦੀ ਰੱਖਿਆ ਲਈ ਵਿਸ਼ਨੂੰ ਨੇ ਦੁਰਬਾਸਾ ਰਿਖੀ ਦਾ ਮਾਨ ਭੰਗ ਕੀਤਾ ਸੀ। ਜਯ ਦੇਵ–ਬੰਗਾਲ ਦਾ ਭਗਤ ਜੈ ਦੇਵ। ਨਾਮਾ–ਭਗਤ ਨਾਮਦੇਵ ਜੀ। ਅਵਰੁ–ਹੋਰ। ਭਣੰ–ਕਹੇ ਜਾਂਦੇ ਹਨ। ਅਵਤਾਰੁ ਭਯਉ–(ਭਇਅਉ ਬੋਲੋ) ਅਵਤਾਰ ਹੋਇਆ। ਕਲਿ ਭਿੰਤਰਿ–ਕਲਜੁਗ (ਭੀਤਰ)ਵਿਚ। ਜਗਤ੍ਰ ਪਰਿ–(ਜਗੱਤ੍ਰ ਬੋਲੋ) ਜਗਤ ਉਤੇ। ਛਾਇਯਉ–(ਛਾਇਅਉ ਬੋਲੋ) ਫੈਲਿਆ ਹੈ। ਪਾਇਯਉ–(ਪਾਇਅਉ ਬੋਲੋ) ਪ੍ਰਾਪਤ ਕੀਤਾ।੩।

ਮਨਸਾ ਕਰਿ ਸਿਮਰੰਤ ਤੁਝੈ ਨਰ, ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ ॥ (ਹੇ ਗੁਰੂ ਰਾਮਦਾਸ ਜੀ!) ਜੋ ਮਨੁੱਖ ਮਨ ਦੀ ਚਾਹਨਾ ਨਾਲ ਆਪ ਜੀ ਨੂੰ ਸਿਮਰਦੇ ਹਨ, ਉਨ੍ਹਾਂ ਦਾ ਜੋ ਕਾਮ ਅਤੇ ਕ੍ਰੋਧ ਹੈ, ਮਿਟ ਜਾਂਦਾ ਹੈ।

ਬਾਚਾ ਕਰਿ ਸਿਮਰੰਤ ਤੁਝੈ, ਤਿਨ੍ ਦੁਖੁ ਦਰਿਦ੍ਰ ਮਿਟਯਉ ਜੁ ਖਿਣੰ ॥ (ਜਿਹੜੇ ਮਨੁੱਖ) ਬਾਣੀ ਕਰਕੇ ਆਪ ਜੀ ਨੂੰ ਸਿਮਰਦੇ (ਜੀਭ ਨਾਲ ਬਾਣੀ ਪੜ੍ਹਦੇ) ਹਨ, ਉਨ੍ਹਾਂ ਦਾ ਜੋ ਦੁਖ ਤੇ ਗਰੀਬੀ ਹੈ, ਖਿਨ ਵਿਚ ਮਿਟ ਜਾਂਦੇ ਹਨ।

ਕਰਮ ਕਰਿ, ਤੁਅ ਦਰਸ ਪਰਸ ਪਾਰਸ ਸਰ, ਬਲ੍ ਭਟ ਜਸੁ ਗਾਇਯਉ ॥ (ਜੋ ਮਨੁੱਖ) ਸਰੀਰ ਜਾਂ ਕਰਮਾਂ ਕਰਕੇ ਆਪ ਜੀ ਦਾ ਦਰਸ਼ਨ ਪਰਸਦੇ ਹਨ, ਉਹ ਪਾਰਸ ਵਰਗੇ ਹੋ ਜਾਂਦੇ ਹਨ, (ਇਸ ਲਈ) ਬਲ੍ ਭੱਟ ਆਪ ਜੀ ਦਾ ਜਸ ਗਾਉਂਦਾ ਹੈ।

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ, ਤੈ ਹਰਿ ਪਰਮ ਪਦੁ ਪਾਇਯਉ ॥੪॥ ਹੇ ਗੁਰੂ ਰਾਮ ਦਾਸ ਜੀ! (ਆਪ ਜੀ ਦੀ ਸਾਰੇ) ਜਗਤ ਵਿਚ ਜੈ ਹੀ ਜੈ ਹੋ ਰਹੀ ਹੈ, (ਕਿਉਂਕਿ) ਆਪ ਜੀ ਨੇ ਹਰੀ ਸਰੂਪ ਪਰਮ ਪਦ ਪ੍ਰਾਪਤ ਕਰ ਲਿਆ ਹੈ।੪।

ਪਦਾਰਥ = ਮਨਸਾ-ਮਨ ਕਰਕੇ; ਮਨ ਦੀ ਚਾਹਨਾ ਨਾਲ।ਸਿਮਰੰਤ-ਸਿਮਰਦੇ ਹਨ।ਤੁਝੈ-ਤੈਨੂੰ; ਆਪ ਜੀ ਨੂੰ।ਨਰ-ਮਨੁੱਖ।ਜੁ-ਜੋ। ਤਿਣੰ-ਤਿਨ੍ਹਾਂ (ਉਨ੍ਹਾਂ) ਦਾ।ਬਾਚਾ ਕਰਿ-ਬਚਨਾਂ ਕਰਕੇ; (ਜੀਭ ਨਾਲ) ਬਾਣੀ ਪੜ੍ਹਨ ਕਰਕੇ।ਤਿਨ੍-ਉਨ੍ਹਾਂ ਦਾ।ਦਰਿਦ੍ਰ-ਗਰੀਬੀ।ਖਿਣੰ -ਇਕ ਖਿਨ ਵਿਚ।ਕਰਮ ਕਰਿ-ਸਰੀਰ ਕਰਕੇ (ਸਰੀਰ ਦੇ ਹੱਥਾਂ ਨਾਲ ਆਪਦੇ ਚਰਨ ਛੋਂਹਦੇ ਹਨ)।ਤੁਅ-(ਤੋਇ; ਤੋਆ ਨਾ ਪੜ੍ਹੋ) ਤੇਰੇ।ਦਰਸ ਪਰਸ-ਦਰਸ਼ਨ ਪਰਸਦੇ (ਕਰਦੇ) ਹਨ।ਸਰ-ਵਰਗੇ; ਬਰਾਬਰ।ਬਲ੍ ਭਟ-ਬਲ੍ ਭੱਟ।੪।

ਜਿਹ ਸਤਿਗੁਰ ਸਿਮਰੰਤ, ਨਯਨ ਕੇ ਤਿਮਰ ਮਿਟਹਿ ਖਿਨੁ ॥ ਜਿਸ ਸੱਤਗੁਰੂ (ਰਾਮਦਾਸ ਜੀ) ਦਾ ਸਿਮਰਨ ਕਰਦਿਆਂ (ਬੁੱਧੀ ਰੂਪ) ਨੇਤ੍ਰਾਂ ਦਾ ਹਨ੍ਹੇਰਾ (ਅਗਿਆਨਤਾ ਦਾ) ਖਿਨ ਵਿਚ ਮਿਟ ਜਾਂਦਾ ਹੈ।

ਜਿਹ ਸਤਿਗੁਰ ਸਿਮਰੰਥਿ, ਰਿਦੈ ਹਰਿ ਨਾਮੁ ਦਿਨੋ ਦਿਨੁ ॥ ਜਿਸ ਸੱਤਗੁਰੂ (ਰਾਮਦਾਸ ਜੀ) ਦਾ ਸਿਮਰਨ ਕਰਦਿਆਂ ਦਿਨੋ ਦਿਨ (ਨਿਤਾ ਪ੍ਰਤੀ) ਹਿਰਦੇ ਵਿਚ ਹਰੀ ਨਾਮ (ਦਾ ਅਭਿਆਸ ਵਧਦਾ ਜਾਂਦਾ ਹੈ)।

ਜਿਹ ਸਤਿਗੁਰ ਸਿਮਰੰਥਿ, ਜੀਅ ਕੀ ਤਪਤਿ ਮਿਟਾਵੈ ॥ ਜਿਹ ਸਤਿਗੁਰ ਸਿਮਰੰਥਿ, ਰਿਧਿ ਸਿਧਿ ਨਵ ਨਿਧਿ ਪਾਵੈ ॥ ਜਿਸ ਸੱਤਗੁਰੂ (ਰਾਮਦਾਸ ਜੀ) ਦਾ ਸਿਮਰਨ ਕਰਨ ਨਾਲ (ਮਨੁੱਖ) ਹਿਰਦੇ ਦੀ ਤਪਸ਼ ਮਿਟਾ ਲੈਂਦਾ ਹੈ।ਜਿਸ ਸੱਤਗੁਰੂ ਜੀ ਦਾ ਸਿਮਰਨ ਕਰਦਿਆਂ (ਮਨੁੱਖ) ਰਿਧੀਆਂ ਸਿਧੀਆਂ ਅਤੇ ਨੌਂ ਨਿਧੀਆਂ ਪ੍ਰਾਪਤ ਕਰ ਲੈਂਦਾ ਹੈ।

ਸੋਈ ਰਾਮਦਾਸੁ ਗੁਰੁ ਬਲ੍ ਭਣਿ, ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥ ਬਲ੍ ਭੱਟ ਜੀ ਆਖਦੇ ਹਨ ਕਿ ਉਹ ਸੱਤਗੁਰੂ ਰਾਮਦਾਸ ਜੀ ਹੀ ਹਨ (ਜਿਨ੍ਹਾਂ ਤੋਂ ਇਹ ਸਭ ਕੁਝ ਮਿਲਦਾ ਹੈ, ਹੇ ਸਿਖੋ! ਤੁਸੀਂ ਸਾਰੇ) ਸੰਗਤ ਵਿਚ ਮਿਲ ਕੇ ਧੰਨ ਗੁਰੂ ਧੰਨ ਗੁਰੂ ਉਚਾਰਨ ਕਰੋ।

ਜਿਹ ਸਤਿਗੁਰ ਲਗਿ ਪ੍ਰਭੁ ਪਾਈਐ, ਸੋ ਸਤਿਗੁਰੁ ਸਿਮਰਹੁ ਨਰਹੁ ॥੫॥ ਜਿਸ ਸੱਤਗੁਰੂ ਦੇ (ਚਰਨੀਂ) ਲਗ ਕੇ ਵਾਹਿਗੁਰੂ ਨੂੰ ਪਾ ਲਈਦਾ ਹੈ, ਹੇ ਪੁਰਖੋ! ਉਸ ਸੱਤਗੁਰੂ (ਰਾਮਦਾਸ ਜੀ) ਨੂੰ ਸਿਮਰੋ।੫।

ਪਦਾਰਥ = ਜਿਹ-ਜਿਸ ਦਾ।ਸਿਮਰੰਤ-ਸਿਮਰਦਿਆਂ।ਨਯਨ ਕੇ-(ਨੈਅਨ ਬੋਲੋ) ਨੇਤ੍ਰਾਂ ਦੇ।ਤਿਮਰ-(ਅਗਿਆਨਤਾ ਦਾ) ਹਨ੍ਹੇਰਾ। ਖਿਨੁ-ਇਕ ਖਿਨ ਵਿਚ ਹੀ।ਸਿਮਰੰਥਿ-ਸਿਮਰਨ ਕਰਨ ਨਾਲ।ਰਿਦੈ-ਹਿਰਦੇ ਵਿਚ।ਜੀਅ ਕੀ-ਹਿਰਦੇ ਦੀ।ਤਪਤ-ਜਲਨ; ਤਪਸ਼। ਨਵ ਨਿਧਿ-ਨੌਂ ਨਿਧੀਆਂ।ਸੋਈ-ਉਹ ਹੀ।ਬਲ੍ ਭਣਿ-ਭੱਟ ਬੱਲ ਜੀ ਆਖਦੇ ਹਨ।ਸੋ-ਉਸ।ਨਰਹੁ-ਹੇ ਪੁਰਖੋ।੫।੫੪।

ਬਲ੍ ਭੱਟ ਦੇ ੫ ਸਵੱਈਏ ਪੂਰਨ ਹੁੰਦੇ ਹਨ।ਅੱਗੇ ਕੀਰਤ ਭੱਟ ਦੇ ਸਵੱਈਏ ਅਰੰਭ ਹੁੰਦੇ ਹਨ, ਜੋ ਚਾਰ ਹਨ।

ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ, ਸੇਵਾ ਕਰਤ ਨ ਛੋਡਿਓ ਪਾਸੁ ॥ ਜਿਸ (ਗੁਰੂ ਰਾਮਦਾਸ ਜੀ ਨੇ) ਸ਼ਬਦ ਨੂੰ ਕਮਾ ਕੇ (ਜਾਂ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਕਮਾ ਕੇ ਭਾਵ ਉਪਦੇਸ ਤੇ ਅਮਲ ਕਰਕੇ) ਪਰਮ ਪਦ ਪ੍ਰਾਪਤ ਕੀਤਾ ਅਤੇ ਸੇਵਾ ਕਰਦਿਆਂ (ਗੁਰੂ ਅਮਰਦਾਸ ਜੀ ਦਾ) ਸਾਥ ਨਹੀ ਛਡਿਆ।

ਤਾ ਤੇ ਗਉਹਰੁ ਗ੍ਯ੍ਾਨ ਪ੍ਰਗਟੁ ਉਜੀਆਰਉ, ਦੁਖ ਦਰਿਦ੍ਰ ਅੰਧ੍ਯ੍ਾਰ ਕੋ ਨਾਸੁ ॥ ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ, ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥ ਉਸ (ਗੁਰੂ ਅਮਰਦਾਸ ਜੀ) ਤੋਂ ਮੋਤੀ (ਸ਼ੁੱਧ) ਗਿਆਨ ਦਾ ਪ੍ਰਕਾਸ਼ ਪ੍ਰਗਟ ਹੋਇਆ, (ਜਿਸ ਤੋਂ ਸੰਸਾਰ ਨੂੰ) ਦੁਖ ਦੇਣ ਵਾਲਾ ਦਲਿਦ੍ਰ ਅਤੇ ਅਗਿਆਨਤਾ ਦਾ ਹਨ੍ਹੇਰਾ ਨਾਸ਼ ਹੋ ਗਿਆ।ਕਵੀ ਕੀਰਤ ਜੀ ਆਖਦੇ ਹਨ, ਜਿਹੜੇ (ਮਨੁੱਖ ਸੰਸਾਰ ਵਲੋਂ) ਮੁੜ ਕੇ ਸੰਤ (ਗੁਰੂ ਰਾਮਦਾਸ ਜੀ) ਦੇ ਚਰਨੀਂ ਲਗਦੇ ਹਨ, ਉਨ੍ਹਾਂ (ਮਨੁੱਖਾਂ) ਨੂੰ ਕਾਮ ਕ੍ਰੋਧ ਅਤੇ ਜਮਾਂ ਦਾ ਭੈ ਨਹੀ ਰਹਿੰਦਾ।

ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ, ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥੧॥ ਜਿਵੇਂ ਗੁਰੂ ਅੰਗਦ ਦੇਵ ਜੀ, ਗੁਰੂ ਨਾਨਕ ਦੇਵ ਜੀ ਦੇ ਅੰਗ ਸੰਗ (ਹਜੂਰੀ ਵਿਚ) ਰਹੇ, ਉਸੇ ਤਰ੍ਹਾਂ ਗੁਰੂ ਅਮਰਦਾਸ ਜੀ ਦੇ (ਅੰਗ ਸੰਗ) ਗੁਰੂ ਰਾਮਦਾਸ ਜੀ ਰਹੇ ਹਨ (ਜਿਵੇਂ ਗੁਰੂ ਨਾਨਕ ਦੇਵ ਜੀ ਦੀ ਆਤਮਾ ਨਾਲ ਮਿਲ ਕੇ ਗੁਰੂ ਅੰਗਦ ਦੇਵ ਜੀ ਗੁਰੂ ਹੋਏ, ਫਿਰ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਰਹਿ ਕੇ ਗੁਰੂ ਅਮਰਦਾਸ ਜੀ ਗੁਰੂ ਬਣੇ।ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨਾਲ ਇਕ ਮਿਕ ਹੋ ਕੇ ਗੁਰੂ ਰਾਮਦਾਸ ਜੀ ਗੁਰੂ ਹੋਏ ਹਨ)।੧।

ਪਦਾਰਥ = ਜਿਨਿ-ਜਿਸ (ਗੁਰੂ ਰਾਮਦਾਸ ਜੀ) ਨੇ।ਕਮਾਇ-ਕਮਾ ਕੇ; ਅਭਿਆਸ ਕਰਕੇ।ਪਰਮ ਪਦੁ-ਉਚੀ ਆਤਮਕ ਅਵਸਥਾ; ਵਾਹਿਗੁਰ ਦੀ ਪ੍ਰਾਪਤੀ।ਸੇਵਾ ਕਰਤ-ਸੇਵਾ ਕਰਦਿਆਂ।ਪਾਸੁ-ਸਾਥ; ਹਜ਼ੂਰੀ; ਨੇੜਤਾ; ਕੋਲ।ਤਾ ਤੇ-ਉਸ (ਗੁਰੂ) ਤੋਂ।ਗਉਹਰੁ-ਮੋਤੀ ;ਸ਼ੁੱਧ; ਉਜਲ।ਗ੍ਯ੍ਾਨ-(ਗਿਆਨ ਬੋਲੋ) ਗਿਆਨ।ਉਜੀਆਰਉ-ਉਜਾਲਾ; ਪ੍ਰਕਾਸ਼।ਦਰਿਦ੍ਰ-ਗਰੀਬੀ।ਅੰਧ੍ਯ੍ਾਰ ਕੋ-(ਅੰਧਿਆਰ ਬੋਲੋ)

ਹਨ੍ਹੇਰਾ (ਅਗਿਆਨਤਾ) ਦਾ।ਕਵਿ ਕੀਰਤ–ਕਵੀ ਭੱਟ ਕੀਰਤ ਜੀ।ਜੋ–ਜਿਹੜੇ (ਮਨੁੱਖ)।ਸੰਤ–ਸ਼ਾਂਤ ਆਤਮਾ।ਮੁੜਿ–(ਸੰਸਾਰ ਵੱਲੋਂ) ਮੁੜ ਕੇ।ਤਿਨ੍–ਉਨ੍ਹਾਂ ਨੂੰ।ਜਮ ਕੋ–ਜਮਾਂ (ਮੌਤ) ਦਾ।ਤ੍ਰਾਸੁ–ਡਰ।ਜਿਵ–ਜਿਵੇਂ।ਅੰਗਿ ਸੰਗਿ–ਹਜੂਰੀ ਵਿਚ; ਆਤਮਾ ਨਾਲ (ਮਿਲ ਕੇ ਇਕ ਰੂਪ ਹੋਏ); ਹਰ ਵੇਲੇ ਸਾਥ।ਤਿਵ–ਤਿਵੇਂ।ਕੈ–ਦੇ।੧।

ਅੰਗ ੧੪੦੬ = ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ, ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥ ਜਿਸ (ਗੁਰੂ ਰਾਮਦਾਸ ਜੀ ਨੇ) ਸੱਤਗੁਰੂ (ਅਮਰਦਾਸ ਜੀ) ਦੀ ਸੇਵਾ ਕਰਕੇ ਨਾਮ ਪਦਾਰਥ ਪਾਇਆ ਅਤੇ ਦਿਨ ਰਾਤ (ਗੁਰੂ ਰਾਮਦਾਸ ਜੀ ਦਾ) ਹਰੀ ਦੇ ਚਰਨਾਂ ਵਿਚ ਨਿਵਾਸ ਰਹਿੰਦਾ ਹੈ।

ਤਾ ਤੇ ਸੰਗਤਿ ਸਘਨ, ਭਾਇ ਭਉ ਮਾਨਹਿ, ਤੁਮ ਮਲੀਆਗਰ ਪ੍ਰਗਟ ਸੁਬਾਸੁ ॥ ਇਸੇ ਕਰਕੇ ਬੇਅੰਤ ਸੰਗਤ (ਗੁਰੂ ਰਾਮਦਾਸ ਜੀ ਦਾ) ਪ੍ਰੇਮ ਸਹਿਤ ਭੈ ਮੰਨਦੀ ਹੈ, (ਅਤੇ ਸੰਗਤ ਆਖਦੀ ਹੈ, ਹੇ ਗੁਰੂ ਜੀ!) ਤੁਸੀਂ ਮਲਯ ਪਹਾੜ ਦੇ ਚੰਦਨ ਹੋ, ਜਿਸ ਦੀ ਮਹਿਕ ਪ੍ਰਗਟ ਹੋ ਰਹੀ ਹੈ (ਜਸ ਜਗਤ ਵਿਚ ਫੈਲ ਰਿਹਾ ਹੈ)।

ਧ੍ਰੂ ਪ੍ਰਹਲਾਦ ਕਬੀਰ ਤਿਲੋਚਨ, ਨਾਮੁ ਲੈਤ ਉਪਜੵੋ ਜੁ ਪ੍ਰਗਾਸੁ ॥ (ਭਗਤ) ਧਰੂ, ਪ੍ਰਹਲਾਦ, ਕਬੀਰ ਜੀ ਅਤੇ ਤ੍ਰਿਲੋਚਨ ਨੂੰ (ਜਿਸ ਵਾਹਿਗੁਰੂ ਦਾ) ਨਾਮ ਲੈਣ (ਜਪਣ) ਕਰਕੇ ਜੋ ਆਤਮਕ ਪ੍ਰਕਾਸ਼ ਪੈਦਾ ਹੋਇਆ ਸੀ।

ਜਿਹ ਪਿਖਤ ਅਤਿ ਹੋਇ ਰਹਸੁ ਮਨਿ, ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥੨॥ (ਅਤੇ) ਜਿਸ ਨੂੰ ਦੇਖਦਿਆਂ (ਦਰਸ਼ਨ ਕਰਨ ਨਾਲ) ਮਨ ਵਿਚ ਬਹੁਤ ਅਨੰਦ ਹੁੰਦਾ ਹੈ, ਉਹ ਸੰਤਾਂ ਦਾ ਸਹਾਰਾ (ਵਾਹਿਗੁਰੂ ਦਾ ਰੂਪ) ਗੁਰੂ ਰਾਮ ਦਾਸ ਜੀ ਹੀ ਹਨ।੨।

ਪਦਾਰਥ = ਜਿਨਿ–ਜਿਸ (ਗੁਰੂ ਰਾਮਦਾਸ ਜੀ) ਨੇ।ਸੇਵਿ–ਸਿਮਰ ਕੇ; ਸੇਵਾ ਕਰਕੇ।ਪਦਾਰਥੁ–ਨਾਮ; ਗਿਆਨ ਦਾ ਪਦਾਰਥ। ਪਾਯਉ–ਪਾਇਆ।ਨਿਸਿ ਬਾਸੁਰ–ਰਾਤ ਦਿਨ; ਅੱਠੇ ਪਹਿਰ ਭਾਵ ਹਮੇਸ਼ਾਂ ਸੁਆਸ ਸੁਆਸ।ਨਿਵਾਸੁ–ਟਿਕਾਣਾ।ਤਾ ਤੇ–ਇਸ ਕਰ ਕੇ; ਉਸ ਤੋਂ।ਸਘਨ–ਸਭ; ਬਹੁਤ।ਭਾਇ–ਪ੍ਰੇਮ; ਆਦਰ।ਭਉ ਮਾਨਹਿ–ਭੈ ਮੰਨਦੇ ਹਨ।ਤੁਮ–ਤੁਸੀਂ।ਮਲੀਆਗਰ–(ਤਾਮਿਲਨਾਡੂ ਦੇ ਗੰਜਮ ਜਿਲ੍ਹੇ ਵਿਚ) ਮਲਯ ਪਹਾੜ ਦੇ ਆਸ ਪਾਸ ਦਾ ਇਲਾਕਾ, ਜਿਥੇ ਉਤਮ ਕਿਸਮ ਦਾ ਬਾਵਨ ਚੰਦਨ ਹੁੰਦਾ ਹੈ।ਸੁਬਾਸੁ–ਮਹਿਕ। ਜਿਹ ਪਿਖਤ–ਜਿਸ ਨੂੰ ਦੇਖਦਿਆਂ।ਲੈਤ–ਲੈਣ ਕਰਕੇ।ਉਪਜੵੋ–(ਉਪਜਇਅਉ ਉਚਾਰੋ) ਉਪਜਿਆ (ਪੈਦਾ ਹੋਇਆ)।ਜੁ–ਜੋ।ਅਤਿ–ਅਤੀ; ਬਹੁਤ।ਰਹਸੁ–ਖਿੜਾਉ; ਅਨੰਦ।ਮਨਿ–ਮਨ ਵਿਚ।ਸੋਈ–ਉਹ।ਸੰਤ ਸਹਾਰੁ–ਸੰਤਾਂ ਦਾ ਸਹਾਰਾ।੨।

ਨਾਨਕਿ ਨਾਮੁ ਨਿਰੰਜਨ ਜਾਨੵਉ ,ਕੀਨੀ ਭਗਤਿ ਪ੍ਰੇਮ ਲਿਵ ਲਾਈ ॥ ਗੁਰੂ ਨਾਨਕ ਦੇਵ ਜੀ ਨੇ ਮਾਇਆ ਤੋਂ ਰਹਿਤ ਵਾਹਿਗੁਰੂ ਦੇ ਨਾਮ ਨੂੰ ਜਾਣਿਆ ਅਤੇ ਪ੍ਰੇਮ ਸਹਿਤ ਲਿਵ ਲਾ ਕੇ ਭਗਤੀ ਕੀਤੀ।

ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ,ਤਿਨਿ ਸਬਦ ਸੁਰਤਿ ਕੀ ਨੀਵ ਰਖਾਈ ॥ ਉਸ (ਗੁਰੂ ਨਾਨਕ ਦੇਵ ਜੀ) ਤੋਂ ਗੁਰੂ ਅੰਗਦ ਦੇਵ ਜੀ ਸਮੁੰਦਰ ਰੂਪ ਹੋਏ, ਜੋ ਉਨ੍ਹਾਂ ਦੀ ਹਜੂਰੀ ਵਿਚ ਰਹੇ; ਹਰੀ ਦਾ ਜਸ ਕਰਨ ਵਾਲੇ ਸ਼ਾਇਰ (ਕਵੀ) ਹੋ ਗਏ (ਫ. ਸ.), ਜਿਨ੍ਹਾਂ ਨੇ (ਗੁਰੂ ਨਾਨਕ ਦੇਵ ਜੀ ਦੇ ਉਚਾਰੇ ਹੋਏ) ਸ਼ਬਦ ਵਿਚ ਬਿਰਤੀ ਜੋੜਨ ਦੀ ਨੀਂਹ (ਕਾਇਮ) ਰੱਖੀ।

ਗੁਰ ਅਮਰਦਾਸ ਕੀ ਅਕਥ ਕਥਾ ਹੈ, ਇਕ ਜੀਹ ਕਛੁ ਕਹੀ ਨ ਜਾਈ ॥ ਗੁਰੂ ਅਮਰਦਾਸ ਜੀ ਦੀ ਕਥਾ ਅਕਹਿ ਹੈ, ਜੀਭ ਇਕ ਹੈ (ਕਥਾ ਬਿਅੰਤ ਹੈ, ਇਸ ਤੋਂ ਮਹਿਮਾਂ) ਕੁਛ ਕਹੀ ਨਹੀਂ ਜਾ ਸਕਦੀ।

ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ, ਅਬ ਗੁਰ ਰਾਮ ਦਾਸ ਕਉ ਮਿਲੀ ਬਡਾਈ ॥੩॥ ਹੁਣ (ਗੁਰੂ ਅਮਰਦਾਸ ਜੀ ਪਾਸੋਂ) ਸੋਢੀ ਗੁਰੂ ਰਾਮਦਾਸ ਜੀ ਨੂੰ ਸਾਰੀ ਸ੍ਰਿਸਟੀ ਨੂੰ ਤਾਰਨ ਵਾਸਤੇ (ਗੁਰਤਾ ਗੱਦੀ ਦੀ) ਵਡਿਆਈ ਮਿਲੀ ਹੈ।੩।

ਪਦਾਰਥ = ਨਾਨਕਿ–(ਗੁਰੂ) ਨਾਨਕ ਦੇਵ ਜੀ ਨੇ।ਨਿਰੰਜਨ–ਮਾਯਾ ਤੋਂ ਰਹਿਤ ਪ੍ਰਭੂ।ਜਾਨੵਉ–(ਜਾਨਿਅਉ ਬੋਲੋ) ਜਾਣਿਆ।ਲਿਵ ਲਾਈ–ਬਿਰਤੀ ਜੋੜ ਕੇ।ਤਾ ਤੇ–ਉਸ (ਗੁਰੂ ਨਾਨਕ ਦੇਵ ਜੀ) ਤੋਂ।ਅੰਗਦੁ–ਗੁਰੂ ਅੰਗਦ ਦੇਵ ਜੀ।ਅੰਗ ਸੰਗਿ–ਨਾਲ ਰਹਿ ਕੇ; ਹਜੂਰੀ ਵਿਚ ਰਹਿ ਕੇ; ਆਤਮਾ ਨਾਲ ਮਿਲਕੇ।ਭਯੋ–(ਭਇਅਉ ਬੋਲੋ) ਹੋਏ।ਸਾਇਰੁ–ਕਵੀ; ਸਮੁੰਦਰ (ਅਥਾਹ ਗੁਣਾਂ ਵਾਲੇ ਹੋ ਗਏ, ਸਮੁੰਦਰ ਵਾਂਗ ਅਹਿੱਲ ਧੀਰਜਵਾਨ)।ਸਬਦ ਸੁਰਤਿ–ਆਤਮ ਸਰੂਪ ਵਿਚ ਲੀਨ ਹੋਣ ਵਾਲੀ ਬੁਧੀ; ਗੁਰ ਸ਼ਬਦ ਵਿਚ ਜੁੜੀ ਹੋਈ ਬਿਰਤੀ।ਨੀਵ ਰਖਾਈ–ਨੀਂਹ ਕਾਇਮ ਰੱਖੀ।ਦੂਜਾ ਪਾਠ 'ਕੀਨੀ ਵਰਖਾਈ' ਹੈ = ਗੁਰੂ ਨਾਨਕ ਦੇਵ ਦੇ ਉਪਦੇਸ਼ ਦੀ ਸ੍ਰੋਤਿਆਂ ਦੀ ਸੁਰਤ ਵਿਚ ਵਰਖਾ ਕੀਤੀ, (ਗੁਰੂ ਨਾਨਕ ਦੇਵ ਦੀ ਸਿਖਿਆ ਨੂੰ ਸੰਗਤਾਂ ਵਿਚ ਖੁਲ੍ਹਾਂ ਵੰਡਿਆ)।ਅਕਥ ਕਥਾ–ਉਹ ਕਥਾ ਜੋ ਬਿਆਨ ਨਾ ਕੀਤੀ ਜਾ ਸਕੇ।ਜੀਹ–ਜੀਭ।ਸੋਢੀ–ਗੁਰੂ ਰਾਮਦਾਸ ਜੀ ਦੀ ਕੁਲ ਦਾ ਨਾਮ ਹੈ।ਸਕਲ–ਸਗਲ; ਸਾਰੀ।ਤਾਰਣ ਕਉ–ਤਾਰਨ ਲਈ ।ਅਬ–ਹੁਣ।ਕਉ–ਨੂੰ।ਮਿਲੀ ਬਡਾਈ–(ਗੁਰਤਾ ਗੱਦੀ ਦੀ) ਵਡਿਆਈ ਮਿਲੀ।੩।

ਵਿਆਖਿਆ = ਗੁਰੂ ਨਾਨਕ ਦੇਵ ਜੀ ਨਿਰੰਕਾਰ ਦੀ ਭਗਤੀ ਕਰਕੇ ਨਿਰੰਕਾਰ ਦਾ ਹੀ ਰੂਪ ਹੋ ਗਏ।ਗੁਰੂ ਨਾਨਕ ਦੇਵ ਜੀ ਦੇ ਅੰਗ ਸੰਗ ਰਹਿ ਕੇ ਹੁਕਮ ਮੰਨਣ ਦੀ ਮਹਾਨ ਸੇਵਾ ਗੁਰੂ ਅੰਗਦ ਦੇਵ ਜੀ ਨੇ ਕੀਤੀ।ਜੋ ਹੁਕਮ ਗੁਰੂ ਨਾਨਕ ਦੇਵ ਜੀ ਦੇ ਪੁਤ੍ਰ ਜਾਂ ਹੋਰ ਸਿਖ ਨਹੀ ਮੰਨ ਸਕੇ, ਉਹ ਬਾਬਾ ਲਹਿਣਾ ਜੀ ਮੰਨ ਕੇ ਗੁਰੂ ਨਾਨਕ ਦਾ ਹੀ ਰੂਪ ਹੋ ਗਏ।ਗੁਰੂ ਨਾਨਕ ਦੀ ਮਹਾਨ ਸਿਖਿਆ ਨੂੰ ਅਪਣਾ ਕੇ

ਅਥਾਹ ਸਮੁੰਦਰ ਰੂਪ ਹੀ ਬਣ ਗਏ। ਸ਼ਬਦ ਸੁਰਤ ਦੀ ਨੀਂਹ ਰਖੀ ਤਾਂ ਗੁਰੂ ਨਾਨਕ ਦੇਵ ਜੀ ਨੇ ਸੀ, {ਗੁਰੁ ਨਾਨਕੁ ਸਚੁ ਨੀਵ ਸਾਜਿ, ਸਤਿਗੁਰ ਸੰਗਿ ਲੀਣਾ ੧੪੦੭} ਪਰ ਗੁਰੂ ਅੰਗਦ ਦੇਵ ਜੀ ਨੇ ਕਰੜੀ ਪ੍ਰੀਖਿਆ ਵਿਚੋਂ ਪੂਰੇ ਨੰਬਰ ਲੈ ਕੇ ਸ਼ਬਦ ਸੁਰਤ ਦੀ ਨੀਂਹ ਨੂੰ ਕਾਇਮ ਰੱਖਿਆ ਹੈ। ਨੀਵ ਰਖਾਈ ਹੀ ਪੁਰਾਣਾ ਸੰਪ੍ਰਦਾਈ ਟਕਸਾਲੀ ਪਾਠ ਹੈ, ਸ਼ਬਦਾਰਥ ਨੇ ਵੀ ਇਹੀ ਪਾਠ ਰਖਿਆ ਹੈ। ਸਬਦ ਦਾ ਦੱਦਾ ਮੁਕਤਾ ਹੈ, ਸੁਰਤਿ ਦੇ ਤੱਤੇ ਨੂੰ ਸਿਹਾਰੀ ਹੈ ਤੇ ਅਰਥ ਇਹ ਵੀ ਬਣ ਸਕਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਅਪਨੀ ਸੁਰਤ ਵਿਚ ਸ਼ਬਦ ਦੀ ਨੀਂਹ (ਗੁਰੂ ਨਾਨਕ ਦੇਵ ਜੀ ਤੋਂ) ਰਖਾਈ। ਗੁਰੂ ਅਮਰਦਾਸ ਜੀ ਦੀ ਉਮਰ ਜਿਆਦਾ ਹੋਣ ਦੇ ਬਾਵਜੂਦ ਵੀ ਜਿਸ ਲਗਨ ਅਤੇ ਦ੍ਰਿੜਤਾ ਨਾਲ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ, ਉਹ ਇਕ ਜੀਭ ਨਾਲ ਬਿਆਨ ਕਰਨੀ ਅਸੰਭਵ ਹੈ। ਕੁੜਮਾਂ ਦੇ ਘਰ ਰਹਿਣ ਬਾਰੇ ਲੋਕਾਂ ਦੀਆਂ ਗੱਲਾਂ, ਜੁਲਾਹੇ ਦੇ ਘਰ ਵਾਲੀ ਦੇ ਕੁਬੋਲ, ਦਾਤੂ ਅਤੇ ਦਾਸੂ ਦੀ ਵਿਰੋਧਤਾ ਆਦਿ ਦੀ ਕਥਾ ਬਿਆਨ ਕਰਨੀ ਅਸੰਭਵ ਹੈ। ਕੀਰਤ ਭੱਟ ਜੀ ਆਖਦੇ ਹਨ ਕਿ ਹੁਣ ਸਾਰੀ ਦੁਨੀਆਂ ਦੇ ਲੋਕਾਂ ਨੂੰ ਤਾਰਣ ਵਾਸਤੇ ਸੋਢੀ ਵੰਸ਼ ਦੇ ਸੂਰਜ ਗੁਰੂ ਰਾਮਦਾਸ ਜੀ ਨੂੰ ਗੁਰਤਾ ਦੀ ਵਡਿਆਈ ਮਿਲੀ ਹੈ।੩।

ਹਮ ਅਵਗੁਣਿ ਭਰੇ, ਏਕੁ ਗੁਣੁ ਨਾਹੀ ॥ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥ ਮਾਯਾ ਮੋਹ ਭਰਮ ਪੈ ਭੂਲੇ, ਸੁਤੁ ਦਾਰਾ ਸਿਉ ਪ੍ਰੀਤਿ ਲਗਾਈ ॥ (ਹੇ ਗੁਰੂ ਰਾਮਦਾਸ ਜੀ!) ਅਸੀਂ (ਸਾਰੇ ਭੱਟ) ਅਉਗਣਾਂ ਨਾਲ ਭਰੇ ਪਏ ਹਾਂ ਅਤੇ ਸਾਡੇ ਵਿਚ ਇਕ ਵੀ (ਕੋਈ ਚੰਗਾ) ਗੁਣ ਨਹੀਂ ਹੈ। ਨਾਮ ਅੰਮ੍ਰਿਤ ਛੱਡ ਕੇ (ਅਸੀਂ ਹੁਣ ਤਕ) ਵਿਸ਼ਿਆਂ ਦੀ ਵਿਹੁ ਹੀ ਖਾਧੀ ਹੈ। ਮਾਇਆ ਦੇ ਮੋਹ ਕਰਕੇ ਭਰਮਾਂ ਵਿਚ ਪੈ ਕੇ (ਵਾਹਿਗੁਰੂ ਨੂੰ) ਭੁੱਲ ਗਏ ਹਾਂ, ਇਸਤ੍ਰੀ ਤੇ ਪੁਤ੍ਰ ਨਾਲ ਪ੍ਰੀਤ ਲਾਈ ਹੋਈ ਹੈ।

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ, ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥ ਇਕੁ ਅਰਦਾਸਿ ਭਾਟ ਕੀਰਤਿ ਕੀ, ਗੁਰ ਰਾਮਦਾਸ ਰਾਖਹੁ ਸਰਣਾਈ ॥੪॥੫੮॥ (ਹੇ ਗੁਰੂ ਜੀਓ! ਅਸੀਂ) ਗੁਰੂ ਦੀ ਸੰਗਤ ਵਾਲਾ (ਨਿਰੰਕਾਰ ਨੂੰ ਮਿਲਣ ਦਾ) ਇਕ ਉਤਮ ਰਸਤਾ ਸੁਣਿਆ ਹੈ, ਉਸ (ਉਤਮ ਪੰਥ ਵਿਚ) ਮਿਲ ਕੇ ਅਸੀਂ ਜਮਾਂ ਦਾ ਡਰ ਮਿਟਾ ਦਿਤਾ ਹੈ। ਕੀਰਤ ਭੱਟ ਦੀ ਇਕ (ਇਹ) ਅਰਦਾਸ ਹੈ ਕਿ ਹੇ ਗੁਰੂ ਰਾਮਦਾਸ ਜੀ! (ਸਾਨੂੰ ਅਪਣੀ) ਸ਼ਰਣ ਵਿਚ ਰਖੋ ਜੀ।੪।੫੮।

ਪਦਾਰਥ = ਹਮ–ਅਸੀਂ। ਭਰੇ–ਭਰੇ ਹੋਏ ਹਾਂ। ਛਾਡਿ–ਛੱਡ ਕੇ। ਬਿਖੈ ਬਿਖੁ–ਵਿਸ਼ਿਆਂ ਦੀ ਵਿਹੁ; ਵਿਹੁ ਹੀ ਵਿਹੁ। ਖਾਈ–ਖਾਧੀ ਹੈ। ਭਰਮ ਪੈ–ਭਰਮਾਂ ਵਿਚ ਪੈ ਕੇ। ਸੁਤ–ਪੁਤ੍ਰ। ਦਾਰਾ ਸਿਉ–ਇਸਤ੍ਰੀ ਨਾਲ। ਪੰਥੁ–ਰਸਤਾ। ਤਿਹ ਮਿਲੰਤ–ਉਸ ਵਿਚ ਮਿਲ ਕੇ। ਜਮ ਤ੍ਰਾਸ –ਜਮਾਂ (ਮੌਤ) ਦਾ ਡਰ। ਭਾਟ ਕੀਰਤਿ ਕੀ–ਕੀਰਤ ਭੱਟ ਦੀ। ਗੁਰ ਰਾਮਦਾਸ–ਹੇ ਗੁਰੂ ਰਾਮਦਾਸ ਜੀ!।੮।੫੮।

ਵਿਆਖਿਆ = ਭੱਟ ਕੀਰਤ ਜੀ ਅਪਣੇ ਅਉਗਣਾਂ ਵੱਲ ਝਾਤੀ ਮਾਰਦੇ ਹੋਏ ਗੁਰੂ ਜੀ ਅੱਗੇ ਸਿਖੀ ਵਿਚ ਆਉਣ ਤੋਂ ਪਹਿਲਾਂ ਦੀ ਵਿਥਿਆ ਸੁਣਾ ਰਹੇ ਹਨ। ਵਿਕਾਰਾਂ ਵਿਚ ਪੈ ਕੇ ਰੱਬ ਨੂੰ ਭੁੱਲੀ ਬੈਠੇ ਸਾਂ, ਅਮਰ ਕਰਨ ਵਾਲਾ ਨਾਮ ਛੱਡ ਕੇ ਇਸਤ੍ਰੀ ਪੁਤ੍ਰ ਦੇ ਪਿਆਰ ਨੂੰ ਹੀ ਜੀਵਨ ਦਾ ਅਸਲੀ ਮਨੋਰਥ ਸਮਝਿਆ ਹੋਇਆ ਸੀ। ਹੁਣ ਆਪ ਜੀ ਦੀ ਸੰਗਤ ਵਿਚ ਆ ਕੇ ਸਿਖ ਪੰਥ ਦੀ ਉਚਤਾ ਦਾ ਪਤਾ ਲੱਗਾ। ਜਿਸ ਵਿਚ ਸ਼ਾਮਲ ਹੋ ਕੇ ਅਸੀਂ ਮੌਤ ਦਾ ਭੈ ਮਿਟਾ ਲਿਆ ਹੈ। ਕੀਰਤ ਜੀ ਸਾਰੇ ਭੱਟਾਂ ਵੱਲੋਂ ਅਰਦਾਸ ਕਰਦੇ ਹਨ, ਹੇ ਗੁਰੂ ਰਾਮਦਾਸ ਜੀ! ਸਾਨੂੰ ਸਦਾ ਅਪਣੀ ਸ਼ਰਣ ਵਿਚ ਰਖੋਂ ਜੀ।੪।੫੮।

ਇਥੇ ਕੀਰਤ ਭੱਟ ਦੇ ਚਾਰ ਸਵਯੇ ਪੂਰੇ ਹੁੰਦੇ ਹਨ, ਅੱਗੇ ਦੋ ਸਵਯੇ ਸਲ੍ਹ ਭੱਟ ਦੇ ਸ਼ੁਰੂ ਹੁੰਦੇ ਹਨ।

ਮੋਹੁ ਮਲਿ ਬਿਵਸਿ ਕੀਅਉ ,ਕਾਮੁ ਗਹਿ ਕੇਸ ਪਛਾੜ੍ਹਉ ॥ (ਹੇ ਗੁਰੂ ਰਾਮਦਾਸ ਜੀ! ਆਪ ਜੀ ਨੇ) ਮੋਹ ਨੂੰ ਮਸਲ ਕੇ ਚੰਗੀ ਤਰ੍ਹਾਂ ਵਸ ਵਿਚ ਕੀਤਾ ਹੈ ਅਤੇ ਕਾਮ ਨੂੰ ਕੇਸਾਂ ਤੋਂ ਫੜ ਕੇ ਪਟਕਾ ਮਾਰਿਆ (ਜੋਰ ਨਾਲ ਭੁੰਞੇ ਸੁੱਟ ਦਿਤਾ) ਹੈ।

ਕ੍ਰੋਧੁ ਖੰਡਿ ਪ੍ਰਚੰਡਿ, ਲੋਭੁ ਅਪਮਾਨ ਸਿਉ ਝਾੜ੍ਹਉ ॥ (ਆਪ ਜੀ ਨੇ) ਕ੍ਰੋਧ ਨੂੰ ਅਪਣੇ (ਆਤਮਕ) ਤੇਜ ਨਾਲ ਟੋਟੇ ਟੋਟੇ ਕਰ ਦਿਤਾ ਅਤੇ ਲੋਭ ਨੂੰ ਨਿਰਾਦਰੀ ਨਾਲ ਝਾੜ ਕੇ ਪਰ੍ਹਾਂ ਸੁੱਟ ਦਿਤਾ ਹੈ।

ਜਨਮੁ ਕਾਲੁ ਕਰ ਜੋੜਿ, ਹੁਕਮੁ ਜੋ ਹੋਇ ਸੁ ਮੰਨੈ ॥ ਜਨਮ ਤੇ ਮੌਤ (ਆਵਾਗੌਣ) ਹੱਥ ਜੋੜ ਕੇ (ਆਪ ਦੇ ਅੱਗੇ ਖੜੇ ਰਹਿੰਦੇ ਹਨ, ਇਹ) ਜੋ ਆਪ ਦਾ ਹੁਕਮ ਹੁੰਦਾ ਹੈ, ਉਹ ਹੀ ਮੰਨਦੇ ਹਨ।

ਭਵ ਸਾਗਰੁ ਬੰਧਿਅਉ, ਸਿਖ ਤਾਰੇ ਸੁਪ੍ਰਸੰਨੈ ॥ (ਆਪ ਨੇ) ਸੰਸਾਰ ਸਾਗਰ ਤੇ (ਨਾਮ ਦਾ) ਪੁਲ ਬੰਨ੍ਹਿਆ ਹੈ (ਉਸ ਪੁਲ ਰਾਹੀਂ ਆਪ ਨੇ) ਪ੍ਰਸੰਨ ਹੋ ਕੇ ਸਿੱਖਾਂ ਨੂੰ ਤਾਰ ਦਿਤਾ; ਸੰਸਾਰ ਸਾਗਰ ਨੂੰ ਆਪ ਜੀ ਨੇ ਬੰਨ੍ਹ ਦਿਤਾ ਭਾਵ ਹੁਕਮ ਵਿਚ ਕਰ ਲਿਆ ਹੈ ਤੇ ਸਦਾ ਪ੍ਰਸੰਨ ਰਹਿਣ ਵਾਲੇ ਗੁਰੂ ਜੀ ਨੇ ਸਿੱਖਾਂ ਨੂੰ (ਭਵ ਸਾਗਰ ਤੋਂ) ਤਾਰ ਦਿਤਾ ਹੈ।

ਸਿਰਿ ਆਤਪਤੁ ਸਚੌ ਤਖਤੁ ,ਜੋਗ ਭੋਗ ਸੰਜੁਤੁ ਬਲਿ ॥ (ਆਪ ਜੀ ਦੇ) ਸਿਰ ਉਤੇ (ਜਸ ਰੂਪ ਪਾਤਸ਼ਾਹੀ) ਛਤਰ ਝੁਲ ਰਿਹਾ ਹੈ, (ਗੁਰਿਆਈ ਗੱਦੀ ਦੇ ਸਦਾ ਥਿਰ) ਸੱਚੇ ਤਖਤ ਉਤੇ ਆਪ ਰਾਜ ਜੋਗ ਤੇ ਭਗਤੀ ਜੋਗ ਦੋਹਾਂ ਦੇ ਬਲ ਸਹਿਤ ਬਿਰਾਜਮਾਨ ਹੋ (ਰਾਜ ਜੋਗ ਅਤੇ ਭਗਤੀ ਭੋਗ ਦੋਵੇਂ ਮਾਣਦੇ ਹੋ ਅਤੇ ਬਲਵਾਨ ਵੀ ਹੋ)।

ਗੁਰ ਰਾਮਦਾਸ ਸਚੁ ਸਲ੍ਯ ਭਣਿ, ਤੂ ਅਟਲੁ ਰਾਜਿ ਅਭਗੁ ਦਲਿ ॥੧॥ ਭੱਟ ਸਲ੍ਹ ਜੀ ਸੱਚ ਆਖਦੇ ਹਨ ਕਿ ਹੇ ਗੁਰੂ ਰਾਮਦਾਸ ਜੀ!

ਆਪ ਜੀ ਅਟੱਲ ਰਾਜ ਵਾਲੇ ਹੋ ਤੇ (ਦੈਵੀ ਸੰਪਦਾ ਰੂਪ) ਨਾਸ਼ ਰਹਿਤ (ਅਜਿੱਤ) ਫੌਜ ਵਾਲੇ ਹੋ।੧।

ਪਦਾਰਥ = ਮਲਿ-ਮਸਲ ਕੇ; ਮੱਲ-ਭਲਵਾਨ (ਪਰ ਮਲਿ ਦਾ ਜੋ ਅੱਖਰੀ ਸਰੂਪ ਹੈ, ਉਸ ਦਾ ਅਰਥ ਭਲਵਾਨ ਨਹੀ ਹੋ ਸਕਦਾ, ਜੇ ਲੱਲੇ ਨੂੰ ਔਂਕੜ ਨਾਲ ਮਲੁ ਸਰੂਪ ਹੁੰਦਾ ਤਾਂ ਭਲਵਾਨ ਅਰਥ ਬਣ ਸਕਦਾ ਸੀ); ਜੋਰ ਨਾਲ।ਬਿਵਸਿ-(ਬਿਵੱਸਿ ਬੋਲੋ) ਚੰਗੀ ਤਰ੍ਹਾਂ ਕਾਬੂ ਕਰ ਲਿਆ; ਬੇ ਵਸ ਕਰ ਦਿਤਾ (ਕੋਈ ਜੋਰ ਚਲਣ ਨਹੀਂ ਦਿਤਾ)।ਗਹਿ ਕੇਸ-(ਸੰਕਲਪ ਵਿਕਲਪ ਰੂਪ) ਕੇਸਾਂ ਤੋਂ ਫੜ ਕੇ। ਪਛਾੜ੍ਹਉ-(ਪਛਾੜਿਅਉ ਬੋਲੋ) ਜੋਰ ਨਾਲ ਪਟਕਾ ਕੇ ਥੱਲੇ ਸੁੱਟ ਦਿਤਾ।ਖੰਡਿ-ਟੋਟੇ ਕਰ ਦਿਤੇ।ਪਰਚੰਡਿ-(ਆਤਮਕ) ਤੇਜ ਨਾਲ; ਪ੍ਰਚੰਡ (ਤੇਜ ਤ੍ਰਾਰ) ਕ੍ਰੋਧ ਨੂੰ ਨਾਸ਼ ਕਰ ਦਿਤਾ।ਅਪਮਾਨ ਸਿਉ-ਨਿਰਾਦਰੀ ਨਾਲ।ਝਾੜ੍ਹਉ-(ਝਾੜਿਅਉ ਬੋਲੋ) ਝਾੜ ਝੰਬ ਕੀਤੀ; ਦੁਰਕਾਰ ਦਿਤਾ; ਝਿੜਕ ਦਿਤਾ; ਪਰ੍ਹਾਂ ਸੁੱਟ ਦਿਤਾ।ਕਾਲੁ-ਮੌਤ।ਕਰ ਜੋੜਿ-ਹੱਥ ਜੋੜ ਕੇ।ਸੁ ਮੰਨੈ-ਉਹ (ਮੰਨਦੇ) ਪ੍ਰਵਾਨ ਕਰਦੇ ਹਨ ।ਭਵ ਸਾਗਰੁ-ਸੰਸਾਰ ਸਮੁੰਦਰ ਨੂੰ।ਬੰਧਿਅਉ-ਬੰਨ੍ਹ ਦਿਤਾ ਭਾਵ ਹੁਕਮ ਵਿਚ ਕਰ ਲਿਆ।ਸਿਖ ਤਾਰੇ-ਸਿਖਾਂ ਨੂੰ ਤਾਰ ਦਿਤਾ ਹੈ। ਸੁਪ੍ਰਸੰਨੈ-ਸਦਾ ਪ੍ਰਸੰਨ ਰਹਿਣ ਵਾਲੇ ਗੁਰੂ ਨੇ; ਪ੍ਰਸੰਨ ਹੋ ਕੇ; ਬਹੁਤ ਅਨੰਦ; ਬਹੁਤ ਨਿਰਮਲ।ਸਿਰਿ-ਸਿਰ ਉਤੇ।ਆਤਪਤੁ-ਛਤਰ ਜਾਂ ਚੌਰ।ਸਚੌ ਤਖਤੁ-ਸਦਾ ਕਾਇਮ ਰਹਿਣ ਵਾਲਾ ਤਖਤ।ਸੰਜੁਤੁ-ਸੰਯੁਕਤ-ਸਹਿਤ; ਸਮੇਤ।ਬਲਿ-ਤਾਕਤ ਵਾਲੇ।ਸਲ੍ਯ-(ਸੱਲ੍ਯ ਬੋਲੋ) ਭੱਟ ਦਾ ਨਾਮ ਹੈ।ਭਨਿ-ਆਖਦਾ ਹੈ।ਅਟਲੁ ਰਾਜਿ-(ਅਟੱਲ ਬੋਲੋ) ਸਦਾ ਕਾਇਮ ਰਹਿਣ ਵਾਲੇ ਰਾਜ ਵਾਲਾ।ਅਭਗੁ ਦਲਿ-(ਅਭੱਗ ਬੋਲੋ) ਨਾਸ਼ ਰਹਿਤ ਦਲ; (ਦੈਵੀ ਸੰਪਦਾ ਦੀ) ਅਜਿੱਤ ਫੌਜ ਵਾਲੇ।੧।

ਵਿਆਖਿਆ = ਮੋਹ ਕਾਮ ਕ੍ਰੋਧ ਅਤੇ ਲੋਭ ਬੜੇ ਬਲਵਾਨ ਹਨ।ਬੜੇ ਬੜੇ ਰਿਸ਼ੀ ਮੁਨੀ, ਸਾਧੂ ਸੰਤ, ਦੇਵੀ ਦੇਵਤੇ ਇਨ੍ਹਾਂ ਸ਼ਤਰੂਆਂ ਤੋਂ ਹਾਰ ਗਏ।ਤ੍ਰੇਤੇ ਜੁਗ ਦੇ ਅਵਤਾਰੀ ਰਾਮ ਜੀ ਤੇ ਲਛਮਣ ਜਦ ਬਨਵਾਸ ਨੂੰ ਗਏ ਤਾਂ ਪਿਤਾ ਰਾਜਾ ਦਸਰਥ ਪੁਤ੍ਰਾਂ ਦੇ ਵਿਯੋਗ ਵਿਚ ਮਹਿਲਾਂ ਤੋਂ ਛਾਲ ਮਾਰ ਕੇ ਮਰ ਗਿਆ।ਕਾਮ ਨੇ ਸ਼ਿਵ, ਬ੍ਰਹਮਾ ਆਦਿਕਾਂ ਨੂੰ ਵੀ ਜਿਤ ਲਿਆ।ਪਰਸਰਾਮ ਅਤੇ ਦੁਰਬਾਸਾ ਹੋਰੀਂ ਬੜੇ ਕ੍ਰੋਧੀ ਸਨ।ਇਹ ਕਾਮਾਦਿਕ ਸ਼ਤਰੂ ਹੀ ਮਨੁੱਖ ਦਾ ਸੰਸਾਰ ਸਾਗਰ ਵਿਚ ਡੁੱਬਣ ਦਾ ਕਾਰਣ ਬਣਦੇ ਹਨ।ਪਰ ਗੁਰੂ ਰਾਮਦਾਸ ਜੀ ਨੇ ਭਵ ਸਾਗਰ ਨੂੰ ਅਪਣੇ ਹੁਕਮ ਵਿਚ ਕੀਤਾ ਹੋਇਆ ਹੈ ਅਤੇ ਸਿਖਾਂ ਨੂੰ ਡੁੱਬਣ ਨਹੀਂ ਦਿਤਾ, ਤਾਰ ਦਿਤਾ।ਸਲ੍ਯ ਜੀ ਆਖ ਰਹੇ ਹਨ ਹੇ ਗੁਰੂ ਰਾਮਦਾਸ ਜੀ! ਆਪ ਦਾ ਰਾਜ ਅਟੱਲ ਹੈ ਅਤੇ ਸਿੱਖਾਂ ਦੀ ਅਜਿੱਤ ਫੌਜ ਆਪ ਜੀ ਦੇ ਪਾਸ ਹੈ।੧।

ਤੂ ਸਤਿਗੁਰੁ ਚਹੁ ਜੁਗੀ, ਆਪਿ ਆਪੇ ਪਰਮੇਸਰੁ ॥ ਹੇ ਸੱਤਗੁਰੂ ਜੀ! ਤੁਸੀਂ ਆਪ ਚਾਰਾਂ ਜੁਗਾਂ ਵਿਚ ਆਪੇ ਪ੍ਰਮੇਸਰ ਦਾ ਰੂਪ ਹੋ; ਹੇ ਸਤਿਗੁਰੂ ਜੀ! ਚਹੁ ਜੁਗਾਂ ਵਿਚ (ਜੀਵਾਂ ਦਾ ਉਧਾਰ ਕਰਨ ਵਾਲੇ) ਤੁਸੀਂ ਹੀ ਹੋ, ਆਪ ਹੀ ਆਪ ਪ੍ਰਮੇਸਰ ਰੂਪ ਹੋ।

ਸੁਰਿ ਨਰ ਸਾਧਿਕ ਸਿਧ, ਸਿਖ ਸੇਵੰਤ ਧੁਰਹ ਧੁਰੁ ॥ ਦੇਵਤੇ, ਮਨੁੱਖ, ਸਾਧਨਾ ਕਰਨ ਵਾਲੇ ਸਾਧੂ, ਸਿਧ ਅਤੇ (ਤੁਹਾਡੇ) ਸਿੱਖ ਮੁੱਢ ਤੋਂ ਹੀ ਆਪ ਜੀ ਨੂੰ ਸਿਮਰਦੇ (ਆ ਰਹੇ) ਹਨ।

ਆਦਿ ਜੁਗਾਦਿ ਅਨਾਦਿ, ਕਲਾ ਧਾਰੀ ਤ੍ਰਿਹੁ ਲੋਅਹ ॥ ਆਪ ਆਦਿ ਹੋ, ਸਮਾਂ ਸ਼ੁਰੂ ਹੋਣ ਤੋਂ ਪਹਿਲਾਂ ਦੇ ਹੋ, ਆਦਿ ਰਹਿਤ ਹੋ (ਭਾਵ ਆਪ ਦੇ ਆਦਿ ਕਾਲ ਦਾ ਵੀ ਕੋਈ ਪਤਾ ਨਹੀਂ, ਆਪ ਜੀ ਨੇ ਹੀ) ਤਿਨਾਂ ਲੋਕਾਂ ਵਿਚ ਚੇਤਨ ਸੱਤਾ ਧਾਰਨ ਕੀਤੀ ਹੋਈ ਹੈ।

ਅਗਮ ਨਿਗਮ ਉਧਰਣ, ਜਰਾ ਜੰਮਿਹਿ ਆਰੋਅਹ ॥ ਮਨ ਬਾਣੀ ਦੀ ਗੰਮਤਾ ਤੋਂ ਪਰੇ ਹੋ, (ਹੇ ਸੱਤਗੁਰੂ! ਆਪ ਹੀ ਮੱਛ ਰੂਪ ਧਾਰ ਕੇ) ਵੇਦਾਂ ਨੂੰ ਬਚਾਇਆ ਸੀ ਅਤੇ ਬੁਢੇਪੇ ਤੇ ਜਮਾਂ ਉਤੇ ਸਵਾਰ ਹੋ (ਇਨ੍ਹਾਂ ਨੂੰ ਦਬਾ ਲਿਆ ਹੈ; ਇਹ ਆਪ ਨੂੰ ਪੋਹ ਨਹੀਂ ਸਕਦੇ)।

ਗੁਰ ਅਮਰਦਾਸਿ ਥਿਰੁ ਥਪਿਅਉ, ਪਰਗਾਮੀ ਤਾਰਣ ਤਰਣ ॥ (ਹੇ ਗੁਰੂ ਰਾਮਦਾਸ ਜੀ! ਆਪ ਜੀ ਨੂੰ) ਗੁਰੂ ਅਮਰਦਾਸ ਜੀ ਨੇ ਅਚੱਲ (ਸਦਾ ਕਾਇਮ ਰਹਿਣ ਵਾਲੀ ਗੁਰੂ ਪਦਵੀ ਉਤੇ) ਸਥਾਪਨ ਕੀਤਾ ਹੈ, ਆਪ ਵਾਹਿਗੁਰੂ ਸਰੂਪ ਨੂੰ ਪ੍ਰਾਪਤ ਹੋ; ਸੰਸਾਰ ਸਾਗਰ ਤੋਂ ਪਾਰ ਲੰਘੇ ਹੋਏ ਹੋ ਅਤੇ (ਸੰਸਾਰੀ ਜੀਵਾਂ ਨੂੰ) ਤਾਰਨ ਲਈ ਜਹਾਜ ਰੂਪ ਹੋ।

ਅਘ ਅੰਤਕ ਬਦੈ ਨ ਸਲ੍ਯ ਕਵਿ, ਗੁਰ ਰਾਮਦਾਸ ਤੇਰੀ ਸਰਣ ॥੨॥੬੦॥ ਸਲ੍ਯ ਕਵੀ ਜੀ ਆਖਦੇ ਹਨ, ਹੇ ਗੁਰੂ ਰਾਮਦਾਸ ਜੀ! (ਜੋ) ਤੇਰੀ ਸ਼ਰਣ ਆਇਆ ਹੈ (ਉਹ ਮਨੁੱਖ) ਪਾਪਾਂ ਤੇ ਜਮਾਂ ਨੂੰ ਨਹੀ ਮੰਨਦਾ ਜਾਂ ਪ੍ਰਵਾਹ ਨਹੀਂ ਕਰਦਾ।੨।੬੦।

ਅਘ ਅੰਤਕ ਬਦੈਨ ਸਲ੍ਯ ਕਵਿ = ੧. ਸਲ ਕਵੀ ਆਖਦਾ ਹੈ, ਹੇ ਗੁਰੂ ਰਾਮਦਾਸ ਜੀ! ਤੇਰੀ ਸ਼ਰਣ ਪਾਪਾਂ ਨੂੰ ਨਾਸ਼ ਕਰਨ ਵਾਲੀ ਹੈ (ਭਾ. ਵੀਰ ਸਿੰਘ ਜੀ ਨੇ ਦੋਵੇਂ ਅਰਥ ਕੀਤੇ ਹਨ)।੨. ਅਘ ਅੰਤਕ ਬਦੈਨ = ਪਾਪ ਨਾਸ਼ਕ ਕਹੇ ਜਾਂਦੇ ਹੋ।੩. ਅਘ ਅੰਤਕ ਬਦੈ ਨ = ਪਾਪਾਂ ਤੇ ਜਮਾਂ ਨੂੰ (ਕੁਛ ਵੀ) ਨਹੀ ਗਿਣਦਾ।

ਪਦਾਰਥ = ਚਹੁ ਜੁਗੀ-ਚਾਰ ਜੁੱਗਾਂ ਵਿਚ।ਆਪਿ ਆਪੇ-ਆਪੇ ਆਪ ਹੀ।ਸੁਰਿ-ਦੇਵਤੇ।ਨਰ-ਮਨੁੱਖ।ਸਾਧਿਕ-ਸਾਧਨਾ ਕਰਨ ਵਾਲੇ ਸਾਧੂ।ਸਿਧ-ਕਰਾਮਾਤੀ ਜੋਗੀ।ਸਿਖ-ਗੁਰੂ ਜੀ ਦੀ ਸਿਖਿਆ ਲੈਣ ਵਾਲੇ ਸਿਖ।ਸੇਵੰਤ-ਸਿਮਰਦੇ (ਜਾਂ ਸੇਂਵਦੇ) ਹਨ।ਧੁਰਹ ਧੁਰੁ-ਧੁਰ (ਜਦੋਂ ਤੋਂ ਸ੍ਰਿਸਟੀ ਬਣੀ ਹੈ ਉਦੋਂ) ਤੋਂ ਹੀ।ਅਨਾਦਿ-ਆਦਿ ਤੋਂ ਰਹਿਤ।ਕਲਾ ਧਾਰੀ-ਸ਼ਕਤੀ ਧਾਰਨ ਕੀਤੀ ਹੋਈ ਹੈ।ਤ੍ਰਿਹੁ ਲੋਅਹ-ਤਿੰਨਾਂ ਲੋਕਾਂ ਵਿਚ।ਅਗਮ-ਅਪਹੁੰਚ ਸੱਤਗੁਰੂ।ਨਿਗਮ-ਵੇਦਾਂ ਨੂੰ ('ਅਗਮ ਨਿਗਮ' ਦਾ ਅਰਥ ਦਰਪਣ ਤੇ ਕਈ ਹੋਰਾਂ ਨੇ ਸਾਸ਼ਤ੍ਰ ਅਤੇ ਵੇਦ ਵੀ ਕੀਤਾ ਹੈ।ਸੰਖ ਵਿਚੋਂ ਪੈਦਾ ਹੋਇਆ ਦੈਂਤ ਜਿਹੜਾ ਵੇਦ ਲੈ ਕੇ ਸਮੁੰਦਰ ਵਿਚ ਜਾ ਵੜਿਆ, ਵਿਸ਼ਨੂੰ ਨੇ ਮੱਛ ਅਵਤਾਰ

ਧਾਰ ਕੇ ਸੰਖਾ ਸੁਰ ਨੂੰ ਮਾਰਿਆ ਅਤੇ ਵੇਦਾਂ ਨੂੰ ਬਚਾਇਆ ਸੀ, ਸ਼ਾਸ਼ਤ੍ਰਾਂ ਨੂੰ ਨਹੀਂ)।ਉਧਰਣ–ਬਚਾਇਆ।ਜਰਾ–ਬੁਢੇਪਾ।ਜੰਮਿਹਿ–ਜਮਾਂ; ਜਨਮ (ਮਰਣ) ਉਤੇ।ਆਰੋਅਹ–ਸਵਾਰ ਹੋ।ਥਿਰੁ–ਅਚੱਲ।ਥਪਿਅਉ–ਸਥਾਪਨ ਕੀਤਾ; ਬਿਠਾਇਆ।ਪਰਗਾਮੀ–ਸੰਸਾਰ ਸਾਗਰ (ਜਾਂ ਸੰਸਾਰ ਰੂਪ ਪਿੰਡ) ਤੋਂ ਪਾਰ ਲੰਘਿਆ ਹੋਇਆ; ਜੋ ਸੰਸਾਰ ਵਿਚ ਲਿਪਾਇਮਾਨ ਨਹੀਂ; ਸੰਸਾਰਕ ਬਿਰਤੀਆਂ ਤੋਂ ਪਾਰ ਹੋਣ ਵਾਲਾ; ਪੂਰਨ ਪੁਰਖ; ਪੂਰਾ ਗੁਰੂ।ਤਾਰਣ–ਤਾਰਨ ਲਈ।ਤਰਣ–ਜਹਾਜ ਰੂਪ।ਅਘ–ਪਾਪ।ਅੰਤਕ–ਜਮ; ਅੰਤ (ਨਾਸ਼) ਕਰਨ ਵਾਲੇ।ਬਦੈ ਨ–ਨਹੀਂ ਮੰਨਦਾ; ਨਹੀਂ ਗਿਣਦਾ; ਪ੍ਰਵਾਹ ਨਹੀਂ ਕਰਦਾ; (ਬਦੈਨ–ਆਖਦਾ ਹੈ; ਕਹੇ ਜਾਂਦੇ ਹੋ); ਅੰਤ ਕਬ ਦੈਨ–(ਪਾਪਾਂ ਦਾ) ਅੰਤ ਕਰਨ ਵਾਲੇ ਤੇ (ਸਾਨੂੰ) ਕਵਿਤਾ ਦੇਣ ਵਾਲੇ ਹੋ।੨।੬੦।

ਵਿਆਖਿਆ = ਕਵਿਤਾ ਰਚਣ ਦੇ ਅਰੰਭ ਵਿਚ ਅਤੇ ਅੰਤ ਵਿਚ ਅਪਣੇ ਇਸ਼ਟ ਦੇਵ ਦਾ ਮੰਗਲ ਕਰਨਾ ਕਵੀਆਂ ਦੀ ਪੁਰਾਤਨ ਪਰੰਪਰਾ ਹੈ।ਗੁਰੂ ਸਾਹਿਬਾਨਾਂ, ਭਗਤਾਂ ਅਤੇ ਭੱਟ ਕਵੀਆਂ ਨੇ ਵੀ ਅਪਣੀ ਬਾਣੀ ਰਚਣ ਸਮੇਂ ਆਦਿ ਅੰਤ ਵਿਚ ਅਪਣੇ ਇਸ਼ਟ ਦੇਵ ਦੇ ਮੰਗਲ ਰਚੇ ਹਨ।ਇਸ ਸਵੱਈਏ ਵਿਚ ਵੀ ਸਲ੍ਹ ਕਵੀ ਜੀ ਅਕਾਲ ਪੁਰਖ ਦੇ ਰੂਪ ਗੁਰੂ ਰਾਮਦਾਸ ਜੀ ਦਾ ਮੰਗਲ ਕਰਦੇ ਹਨ। ਨਿਰੰਕਾਰ ਆਦਿ ਗੁਰੂ ਹੈ, ਪਹਿਲੇ ਜੁਗਾਂ ਵਿਚ ਭਗਤਾਂ ਦੀ ਰਖਿਆ, ਪਾਪ ਨਾਸ਼ ਕਰਨ ਲਈ ਅਪਣੀ ਸ਼ਕਤੀ ਦੇ ਕੇ ਕਿਸੇ ਦੇਵਤੇ ਜਾਂ ਮਹਾਂ ਪੁਰਖ ਨੂੰ ਘੱਲਦਾ ਰਿਹਾ ਹੈ।ਅਕਾਲ ਪੁਰਖ ਆਪ ਤਾਂ ਅਜੂਨੀ, ਅਜਨਮਾ ਹੈ, ਪਰ ਉਸਦੀ ਅਨੰਤ ਕਲਾ ਰੂਪ ਗੁਰ ਜੋਤੀ, ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਕਾਸ਼ਮਾਨ ਹੋਈ।ਪਹਿਲੇ ਜੁਗਾਂ ਦੇ ਅਵਤਾਰਾਂ ਵਿਚ ਵਰਤ ਰਹੀ ਅਕਾਲ ਪੁਰਖ ਦੀ ਸੱਤਾ ਅਤੇ ਹੁਣ ਕਲਜੁਗ ਵਿਚ ਗੁਰੂ ਨਾਨਕ ਦੇਵ ਜੀ ਦੇ ਰੂਪ ਵਾਲੀ ਸੱਤਾ ਨੂੰ ਭੱਟ ਅਪਣੇ ਸਵੱਯਾਂ ਵਿਚ ਇਕ ਰੂਪ ਦਸ ਰਹੇ ਹਨ।ਸਲ੍ਹ ਜੀ ਆਖਦੇ ਹਨ ਕਿ ਹੇ ਨਿਰੰਕਾਰ ਤੂੰ ਹੀ ਅਪਣੀ ਸੱਤਾ ਨਾਲ ਸਾਰੇ ਜੁਗਾਂ ਵਿਚ ਲੋਕਾਂ ਦੇ ਦੁੱਖ ਦਰਦ ਪਾਪ ਨਾਸ਼ ਕਰਕੇ ਰਖਿਆ ਕਰਦਾ ਰਿਹਾ ਹੈਂ ।ਓਹੀ ਨਿਰੰਕਾਰ ਦੀ ਅਨੰਤ ਕਲਾ ਹੁਣ ਗੁਰੂ ਰਾਮਦਾਸ ਜੀ ਦਾ ਰੂਪ ਧਾਰ ਕੇ ਲੋਕਾਂ ਦਾ ਪਾਰ ਉਤਾਰਾ ਕਰ ਰਹੀ ਹੈ।ਅਗਮ ਨਿਗਮ ਦਾ ਅਰਥ ਕਰੀਬ ਕਰੀਬ (ਦਰਪਣ ਸਣੇ) ਸਭ ਨੇ ਸ਼ਾਸਤ੍ਰ ਤੇ ਵੇਦ ਕੀਤਾ ਹੈ।ਸੰਖ ਵਿਚੋਂ ਪੈਦਾ ਹੋਇਆ ਸੰਖਾਸੁਰ ਸਤਿਜੁਗ ਵਿਚ ਵੇਦ ਚੁਰਾ ਕੇ ਸਾਗਰ ਵਿਚ ਲੈ ਗਿਆ।ਵਿਸ਼ਨੂੰ ਨੇ ਮੱਛ ਅਵਤਾਰ ਧਾਰ ਕੇ ਸੰਖਾਸੁਰ ਨੂੰ ਮਾਰਿਆ ਤੇ ਵੇਦ ਵਾਪਸ ਲਿਆਂਦੇ {ਸੰਖਾਸੁਰ ਮਾਰੇ ਵੇਦ ਉਧਾਰੇ...(ਮੱਛ ਅਵਤਾਰ ਦਸਮ ਗ੍ਰੰਥ)}।ਗੁਰੂ ਅਮਰਦਾਸ ਜੀ ਨੇ ਸਦਾ ਕਾਇਮ ਰਹਿਣ ਵਾਲੇ ਗੁਰਿਆਈ ਦੇ ਤਖਤ ਉਤੇ ਗੁਰੂ ਰਾਮਦਾਸ ਜੀ ਨੂੰ ਬਿਠਾ ਦਿਤਾ।ਸਲ ਜੀ ਕਹਿੰਦੇ ਹਨ ਕਿ ਹੇ ਗੁਰੂ ਰਾਮਦਾਸ ਜੀ! ਅਸੀ ਆਪ ਜੀ ਦੀ ਸ਼ਰਣ ਆਏ ਹਾਂ, ਪਾਪਾਂ ਤੇ ਮੌਤ ਦੀ ਹੁਣ ਸਾਨੂੰ ਪ੍ਰਵਾਹ ਨਹੀ।੨।੬੦।

ਹੇ ਗੁਰੂ ਰਾਮਦਾਸ ਸਾਹਿਬ ਜੀ! ਭੱਟ ਗੁਰਮੁਖ ਜਨਾਂ ਨੇ ਉਚਾਰਣ ਕੀਤੇ ਸਵੱਯਾਂ ਵਿਚ ਬਹੁਤ ਪਿਆਰ ਅਤੇ ਸ਼ਰਧਾ ਸਹਿਤ ਆਪ ਜੀ ਦੀ ਉਸਤਤੀ ਕੀਤੀ ਹੈ।ਮੇਰੇ ਵਿਚ ਨਾ ਕੋਈ ਵਿਦਿਅਕ ਗੁਣ ਹੈ, ਨਾ ਬੁਧੀ।ਆਪ ਜੀ ਨੇ ਬਹੁਤ ਮਹਾਨ ਕਿਰਪਾ ਕੀਤੀ, ਮੇਰੇ ਸਿਰ ਤੇ ਅਪਣਾ ਮਿਹਰ ਭਰਿਆ ਹੱਥ ਰਖ ਕੇ ਇਨ੍ਹਾਂ ਸਵਈਆਂ ਦੇ ਅਰਥ ਲਿਖਵਾਏ ਹਨ।ਹੇ ਸੋਢੀ ਸੁਲਤਾਨ, ਹੇ ਪਾਤਸ਼ਾਹਾਂ ਦੇ ਸਹਿਨਸ਼ਾਹ, ਹੇ ਮੇਹਰਾਂ ਦੇ ਮਾਲਕ ਗੁਰੂ ਰਾਮਦਾਸ ਜੀਓ! ਅਰਥ ਲਿਖਦਿਆਂ ਪਤਾ ਨਹੀ ਕਿਤਨੀਆਂ ਕੁ ਗਲਤੀਆਂ ਹੋ ਗਈਆਂ ਹੋਣਗੀਆਂ।ਅਪਣੇ ਗੁਰ ਸਿਖ ਸੇਵਕਾਂ ਦਾ ਦਾਸ ਜਾਣ ਕੇ, ਹੇ ਸੱਤਗੁਰੂ ਜੀ! ਮੈਨੂੰ ਮੁਆਫ ਕਰ ਦਿਓ ਜੀ।ਹੇ ਪਾਤਸ਼ਾਹ! ਅੱਗੋਂ ਲਈ ਬਲ ਬੁਧੀ ਬਖਸ਼ ਕੇ ਸਹੀ ਅਰਥ ਲਿਖਾਉਣ ਦੀ ਕ੍ਰਿਪਾ ਕਰਨੀ ਜੀ।

ਬੈਠਾ ਸੋਢੀ ਪਾਤਸਾਹ ਰਾਮਦਾਸ ਸਤਿਗੁਰੂ ਕਹਾਵੈ।
ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚ ਜੋਤਿ ਜਗਾਵੈ।
ਭਾ.ਗੁਰਦਾਸ ਜੀ ਵਾਰ (੧ / ੪੭)

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ।
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ।
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ।
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ।
ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ। (੯੬੮)

ਭੁੱਲ ਚੁੱਕ ਲਈ ਖਿਮਾ ਦਾ ਜਾਚਕ = ਹਰਜਿੰਦਰ ਸਿੰਘ ਗਿਆਨੀ 01 JAN. 2009 7.25 P.M.